
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 39
January 8, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 14 ਜਨਵਰੀ ਨੂੰ 134ਵਾਂ ਜਨਮ ਦਿਨ ਦੇਸ਼ ਵਿਦੇਸ਼ ਵਿਚ ਮਨਾਇਆ ਜਾ ਰਿਹਾ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ।

### ਨਨਕਾਣਾ ਸਾਹਿਬ ਵਿਵਾਦ

## ਪੀੜਤ ਸਿੱਖ ਪਰਿਵਾਰ ਨੂੰ ਨਿਆਂ ਦੀ ਆਸ ਮੱਧਮ ਪਈ

**ਅੰਮ੍ਰਿਤਸਰ (ਬਿਊਰੋ)–** ਪਾਕਿਸਤਾਨ ਦੇ ਇਲਾਕੇ ਪੇਸ਼ਾਵਰ ਵਿਚ ਸਿੱਖ ਨੌਜਵਾਨ ਪਰਵਿੰਦਰ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਦੀ ਵਾਪਰੀ ਘਟਨਾ ਨੂੰ 48 ਘੰਟੇ ਬੀਤ ਚੁੱਕੇ ਹਨ ਪਰ ਹੁਣ ਤਕ ਉਥੋਂ ਦੀ ਪੁਲਿਸ ਨੇ ਕਿਸੇ ਵੀ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਹੈ, ਜਿਸ ਕਾਰਨ ਪੀੜਤ ਸਿੱਖ ਪਰਿਵਾਰ ਦਾ ਪਾਕਿਸਤਾਨ ਸਰਕਾਰ ਅਤੇ ਪੁਲੀਸ ਤੋਂ ਨਿਆਂ ਪ੍ਰਾਪਤੀ ਲਈ ਭਰੋਸਾ ਖ਼ਤਮ ਹੋ ਰਿਹਾ ਹੈ। ਮ੍ਰਿਤਕ ਦੇ ਵੱਡੇ ਭਰਾ ਹਰਮੀਤ ਸਿੰਘ, ਜੋ ਕਿ ਪਾਕਿਸਤਾਨ ਦੇ ਇਕ ਟੀਵੀ ਚੈਨਲ ਦਾ ਪੱਤਰਕਾਰ ਵੀ ਹੈ, ਨੇ ਦੱਸਿਆ ਕਿ ਹੁਣ ਤਕ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਕੁਝ ਵੀ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਉਨ੍ਹਾਂ ਨੂੰ ਨਿਆਂ ਪ੍ਰਾਪਤੀ ਦੀ ਉਮੀਦ ਖ਼ਤਮ ਹੁੰਦੀ ਜਾ ਰਹੀ ਹੈ। ਉਸ ਨੇ ਆਖਿਆ ਕਿ ਉਹ ਇਕ ਟੀਵੀ ਚੈਨਲ ਨਾਲ ਸਬੰਧਤ ਹੈ, ਜਿਸ ਦੇ ਪ੍ਰਬੰਧਕ ਪ੍ਰਧਾਨ ਮੰਤਰੀ ਦੇ ਨੇੜੇ ਸਮਝੇ ਜਾਂਦੇ ਹਨ ਪਰ ਇਸ ਦੇ ਬਾਵਜੂਦ ਇਸ ਘਟਨਾ ਦਾ ਕੋਈ ਵਿਸ਼ੇਸ਼ ਨੋਟਿਸ ਨਹੀਂ ਲਿਆ ਗਿਆ। ਉਸ ਨੇ ਇਸ ਸਬੰਧੀ ਪੁਲੀਸ ਕੋਲ ਸ਼ਿਕਾਇਤ ਵੀ ਕੀਤੀ ਹੈ ਪਰ ਹੁਣ ਤਕ ਕੋਈ ਵਿਸ਼ੇਸ਼ ਕਾਰਵਾਈ ਨਹੀਂ ਹੋਈ। ਉਸ ਨੇ ਇਕ ਸੰਸਦ ਮੈਂਬਰ ਅਤੇ ਮੰਤਰੀ ਨਾਲ ਵੀ ਸੰਪਰਕ ਕੀਤਾ ਹੈ ਪਰ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਉਹ ਇਸ ਵੇਲੇ ਆਪਣੇ ਪਰਿਵਾਰ ਦੇ ਨਾਲ ਆਪਣੇ ਜੱਦੀ ਘਰ ਕਸਬਾ ਚਕੇਸਰ ਵਿਖੇ ਰਹਿ ਰਿਹਾ ਹੈ, ਜੋ ਕਿ ਖੈਬਰ ਪਖਤੂਨਵਾ ਦੇ ਜ਼ਿਲ੍ਹਾ ਸ਼ਾਂਗਲਾ ਵਿਚ ਹੈ। ਉਸ ਨੇ ਆਖਿਆ ਕਿ ਮੁਲਕ ਵਿਚ ਇਸੇ ਤਰ੍ਹਾਂ ਹੀ ਘੱਟ ਗਿਣਤੀਆਂ ਨੂੰ ਦਬਾਇਆ ਜਾ ਰਿਹਾ ਹੈ, ਜਿਸ ਕਾਰਨ ਘੱਟ ਗਿਣਤੀਆਂ ਵਿੱਚ ਅਸੁਰੱਖਿਆ ਅਤੇ ਸਹਿਮ ਦੀ ਭਾਵਨਾ ਵਧ ਰਹੀ ਹੈ। ਇਹ ਭਾਵਨਾ ਸਿਰਫ ਸਿੱਖਾਂ ਵਿਚ ਹੀ ਨਹੀਂ ਸਗੋਂ ਹੋਰਨਾਂ ਘੱਟ ਗਿਣਤੀ ਫਿਰਕਿਆਂ ਹਿੰਦੂ ਅਤੇ ਇਸਾਈਆਂ ਵਿਚ ਵੀ ਹੈ। ਉਸ ਨੇ ਦੱਸਿਆ ਕਿ ਇਸ ਇਲਾਕੇ ਵਿਚ ਸਿੱਖ ਪਰਿਵਾਰਾਂ ਦੇ ਘਰ ਥੋੜ੍ਹੇ ਹੀ ਹਨ ਜਦੋਂਕਿ ਮੁਸਲਿਮ ਭਾਈਚਾਰੇ ਦੀ ਬਹੁਤਾਤ ਹੈ। ਇਸ ਘਟਨਾ ਤੋਂ ਬਾਅਦ ਘਰ ਦੇ ਨੇੜਲੇ ਇਲਾਕਿਆਂ ਦੇ ਮੁਸਲਿਮ ਭਾਈਚਾਰੇ ਵੱਲੋਂ ਉਸ ਦੇ ਪਰਿਵਾਰ ਨੂੰ ਸਮਰਥਨ ਦਿੱਤਾ ਗਿਆ ਹੈ ਪਰ ਸਰਕਾਰ ਤੇ ਪ੍ਰਸ਼ਾਸਨ ਹੁਣ ਤਕ ਇਸ ਮਾਮਲੇ ਨੂੰ ਲੈ ਕੇ ਖਾਮੋਸ਼ ਹੈ।




ਇਥੇ ਦੱਸਣਯੋਗ ਹੈ ਕਿ ਪਰਵਿੰਦਰ ਪਿਛਲੇ ਚਾਰ ਸਾਲਾਂ ਤੋਂ ਮਲੇਸ਼ੀਆ ਵਿੱਚ ਰਹਿ ਰਿਹਾ ਸੀ ਅਤੇ ਲਗਪਗ ਇਕ ਮਹੀਨਾ ਪਹਿਲਾਂ ਹੀ ਪਾਕਿਸਤਾਨ ਆਇਆ ਸੀ, ਜਿਥੇ ਉਸ ਦਾ ਫਰਵਰੀ ਮਹੀਨੇ ਵਿਚ ਵਿਆਹ ਤੈਅ ਹੋਇਆ ਸੀ। ਉਹ ਆਪਣੇ ਵਿਆਹ ਲਈ ਖਰੀਦਕਾਰੀ ਕਰ ਰਿਹਾ ਸੀ ਕਿ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਇਸ ਘਟਨਾ ਤੋਂ ਦੋ ਦਿਨ ਪਹਿਲਾਂ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪਥਰਾਅ ਦੀ ਘਟਨਾ ਵਾਪਰੀ ਸੀ। ਪਾਕਿਸਤਾਨ ਵਿਖੇ ਸਿੱਖਾਂ ਖਿਲਾਫ ਵਾਪਰੀਆਂ ਇਨ੍ਹਾਂ ਘਟਨਾਵਾਂ ਕਾਰਨ ਸਮੁੱਚੇ ਵਿਸ਼ਵ ਦੇ ਸਿੱਖਾਂ ਵਿਚ ਰੋਸ ਹੈ।




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਪੁਰਬ ਮਨਾਇਆ। ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਵੱਲੋਂ ਕਰਵਾਏ ਗਏ 'ਪ੍ਰਥਮ ਧੰਨਵਾਦ ਸਮਾਗਮ' ਮੌਕੇ ਹਾਜ਼ਰੀਆਂ ਨਾ ਭਰ ਸਕਣ ਵਾਲੇ ਐਲ. ਏ. ਮਰਚੈਂਡਾਈਜ਼ ਦੇ ਮਾਲਕ ਸ. ਹਰਦੇਵ ਸਿੰਘ ਬੀਸਲਾ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਪ੍ਰਧਾਨ ਸਰਵ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਵਾਈਸ ਚੇਅਰਮੈਨ ਪਰਸ਼ੋਤਮ ਸੂਦ ਅਤੇ ਕੈਸ਼ੀਅਰ ਰਾਮ ਸੇਵਕ ਭਾਟੀਆ ਨੂੰ ਪਲੈਕ ਦੇ ਕੇ ਸਨਮਾਨਿਤ ਕਰਦੇ ਹੋਏ।

## ਅਮਰੀਕਾ-ਈਰਾਨ ਟਕਰਾਅ ਬਰਕਰਾਰ, ਟਰੰਪ ਸਖਤ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਇਰਾਕ ਨੂੰ ਵੀ ਚਿਤਾਇਆ ਹੈ। ਉਨ੍ਹਾਂ ਆਗਾਹ ਕੀਤਾ ਕਿ ਜੇਕਰ ਈਰਾਨ ਨੇ ਆਪਣੇ ਪ੍ਰਮੁੱਖ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਦਾ ਬਦਲਾ ਲੈਣ ਲਈ ਅਮਰੀਕਾ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਹਮਲਾਵਰ ਕਾਰਵਾਈ ਕਰਦਾ ਹੈ ਤਾਂ ਇਸਦਾ ਭਾਰੀ ਖਮਿਆਜ਼ਾ ਭੁਗਤਣਾ ਪਵੇਗਾ। ਜਦਕਿ ਇਰਾਕੀ ਸੰਸਦ ਦੇ ਮਤੇ 'ਤੇ ਟਰੰਪ ਨੇ ਬਗ਼ਦਾਦ 'ਤੇ ਸਖ਼ਤ ਪਾਬੰਦੀ ਲਗਾਉਣ ਦੀ ਧਮਕੀ ਦਿੱਤੀ।

ਇਸ ਮਤੇ 'ਚ ਇਰਾਕ ਤੋਂ ਅਮਰੀਕੀ ਫ਼ੌਜੀਆਂ ਦੇ ਚਲੇ ਜਾਣ ਦੀ ਮੰਗ ਕੀਤੀ ਗਈ ਹੈ। ਟਰੰਪ ਦੇ ਇਸ ਬਿਆਨ 'ਤੇ ਜਰਮਨੀ ਨੇ ਕਿਹਾ ਕਿ ਇਰਾਕ ਨੂੰ ਪਾਬੰਦੀ ਦੀ ਧਮਕੀ ਦੇਣ ਨਾਲ ਕੋਈ ਫ਼ਾਇਦਾ ਨਹੀਂ ਹੋਣ ਵਾਲਾ। ਜਰਮਨੀ ਦੇ ਵਿਦੇਸ਼ ਮੰਤਰੀ ਹੇਇਕੋ ਮਾਸ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਤੁਸੀਂ ਧਮਕੀ ਨਾਲ ਇਰਾਕ ਨੂੰ ਸਮਝਾ ਸਕਦੇ ਹੋ।'



ਟਰੰਪ ਨੇ ਐਤਵਾਰ ਨੂੰ ਫਲੋਰਿਡਾ ਤੋਂ ਵਾਸ਼ਿੰਗਟਨ ਆਉਣ ਦੌਰਾਨ ਏਅਰਫੋਰਸ ਵਨ ਜਹਾਜ਼ 'ਚ ਈਰਾਨ ਦੇ ਸੰਭਾਵਿਤ ਹਮਲੇ ਦੇ ਸਵਾਲ 'ਤੇ ਪੱਤਰਕਾਰਾਂ ਨੂੰ ਉਪਰੋਕਤ ਟਿੱਪਣੀ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਤਹਿਰਾਨ ਹਮਲਾ ਕਰਦਾ ਹੈ ਤਾਂ ਇਸਦਾ ਵੱਡਾ ਬਦਲਾ ਲਿਆ ਜਾਵੇਗਾ।

ਇਸ ਤੋਂ ਪਹਿਲਾਂ ਸ਼ਨਿਚਰਵਾਰ ਰਾਤ ਨੂੰ ਉਨ੍ਹਾਂ ਚਿਤਾਵਨੀ ਦਿੱਤੀ ਸੀ ਕਿ ਈਰਾਨ ਨੇ ਜੇਕਰ ਅਮਰੀਕੀ ਫ਼ੌਜੀਆਂ ਜਾਂ ਹਿੱਤਾਂ ਖ਼ਿਲਾਫ ਕੋਈ ਹਮਲਾ ਕੀਤਾ ਤਾਂ ਉਸਦੇ 52 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਅਮਰੀਕੀ ਰਾਸ਼ਟਰਪਤੀ ਨੇ ਇਰਾਕੀ ਸੰਸਦ ਤੋਂ ਪਾਸ ਮਤੇ 'ਤੇ ਕਿਹਾ, 'ਅਸੀਂ ਇਰਾਕ ਛੱਡਣ ਨਹੀਂ ਜਾ ਰਹੇ। ਉੱਥੇ ਸਾਡਾ ਇਕ ਅਸਾਧਾਰਨ ਏਅਰਬੇਸ ਹੈ, ਜਿਸਨੂੰ ਬਣਾਉਣ 'ਚ ਅਰਬਾਂ ਡਾਲਰ ਖ਼ਰਚ ਹੋਏ ਹਨ। ਜੇਕਰ ਉਹ ਸਾਨੂੰ ਜਾਣ ਲਈ ਕਹਿੰਦੇ ਹਨ ਤਾਂ ਅਸੀਂ ਉਨ੍ਹਾਂ 'ਤੇ ਸਖਤ ਪਾਬੰਦੀ ਲਗਾ ਦੇਵਾਂਗੇ, ਜਿਸ ਬਾਰੇ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਹੋਵੇਗਾ।'


Indiangrillsanleandro.com
Pal
510-332-1974 Mobile
Pal343@ yahoo.com
510-878-2704
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor
Catering for all your Events
1600 Washington Ave.
San Leandro.CA 94577

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY
INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੁਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਜੇਐੱਨਯੂ: ਆਇਸ਼ੀ ਘੋਸ਼ ਤੇ 19 ਹੋਰਨਾਂ ਖ਼ਿਲਾਫ਼ ਕੇਸ ਦਰਜ

**ਨਵੀਂ ਦਿੱਲੀ–** ਜੇਐੱਨਯੂ ਵਿੱਚ ਨਕਾਬਪੋਸ਼ ਗੁੰਡਿਆਂ ਵੱਲੋਂ ਕੀਤੀ ਬੁਰਛਾਗਰਦੀ ਤੋਂ ਦੋ ਦਿਨ ਮਗਰੋਂ ਦਿੱਲੀ ਪੁਲੀਸ ਨੇ ਯੂਨੀਵਰਸਿਟੀ ਦੇ ਸਰਵਰ ਰੂਮ ਵਿੱਚ ਕੀਤੀ ਭੰਨਤੋੜ ਨਾਲ ਸਬੰਧਤ ਕੇਸ ਵਿੱਚ ’ਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਤੇ 19 ਹੋਰਨਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਆਇਸ਼ੀ ’ਤੇ ਧਾਰਾ 341, 323 ਤੇ 506 ਸਮੇਤ ਜਨਤਕ ਜਾਇਦਾਦ ਨੂੰ ਨੁਕਸਾਉਣ ਪਹੁੰਚਾਉਣ ਤੋਂ ਰੋਕਦੇ ਐਕਟ ਦੀਆਂ ਵੱਖ ਵੱਖ ਧਾਰਾਵਾਂ ਆਇਦ ਕੀਤੀਆਂ ਗਈਆਂ ਹਨ। ਐੱਫਆਈਆਰ ਵਿੱਚ ਘੋਸ਼ ਤੋਂ ਇਲਾਵਾ ਸਾਕੇਤ ਮੂਨ, ਸਤੀਸ਼ ਯਾਦਵ, ਸਾਰਿਕਾ ਚੌਧਰੀ ਤੇ ਕੁਝ ਹੋਰਨਾਂ ਵਿਦਿਆਰਥੀਆਂ ਦਾ ਨਾਂ ਵੀ ਸ਼ਾਮਲ ਹੈ। ਪੁਲੀਸ ਹੁਣ ਤਕ ਇਸ ਮਾਮਲੇ ’ਚ ਕੁੱਲ ਮਿਲਾ ਕੇ ਚਾਰ ਐੱਫਆਈਆਰ ਦਰਜ ਕਰ ਚੁੱਕੀ ਹੈ। ਇਨ੍ਹਾਂ ਵਿੱਚੋਂ ਦੋ ਕੇਸ ਸਰਵਰ ਰੂਮ ’ਚ ਕੀਤੀ ਭੰਨਤੋੜ ਨਾਲ ਸਬੰਧਤ ਹਨ। ਕੇਸ ਯੂਨੀਵਰਸਿਟੀ ਪ੍ਰਸ਼ਾਸਨ ਦੀ ਸ਼ਿਕਾਇਤ ’ਤੇ ਦਰਜ ਕੀਤੇ ਗਏ ਹਨ। ਇਸ ਦੌਰਾਨ ਦਿੱਲੀ ਪੁਲੀਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਐਤਵਾਰ ਰਾਤ ਹੋਈ ਇਸ ਹਿੰਸਾ ਬਾਬਤ ਕੋਈ ਤਸਵੀਰ, ਫੁਟੇਜ ਜਾਂ ਕੋਈ ਹੋਰ ਜਾਣਕਾਰੀ ਹੈ ਤਾਂ ਉਹ ਸਾਂਝੀ ਕੀਤੀ ਜਾਵੇ। ਉਧਰ ਫੋਰੈਂਸਿਕ ਮਾਹਿਰਾਂ ਦੀ ਇਕ ਟੀਮ ਸਬੂਤਾਂ ਦੀ ਭਾਲ ’ਚ ’ਵਰਸਿਟੀ ਪੁੱਜ ਗਈ ਹੈ। ਜੁਆਇੰਟ ਕਮਿਸ਼ਨਰ ਆਫ਼ ਪੁਲੀਸ (ਪੱਛਮੀ ਰੇਂਜ) ਸ਼ਾਲਿਨੀ ਸਿੰਘ ਦੀ ਅਗਵਾਈ ਵਾਲੀ ਤੱਥ ਖੋਜ ਕਮੇਟੀ ਨੇ ਵੀ ਜੇਐੱਨਯੂ ਕੈਂਪਸ ਦਾ ਦੌਰਾ ਕਰਕੇ ਵਿਦਿਆਰਥੀਆਂ ਤੇ ਅਧਿਆਪਕਾਂ ਤੋਂ ਜਾਣਕਾਰੀ ਇਕੱਤਰ ਕੀਤੀ। ਜੇਐੱਨਯੂ ਪ੍ਰਸ਼ਾਸਨ ਨੇ ਸਰਵਰਾਂ ਦੀ ਭੰਨਤੋੜ ਸਬੰਧੀ ਸ਼ਿਕਾਇਤ 5 ਜਨਵਰੀ ਨੂੰ ਕੀਤੀ ਸੀ ਇਸ ਤੋਂ ਪਹਿਲਾਂ ਖ਼ਬਰ ਏਜੰਸੀ ਦੀ ਰਿਪੋਰਟ ਮੁਤਾਬਕ ਪ੍ਰਸ਼ਾਸਨ ਨੇ ਸ਼ਿਕਾਇਤ ਵਿੱਚ ’ਵਰਸਿਟੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਸਮੇਤ ਹੋਰਨਾਂ ਅਹੁਦੇਦਾਰਾਂ ਦੇ ਨਾਂ ਜ਼ਰੂਰ ਦਿੱਤੇ ਸਨ, ਪਰ ਪੁਲੀਸ ਨੇ ਦਰਜ ਐੱਫਆਈਆਰ ’ਚ ਮੁਲਜ਼ਮ ਵਜੋਂ ਘੋਸ਼ ਜਾਂ ਕਿਸੇ ਹੋਰ ਵਿਦਿਆਰਥੀਆਂ ਦਾ ਨਾਂ ਨਹੀਂ ਲਿਖਿਆ। ਪੁਲੀਸ ਨੇ ਕਿਹਾ ਕਿ ਸਰਵਰਾਂ ਨੂੰ ਬੰਦ ਕੀਤੇ ਜਾਣ ਦੀ ਸ਼ਿਕਾਇਤ 3 ਜਨਵਰੀ ਜਦੋਂਕਿ ਸਰਵਰ ਰੂਮ ਦੀ ਭੰਨਤੋੜ ਸਬੰਧੀ ਸ਼ਿਕਾਇਤ ਉਸ ਤੋਂ ਅਗਲੇ ਦਿਨ ਕੀਤੀ ਗਈ ਸੀ। ਜੇਐੱਨਯੂ ਵਿਦਿਆਰਥੀ ਯੂਨੀਅਨ ਦੇ ਉਪ ਪ੍ਰਧਾਨ ਸਾਕੇਤ ਮੂਨ ਨੇ ਕਿਹਾ ਕਿ ਪ੍ਰਸ਼ਾਸਨ ਕੁਝ ਵਿਦਿਆਰਥੀਆਂ ਨੂੰ ਮਿੱਥ ਕੇ ਨਿਸ਼ਾਨਾ ਬਣਾ ਰਿਹਾ ਹੈ। ਮੂਨ ਨੇ ਸਰਵਰ ਰੂਮ ਦੀ ਭੰਨਤੋੜ ’ਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।




ਇਸ ਦੌਰਾਨ ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਜੇਐੱਨਯੂ ਹਿੰਸਾ ਬਾਬਤ ਕੋਈ ਜਾਣਕਾਰੀ ਹੈ ਜਾਂ ਉਨ੍ਹਾਂ ਆਪਣੇ ਮੋਬਾਈਲ ਫੋਨ ਜਾਂ ਕੈਮਰੇ ’ਤੇ ਕੋਈ ਵੀਡੀਓ ਬਣਾਈ ਹੈ, ਤਾਂ ਉਹ ਪੁਲੀਸ ਨਾਲ ਸਾਂਝੀ ਕੀਤੀ ਜਾਵੇ।

ਉਧਰ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਫ਼ਿਜ਼ਿਕਸ, ਕੈਮਿਸਟਰੀ ਤੇ ਬਾਇਓਲੌਜੀ ਡਿਵੀਜ਼ਨਾਂ ਦੀਆਂ ਟੀਮਾਂ ਸਬੂਤ ਇਕੱਤਰ ਕਰਨ ਲਈ ਯੂਨੀਵਰਸਿਟੀ ਪੁੱਜ ਗਈਆਂ ਹਨ। ਫ਼ਿਜ਼ਿਕਸ ਟੀਮ ਨਕਾਬਪੋਸ਼ ਗੁੰਡਿਆਂ ਵੱਲੋਂ ਹਮਲੇ ਲਈ ਵਰਤੀਆਂ ਰਾਡਾਂ, ਪੱਥਰਾਂ ਤੋਂ ਸਬੂਤ ਇਕੱਤਰ ਕਰੇਗੀ। ਕੈਮਿਸਟਰੀ ਟੀਮ ਰਸਾਇਣ (ਜੇਕਰ ਕੋਈ ਹੋਇਆ) ਦੇ ਨਮੂਨੇ ਜਦੋਂਕਿ ਬਾਇਓਲੌਜੀ ਟੀਮ ਡੀਐੱਨਏ ਨਮੂਨਿਆਂ ਦੀ ਭਾਲ ਕਰੇਗੀ। ਦਿੱਲੀ ਪੁਲੀਸ ਨੇ ਸੀਸੀਟੀਵੀ ਫੁਟੇਜ ਦੀ ਸਮੀਖਿਆ ਲਈ ਕੰਪਿਊਟਰ ਫੋਰੈਂਸਿਕ ਟੀਮ ਭੇਜਣ ਦੀ ਵੀ ਗੁਜ਼ਾਰਿਸ਼ ਕੀਤੀ ਹੈ। ਸੂਤਰਾਂ ਮੁਤਾਬਕ ਇਸ ਟੀਮ ਦੇ ਭਲਕੇ ’ਵਰਸਿਟੀ ਆਉਣ ਦੀ ਉਮੀਦ ਹੈ। ਦਿੱਲੀ ਪੁਲੀਸ ਦੇ ਵਧੀਕ ਪੀਆਰਓ ਅਨਿਲ ਮਿੱਤਲ ਨੇ ਕਿਹਾ ਕਿ ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਦੀ ਟੀਮ ਇਸ ਕੇਸ ਦੀ ਵਿਗਿਆਨਕ ਤੇ ਪੇਸ਼ੇਵਰ ਦੋਵਾਂ ਤਰੀਕਿਆਂ ਨਾਲ ਜਾਂਚ ਕਰ ਰਹੀ ਹੈ। ਏਜੰਸੀ ਵੱਲੋਂ ਸੋਸ਼ਲ ਮੀਡੀਆ ਤੇ ਵੱਟਸਐਪ ’ਤੇ ਅਪਲੋਡ ਕੀਤੀਆਂ ਵੀਡੀਓ ਕਲਿਪਜ਼ ਦੀ ਵੀ ਘੋਖ ਕੀਤੀ ਜਾ ਰਹੀ ਹੈ। ਜੇਐੱਨਯੂ ਹਿੰਸਾ ਦੌਰਾਨ ਸਿਰ ’ਤੇ ਗੰਭੀਰ ਸੱਟ ਲੱਗਣ ਕਰਕੇ ਜ਼ਖ਼ਮੀ ਹੋਈ ਪ੍ਰੋਫੈਸਰ ਸੁਚਰਿਤਾ ਸੇਨ ਅੱਜ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸੇਨ ਨੇ ਸ਼ਿਕਾਇਤ ਵਿੱਚ ਆਪਣੀ ਹੱਡਬੀਤੀ ਬਿਆਨ ਕੀਤੀ ਹੈ। ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਗੈਰ-ਸਮਾਜੀ ਤੱਤਾਂ ਵੱਲੋਂ ਜੇਐੱਨਯੂ ’ਚ ਕੀਤੀ ਬੁਰਛਾਗਰਦੀ ਦੀ ਸਖ਼ਤੀ ਨਾਲ ਨਿਖੇਧੀ ਕੀਤੀ ਹੈ।

# ਜਥੇਦਾਰ ਵੱਲੋਂ ਸਿੱਖਾਂ ਦੇ ਅਸੁਰੱਖਿਅਤ ਹੋਣ ਬਾਰੇ ਟਿੱਪਣੀ ਚਿੰਤਾਜਨਕ: ਕੈਪਟਨ

**ਚੰਡੀਗੜ੍ਹ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਭਾਰਤ ਵਿੱਚ ਸਿੱਖਾਂ ਦੇ ਮਹਿਫੂਜ਼ ਨਾ ਹੋਣ ਬਾਰੇ ਕੀਤੀ ਟਿੱਪਣੀ ਉਪਰ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ। ਮੁੱਖ ਮੰਤਰੀ ਨੇ ਇੱਕ ਬਿਆਨ ਰਾਹੀਂ ਜਥੇਦਾਰ ਅਕਾਲ ਤਖ਼ਤ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਭਾਜਪਾ ਨਾਲ ਸਿਆਸੀ ਯਾਰਾਨੇ ਨੂੰ ਤੋੜਨ ਲਈ ਵੀ ਭੂਮਿਕਾ ਨਿਭਾਉਣ। ਉਨ੍ਹਾਂ ਕਿਹਾ ਕਿ ਅਕਾਲੀ ਉਸੇ ਸਰਕਾਰ ਵਿੱਚ ਭਾਈਵਾਲ ਹੋ ਕੇ ਸੱਤਾ ਦਾ ਨਿੱਘ ਮਾਣ ਰਹੇ ਹਨ ਜਿਸ ਸਰਕਾਰ ਨੇ ਮੁਲਕ ਵਿੱਚ ਘੱਟ-ਗਿਣਤੀਆਂ ਦੇ ਮਨਾਂ ਅੰਦਰ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਸਿੱਖਾਂ ਦੇ ਅਸੁਰੱਖਿਅਤ ਮਹਿਸੂਸ ਕਰਨ ਦੇ ਕਥਨ ਨਾਲ ਮੈਂ ਨਿੱਜੀ ਤੌਰ ’ਤੇ ਸਹਿਮਤ ਨਹੀਂ ਪਰ ਫਿਰ ਵੀ ਜੇਕਰ ਜਥੇਦਾਰ ਅਕਾਲ ਤਖ਼ਤ ਸਿੱਖਾਂ ਦੇ ਮਨਾਂ ਦੀ ਗੱਲ ਨੂੰ ਮਹਿਸੂਸ ਕਰਦੇ ਹਨ ਤਾਂ ਇਹ ਮਾਮਲਾ ਸ਼੍ਰੋਮਣੀ ਅਕਾਲੀ ਦਲ ਕੋਲ ਉਠਾਇਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਥੇਦਾਰ ਸਾਹਿਬ ਅਕਾਲੀਆਂ ਨੂੰ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨਾਲੋਂ ਗੱਠਜੋੜ ਤੋੜਨ ਲਈ ਕਹਿਣ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੇ ਉਲਟ ਭਾਰਤ ਨੂੰ ਹਮੇਸ਼ਾ ਹੀ ਇਕ ਨਿਰਪੱਖ ਰਾਸ਼ਟਰ ਹੋਣ ਦਾ ਮਾਣ ਰਿਹਾ ਹੈ ਅਤੇ ਇੱਥੇ ਧਾਰਮਿਕ ਆਧਾਰ ’ਤੇ ਕੋਈ ਵਿਤਕਰੇਬਾਜ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਦੇ ਕਥਨ ਮੁਤਾਬਕ ਜੇਕਰ ਸਿੱਖਾਂ ਦੇ ਮਨਾਂ ਵਿੱਚ ਇਹ ਭਾਵਨਾ ਪਾਈ ਜਾ ਰਹੀ ਹੈ ਕਿ ਉਹ ਇੱਥੇ ਸੁਰੱਖਿਅਤ ਨਹੀਂ ਹਨ ਤਾਂ ਇਹ ਬਹੁਤ ਗੰਭੀਰ ਮਾਮਲਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਮੁਲਕ ਵਿੱਚ ਸਿੱਖ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਜਿਵੇਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ, ਤਾਂ ਇਸ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ, ਜਿਸ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਪਣੇ ਆਪ ਨੂੰ ਸਿੱਖ ਧਰਮ ਅਤੇ ਭਾਈਚਾਰੇ ਦੇ ਹਿੱਤਾਂ ਦੇ ਰਖਵਾਲੇ ਹੋਣ ਦੇ ਦਾਅਵੇ ਕਰਦੇ ਹਨ ਤਾਂ ਇਨ੍ਹਾਂ ਨੂੰ ਇਸ ਮਸਲੇ ’ਤੇ ਸਟੈਂਡ ਲੈਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਆਪਣੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਤੁਰੰਤ ਕੇਂਦਰੀ ਮੰਤਰੀ ਵਜੋਂ ਅਸਤੀਫਾ ਦੇਣ ਲਈ ਕਹਿਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਇੱਧਰ-ਉੱਧਰ ਵਾਪਰਦੀਆਂ ਕੁਝ ਘਟਨਾਵਾਂ ਤੋਂ ਭਾਵੇਂ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਭਾਰਤ ਵਿੱਚ ਸਿੱਖ ਸੁਰੱਖਿਅਤ ਨਹੀਂ ਹਨ ਪਰ ਧਾਰਨਾ ਦਾ ਮਹੱਤਵ ਵੀ ਹਕੀਕਤ ਜਿੰਨਾ ਹੀ ਮਹੱਤਵਪੂਰਨ ਹੁੰਦਾ ਹੈ। ਉਨ੍ਹਾਂ ਕਿਹਾ ਕਿ 1980ਵੇਂ ਵਿੱਚ ਸਿੱਖ ਬਹੁਤ ਕਾਲੇ ਦੌਰ ਵਿੱਚੋਂ ਗੁਜ਼ਰੇ ਹਨ ਅਤੇ ਇਸ ਤਰ੍ਹਾਂ ਦਾ ਕੋਈ ਵੀ ਅਹਿਸਾਸ ਉਨ੍ਹਾਂ ਵਿੱਚ ਮੁੜ ਡਰ ਦੀ ਭਾਵਨਾ ਪੈਦਾ ਕਰੇਗਾ ਜੋ ਭਾਈਚਾਰੇ ਦੇ ਹਿੱਤਾਂ ਦੇ ਨਾਲ-ਨਾਲ ਮੁਲਕ ਲਈ ਘਾਤਕ ਸਿੱਧ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਬਹੁ-ਗਿਣਤੀ ਵਾਲੇ ਸੂਬੇ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੇ ਹਮੇਸ਼ਾ ਇਸ ਗੱਲ ਨੂੰ ਯਕੀਨੀ ਬਣਾਇਆ ਕਿ ਨਾ ਸਿਰਫ ਪੰਜਾਬ ਵਿੱਚ ਸਗੋਂ ਦੂਜੇ ਸੂਬਿਆਂ ਵਿੱਚ ਵੀ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

# ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੇ ਸੀਨੀਅਰ ਉਪ ਪ੍ਰਧਾਨ ਸ੍ਰੀ ਸੰਤੋਖ ਸਿੰਘ ਗਿੱਲ ਨੂੰ ਗਹਿਰਾ ਸਦਮਾ

## ਮਾਤਾ ਜੀਤੋ ਜੀ ਦਾ ਅਕਾਲ ਚਲਾਣਾ

**ਯੂਬਾ ਸਿਟੀ (ਬਿਊਰੋ)–** ਇਹ ਖਬਰ ਬੜੇ ਦੁਖੀ ਹਿਰਦੇ ਨਾਲ ਪੜ੍ਹੀ ਜਾਵੇਗੀ ਕਿ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ (ਕੈਲੇਫੋਰਨੀਆ) ਦੇ ਮੁੱਖ ਕਰਤਾਵਾਂ ਵਿਚੋਂ ਇਕ ਨਾਂ ਸ੍ਰੀ ਸੰਤੋਖ ਸਿੰਘ ਗਿੱਲ (ਸੀਨੀਅਰ ਉਪ ਪ੍ਰਧਾਨ) ਜੋ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਦੇ ਉਪ ਪ੍ਰਧਾਨ ਵੀ ਹਨ, ਦੇ ਪੂਜਨੀਕ ਮਾਤਾ ਜੀ ਸ੍ਰੀਮਤੀ ਜੀਤੋ ਜੀ ਸੁਪਤਨੀ ਸਵਰਗੀ ਸ੍ਰੀ ਦੇਵੀ ਚੰਦ (ਫੌਜੀ) ਜੀ 80 ਸਾਲ ਦੀ ਉਮਰ ਵਿਚ ਅਕਾਲ ਪੁਰਖ ਦੀ ਰਜ਼ਾ 'ਚ ਰਹਿੰਦਿਆਂ ਸੰਸਾਰਕ ਜੀਵਨ ਬਤੀਤ ਕਰਦਿਆਂ 29 ਦਸੰਬਰ 2019 ਨੂੰ ਅਕਾਲ ਚਲਾਣਾ ਕਰ ਗਏ।



ਮਾਤਾ ਜੀਤੋ ਜੀ ਆਪਣੇ ਪਿੱਛੇ ਇਕ ਲੜਕੀ ਸ੍ਰੀਮਤੀ ਰਾਜਵਿੰਦਰ ਕੌਰ (ਭਾਰਤ) ਅਤੇ ਸ੍ਰੀ ਸੰਤੋਖ ਸਿੰਘ ਗਿੱਲ (ਕੈਲੇਫੋਰਨੀਆ) ਹੱਸਦੇ-ਵੱਸਦੇ ਪਰਿਵਾਰਾਂ ਨੇ ਆਖਰੀ ਅਲਵਿਦਾ ਕਹਿ ਗਏ। ਮਾਤਾ ਜੀਤੋ ਜੀ ਬਹੁਤ ਹੀ ਨੇਕ ਸੁਭਾਅ ਦੇ ਮਾਲਕ ਸਨ, ਧਾਰਮਿਕ-ਸਮਾਜਿਕ ਰੁਚੀਆਂ ਵਾਲੇ ਸਨ। ਇਹੀ ਵਜ੍ਹਾ ਹੈ ਕਿ ਉਹਨਾਂ ਦਾ ਸਪੁੱਤਰ ਸ੍ਰੀ ਸੰਤੋਖ ਸਿੰਘ ਗਿੱਲ ਵੀ ਸਮਾਜਿਕ-ਧਾਰਮਿਕ ਬਿਰਤੀ ਦਾ ਮਾਲਕ ਹੈ ਤੇ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸਮਾਜਿਕ-ਧਾਰਮਿਕ ਗਤੀਵਿਧੀਆਂ ਵਿਚ ਸਰਗਰਮ ਰੱਖਦੇ ਸਨ। ਪ੍ਰੰਤੂ ਮਾਤਾ ਜੀ ਦੇ ਅਚਾਨਕ ਅਕਾਲ ਚਲਾਣੇ ਨਾਲ ਸਮੂਹ ਗਿੱਲ ਪਰਿਵਾਰ ਨੂੰ ਬਹੁਤ ਹੀ ਗਹਿਰਾ ਸਦਮਾ ਲੱਗਿਆ ਹੈ। ਅਦਾਰਾ 'ਦੇਸ਼ ਦੁਆਬਾ' ਇਸ ਗਹਿਰੇ ਸਦਮੇ ਵਿਚ ਗਿੱਲ ਪਰਿਵਾਰ ਪ੍ਰਤੀ ਪੂਰਨ ਹਮਦਰਦੀ ਰੱਖਦਾ ਹੈ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ ਅਤੇ ਪਿੱਛੇ ਰਹਿ ਗਏ ਸਮੂਹ ਗਿੱਲ ਪਰਿਵਾਰ- ਸਕੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਇਸ ਦੁੱਖ ਦੀ ਘੜੀ ਵਿਚ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਅਸੀਂ ਸਭ ਗਿੱਲ ਪਰਿਵਾਰ ਨਾਲ ਹਾਂ। ਇਸ ਦੇ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਗਿੱਲ ਪਰਿਵਾਰ ਨੂੰ ਹੌਸਲਾ ਦਿੰਦਿਆਂ ਵਾਹਿਗੁਰੂ ਅੱਗੇ ਬੇਨਤੀ ਕੀਤੀ ਕਿ ਹੇ ਵਾਹਿਗੁਰੂ ਗਿੱਲ ਪਰਿਵਾਰ ਤੇ ਮੇਹਰ ਭਰਿਆ ਹੱਥ ਰੱਖਣਾ ਤੇ ਮਗਰ ਸਭ ਨੂੰ ਭਾਣਾ ਮੰਨਣਦਾ ਬਲ ਬਖਸ਼ਣਾ।

ਗਿੱਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ੍ਰੀ ਸੰਤੋਖ ਸਿੰਘ ਗਿੱਲ ਨਾਲ 530-740-3056 ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਵਰਗੀ ਮਾਤਾ ਜੀਤੋ ਦੇ ਅੰਤਿਮ ਸਸਕਾਰ ਅਤੇ ਅਰਦਾਸ ਬਾਰੇ ਗਿੱਲ ਪਰਿਵਾਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤੀ ਮੂਲ ਦਾ ਅਮਰੀਕੀ ਡਰਾਈਵਰ ਅਣਪਛਾਤੇ ਵਿਅਕਤੀ ਵੱਲੋਂ ਕੀਤੇ ਹਮਲੇ ਵਿਚ ਹੋਇਆ ਜ਼ਖਮੀ

**ਰਿਚਮੰਡ (ਹੁਸਨ ਲੜੋਆ ਬੰਗਾ)**–ਰਿਚਮੰਡ ਵਿਖੇ ਭਾਰਤੀ ਮੂਲ ਦੇ ਇਕ ਅਮਰੀਕੀ ਡਰਾਈਵਰ ਉਪਰ ਅਣਪਛਾਤੇ ਵਿਅਕਤੀ ਵੱਲੋਂ ਹਮਲਾ ਕਰ ਦਿੱਤਾ ਗਿਆ ਜਿਸ ਦੌਰਾਨ ਉਹ ਜ਼ਖਮੀ ਹੋ ਗਿਆ। ਬਲਜੀਤ ਸਿੰਘ ਸਿੱਧੂ (57) ਨੇ ਪੁਲਿਸ ਨੂੰ ਦੱਸਿਆ ਕਿ ਉਹ ਤੜਕੇ 4 ਵਜੇ ਆਪਣੀ ਡਿਊਟੀ ਖਤਮ ਕਰਕੇ ਵਾਪਿਸ ਆਇਆ ਤੇ ਆਪਣੀ ਕਾਰ ਪਾਰਕ ਕਰਨ ਲਈ ਹਿਲਟੌਪ ਮਾਲ ਵਿਖੇ ਜਗਾ ਵੇਖ ਰਿਹਾ ਸੀ ਤਾਂ ਇਕ ਵਿਅਕਤੀ ਨੇ ਉਸ ਦੀ ਕਾਰ ਦੀ ਖਿੜਕੀ ਕੋਲ ਆ ਕੇ ਲਾਈਟਰ ਦੀ ਮੰਗ ਕੀਤੀ। ਬਾਅਦ ਵਿਚ ਉਸ ਵਿਅਕਤੀ ਨੇ ਸਿੱਧੂ ਨੂੰ ਕਿਹਾ ਕਿ ਉਸ ਕੋਲ 5 ਡਾਲਰ ਹਨ ਤੇ ਉਹ ਉਸ ਦੀ ਕਾਰ ਵਿਚ ਸਫਰ



ਕਰਨਾ ਚਹੁੰਦਾ ਹੈ। ਇਸ 'ਤੇ ਸਿੱਧੂ ਨੇ ਕਿਹਾ ਕਿ ਉਸ ਦੀ ਸ਼ਿਫਟ ਖਤਮ ਹੋ ਚੁੱਕੀ ਹੈ। ਜਦੋਂ ਸਿੱਧੂ ਕਾਰ ਵਿਚੋਂ ਉਤਰਿਆ ਤਾਂ ਉਸ ਵਿਅਕਤੀ ਨੇ ਉਸ ਉਪਰ ਹਮਲਾ ਕਰ ਦਿੱਤਾ। ਉਹ ਜਮੀਨ ਉਪਰ ਡਿੱਗ ਗਿਆ। ਉਸ ਨੇ ਮੱਦਦ ਲਈ ਰੌਲਾ ਪਾਇਆ ਤਾਂ ਮਾਲ ਦਾ ਸੁਰੱਖਿਆ ਗਾਰਡ ਉਸ ਦੀ ਮੱਦਦ ਲਈ ਆਇਆ। ਇਸ 'ਤੇ ਅਣਪਛਾਤਾ ਹਮਲਾਵਰ ਫਰਾਰ ਹੋ ਗਿਆ। ਸਿੱਧੂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਸਿੱਧੂ ਅਨੁਸਾਰ ਹਮਲਾਵਰ ਨੇ ਕੋਈ ਨਸਲੀ ਗੱਲ ਨਹੀਂ ਕੀਤੀ ਤੇ ਨਾ ਹੀ ਉਸ ਨੇ ਲੁੱਟ ਖੋਹ ਕੀਤੀ ਹੈ। ਯੁਨਾਈਟਿਡ ਸਿੱਖਸ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਨਫ਼ਰਤੀ ਅਪਰਾਧ ਵਜੋਂ ਕੀਤੀ ਜਾਵੇ। ਦੋਸ਼ੀ ਦੀ ਭਾਲ ਲਈ ਪੁਲਿਸ ਸੀਸੀਟੀਵੀ ਕੈਮਰਿਆਂ ਦੀ ਮੱਦਦ ਲੈ ਰਹੀ ਹੈ।

# ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਯੂਬਾ ਸਿਟੀ ਅਮਰੀਕਾ ਵਿਖੇ ਇਸ ਸਾਲ ਹੋਏਗੀ

ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੀ ਇਸ ਸਾਲ ਦੀ ਪਹਿਲੀ ਮੀਟਿੰਗ ਤਾਜ ਰੈਸਟੋਰੈਂਟ ਵਿਖੇ ਹੋਈ। ਮੀਟਿੰਗ ਵਿੱਚ ਦੂਰ ਦੂਰ ਤੋਂ ਆਏ ਲੇਖਕ ਤੇ ਸਰੋਤਿਆਂ ਨੇ ਭਾਗ ਲਿਆ। ਸਾਹਿਤਕ ਵਿਚਾਰ ਵਟਾਂਦਰੇ ਦੇ ਨਾਲ ਨਾਲ ਦੋ ਸਿੰਘ ਗਿੱਲ ਨੂੰ ਖਜਾਨਚੀ ਤੇ ਜਤਿੰਦਰ ਸਿੰਘ ਢਿੱਲੋਂ ਨੂੰ ਸਕੱਤਰ ਦੀਆ ਸਿਵਾਵਾਂ ਸੌਂਪੀਆਂ ਗਈਆਂ, ਜਿਸ ਦਾ ਸਭ ਨੇ ਪਿਆਰ ਤੇ ਸਤਿਕਾਰ ਨਾਲ ਸੁਵਾਗਤ ਕੀਤਾ ਆਂਉਦੀਆਂ ਮੀਟਿੰਗਾਂ ਵਿੱਚ ਬਾਕੀ ਕਮੇਟੀ ਮੈਂਬਰਾਂ ਦੀ ਮੱਲੀ ਨੇ ਆਪਣੇ ਖਿਆਲ ਪੇਸ਼ ਕੀਤੇ, ਅਜੈਬ ਸਿੰਘ ਚੀਮਾਂ ਨੇ ਬਹੁਤ ਹੀ ਖੂਬਸੂਰਤ ਗੀਤ ਨਾਲ ਆਪਣੀ ਹਾਜਰੀ ਲਗਵਾਈ, ਜਤਿੰਦਰ ਸਿੰਘ ਢਿੱਲੋਂ ਨੇ ਪੰਜਾਬ ਵਾਰੇ ਲਿਖੀ ਆਪਣੀ ਬਹੁਤ ਹੀ ਵਧੀਆ ਨਜ਼ਮ ਪੇਸ਼



ਰੋਜਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 17/ 18 ਅਕਤੂਬਰ 2020 ਨੂੰ ਕਰਵਾਉਣ ਦਾ ਵੀ ਐਲ ਬਿਆਨ ਕੀਤਾ ਗਿਆ ਇਸ ਕਾਨਫਰੰਸ ਵਿੱਚ ਇੰਗਲੈਂਡ, ਕਨੇਡਾ, ਅਸਟਰੇਲੀਆ , ਪਾਕਿਸਤਾਨ, ਭਾਰਤ ਤੇ ਅਮਰੀਆ ਦੇ ਵੱਖ ਵੱਖ ਸੂਬਿਆਂ ਤੋਂ ਪੰਜਾਬੀ ਲੇਖਕ ਭਾਗ ਲੈਣ ਆਉਣਗੇ। ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਅਮਰੀਆ ਦੀ ਸਭ ਤੋਂ ਪਹਿਲੀ ਸਾਹਿਤਕ ਸੰਸਥਾ ਹੋਣ ਦੇ ਨਾਤੇ ਇਹ ਵੀ ਫੈਸਲਾ ਲਿਆ ਗਿਆ ਕਿ ਇਹ ਸੰਸਥਾ ਦੀਪ ਬਣਕੇ ਸਾਹਿਤਕ ਹਲਕਿਆਂ ਵਿੱਚ ਰੌਸ਼ਨੀ ਫੈਲਾਉਣ ਦਾ ਕੰਮ ਡਟ ਕੇ ਕਰੇਗੀ ਤੇ ਬਾਕੀ ਉਸਾਰੂ ਕੰਮ ਕਰ ਰਹੀਆਂ ਸਾਹਿਤਕ ਜਥੇਬੰਦੀਆਂ ਨੂੰ ਸਦਾ ਦੀ ਤਰਾਂ ਸਹਿਯੋਗ ਦਵੇਗੀ ਤੇ ਇਸ ਸਭਾ ਦੇ ਦਰਵਾਜ਼ੇ ਹਰ ਇੱਕ ਸੱਚੇ-ਸੁੱਚੇ ਸਾਹਿਤਕਾਰ ਤੇ ਸਾਹਿਤ ਪਰੇਮੀ ਲਈ ਸਦਾ ਹੀ ਖੁੱਲੇ ਰਹੇ ਹਨ ਤੇ ਰਹਿਣਗੇ।

ਇਸ ਉਪਰੰਤ ਸਰਵ ਸੰਮਤੀ ਨਾਲ ਸਵਰਨ ਜਾਣ ਪਹਿਚਾਣ ਵੀ ਕਰਵਾਈ ਜਾਵੇਗੀ, ਸਭਾ ਦੇ ਬਹੁਤ ਮੈਂਬਰ ਭਾਰਤ ਗਏ ਹੋਣ ਕਰਕੇ ਮੀਟਿੰਗ ਵਿੱਚ ਭਾਗ ਨਹੀਂ ਲੈ ਸਕੇ,ਉਹਨਾ ਦੀ ਗੈਰਹਾਜ਼ਰੀ ਜਰੂਰ ਰੜਕ ਰਹੀ ਸੀ, ਫਿਰ ਵੀ ਅਗਲੇ ਭਾਗ ਵਿਚ ਕਵੀ ਦਰਵਾਰ ਹੋਇਆ ਜਿਸ ਵਿੱਚ ਬਹੁ-ਪੱਖੀ ਸਖਸ਼ੀਅਤ ਜੋਤੀ ਸਿੰਘ ਨੈਂ ਆਪਣਾ ਬਹੁਤ ਹੀ ਖੂਬਸੂਰਤ ਗੀਤ ਸੁਣਾਉਣ ਤੋਂ ਪਹਿਲਾਂ ਇਹ ਇਜ਼ਹਾਰ ਕੀਤਾ ਕਿ ਉਹਨਾ ਨੂੰ ਅੱਜ ਇਸ ਮੀਟਿੰਗ ਵਿੱਚ ਹਿੱਸਾ ਲੈਕੇ ਇੰਜ ਮਹਿਸੂਸ ਹੋ ਰਿਹਾ ਹੈ ਕੀ ਇਹੋ ਜਹੀਆਂ ਹੋਰ ਵੀ ਪਿਆਰੀਆਂ ਤੇ ਨਿੱਘੀਆਂ ਸਾਹਿਤਕ ਮਿਲਣੀਆਂ ਹੋਣੀਆਂ ਚਾਹੀ ਦੀਆਂ ਹਨ ਤੇ ਉਹਨਾ ਨੇਂ ਸਭਾ ਦੇ ਨੇਕ ਇਰਾਦਿਆਂ ਤੇ ਵਾਦ ਵਿਵਾਦ ਮੁਕਤ ਕਾਮਿਆਂ ਦੀ ਸਿਫਤ ਕੀਤੀ ਤੇ ਅੱਗੇ ਤੋਂ ਸਭਾ ਦਾ ਅਹਿਮ ਅੰਗ ਬਣਕੇ ਸਾਥ ਦੇਣ ਦਾ ਵਾਅਦਾ ਵੀ ਕੀਤਾ, ਉਪਰੰਤ ਜਸਵੰਤ ਸ਼ੀਮਾਰ ਨੇ ਆਪਣੀਆਂ ਬਹੁਤ ਹੀ ਭਰਭਾਵ ਪੂਰਬਕ ਦੋ ਰਚਨਾਵਾਂ ਪੜੀਆਂ, ਫਕੀਰ ਸਿੰਘ ਕੀਤੀ ਹਰਬੰਸ ਸਿੰਘ ਜਗਿਆਸੂ ਨੇ ਗਜ਼ਲ ਪੇਸ਼ ਕਰਕੇ ਸਭ ਦਾ ਦਿਲ ਜਿੱਤ ਲਿਆ, ਸਰਦਾਰ ਜਸਪਾਲ ਸੂਸ ਨੇ ਆਪਣੀਆਂ ਦੋ ਰਚਨਾਵਾਂ ਨਾਲ ਆਪਣੀ ਹਾਜਰੀ ਲਗਵਾਈ ਮਨਜੀਤ ਕੌਰ ਸੇਖੋਂ ਨੇ ਵੀ ਇਕ ਬਹੁਤ ਹੀ ਵਧੀਆ ਗੀਤ ਤਰੰਨਮ ਵਿਚ ਗਾਕੇ ਸੁਣਾਇਆ ਗਾਇਕ ਜੋਗਿੰਦਰ ਸਿੰਘ ਸ਼ੌਕੀ ਨੇ ਤੂੰਬੀ ਦੁਵਾਰਾ ਆਪਣਾ ਗੀਤ ਗਾਕੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ ਇਸ ਉਪਰੰਤ ਬਹੁਤ ਹੀ ਪਰਪੱਕ ਲੇਖਕਾ ਸਰਬਜੋਤ ਕੌਰ ਨੇ ਆਪਣੀ ਬਹੁਤ ਹੀ ਪਰਪੱਕ ਕਵਿਤਾ ਸੁਣਾਕੇ ਸਭ ਤੋਂ ਵਾਅ ਵਾਅ ਖੱਟੀ। ਹਰਭਜਨ ਸਿੰਘ ਗਿੱਲ, ਸਤਨਾਮ ਸਿੰਘ ਨਿੱਝਰ, ਸਵਰਨ ਸਿੰਘ ਗਿੱਲ, ਮੁਹੱਬਤ ਸਿੰਘ, ਹਰਨੇਕ ਸਿੰਘ, ਅਮਨਦੀਪ ਸਿੰਘ, ਕਾਰਜਲੀਨ, ਸੁਖਦੇਵ ਸਿੰਘ ਢਿੱਲੋਂ ਤੇ ਹੋਰ ਦੋਸਤਾਂ ਨੇ ਆਪਣੇ ਆਪਣੇ ਵਿਚਾਰ ਸਭ ਨਾਲ ਸਾਂਝੇ ਕੀਤੇ। ਉਪਰੰਤ ਸਭਾ ਦੇ ਪਰਧਾਨ ਹਰਬੰਸ ਸਿੰਘ ਜਗਿਆਸੂ ਨੇ ਸਾਰੇ ਆਏ ਦੋਸਤਾਂ ਦਾ ਧੰਨਵਾਦ ਕੀਤਾ!

# ਨਿਊਯਾਰਕ ਵਿਚ ਭਾਰਤੀ ਔਰਤਾਂ ਦਾ ਡੰਕਾ, ਅਰਚਨਾ ਰਾਓ ਅਤੇ ਦੀਪਾ ਅੰਬੇਕਰ ਜੱਜ ਨਿਯੁਕਤ

**ਨਿਊਯਾਰਕ–** ਭਾਰਤੀ ਮੂਲ ਦੀਆਂ ਦੋ ਔਰਤਾਂ ਨੂੰ ਅਮਰੀਕਾ ਦੇ ਨਿਊਯਾਰਕ ਸ਼ਹਿਰ ਦੇ ਕ੍ਰਿਮੀਨਲ ਅਤੇ ਸਿਵਲ ਕੋਰਟ ਵਿਚ ਜੱਜ ਨਿਯੁਕਤ ਕੀਤਾ ਗਿਆ ਹੈ। ਜੱਜ ਅਰਚਨਾ ਰਾਓ ਦੀ ਕ੍ਰਿਮੀਨਲ ਕੋਰਟ ਅਤੇ ਜੱਜ ਦੀਪਾ ਅੰਬੇਕਰ ਦੀ ਸਿਵਲ ਕੋਰਟ 'ਚ ਦੁਬਾਰਾ ਨਿਯੁਕਤੀ ਹੋਈ ਹੈ। ਇਨ੍ਹਾਂ ਦੀ ਨਿਯੁਕਤੀ ਨਿਊਯਾਰਕ ਦੇ ਮੇਅਰ ਬਿਲ ਡੀ ਬਲਾਸੀਓ ਨੇ ਕੀਤੀ ਹੈ।

ਅਰਚਨਾ ਰਾਓ ਨੂੰ ਜਨਵਰੀ, 2019 ਵਿਚ ਸਿਵਲ ਕੋਰਟ 'ਚ ਕਾਰਜਕਾਰੀ ਜੱਜ ਨਿ-ਯੁਕਤ ਕੀਤਾ ਗਿਆ ਸੀ। ਉਹ ਅਜੇ ਕ੍ਰਿਮੀਨਲ ਕੋਰਟ 'ਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਸ ਤੋਂ ਪਹਿਲੇ ਉਨ੍ਹਾਂ ਨੇ ਕਰੀਬ 17 ਸਾਲ ਤਕ ਨਿਊਯਾਰਕ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ 'ਚ ਕੰਮ ਕੀਤਾ ਸੀ। ਅਰਚਨਾ ਨੇ ਵਾਸਰ ਕਾਲਜ ਤੋਂ ਬੀਏ ਅਤੇ



ਫੋਰਮ ਯੂਨੀਵਰਸਿਟੀ ਸਕੂਲ ਆਫ ਲਾਅ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਹੈ। ਦੀਪਾ ਅੰਬੇਕਰ (43) ਅਜੇ ਕ੍ਰਿਮੀਨਲ ਕੋਰਟ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਦੀ ਪਹਿਲੀ ਨਿਯੁਕਤੀ ਮਈ, 2018 'ਚ ਸਿਵਲ ਕੋਰਟ ਵਿਚ ਕਾਰਜਕਾਰੀ ਜੱਜ ਵਜੋਂ ਹੋਈ ਸੀ। ਇਸ ਤੋਂ ਪਹਿਲੇ ਦੀਪਾ ਨੇ ਬਤੌਰ ਸੀਨੀਅਰ ਵਕੀਲ ਨਿਊਯਾਰਕ ਸਿਟੀ ਕੌਂਸਲ ਵਿਚ ਕੰਮ ਕੀਤਾ ਸੀ। ਉਹ ਲੀਗਲ ਐਡ ਸੁਸਾਇਟੀ ਵਿਚ ਸਟਾਫ ਅਟਾਰਨੀ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਉਨ੍ਹਾਂ ਨੇ ਮਿਸ਼ੀਗਨ ਯੂਨੀਵਰਸਿਟੀ ਤੋਂ ਬੀਏ ਅਤੇ ਸਟਗਰਸ ਲਾਅ ਸਕੂਲ ਤੋਂ ਕਾਨੂੰਨ ਦੀ ਡਿਗਰੀ ਲਈ ਹੈ।

# ਨਿਊਯਾਰਕ ਸ਼ਹਿਰ ਦੀ ਇਕ ਸੜਕ ਦਾ ਨਾਂ 'ਗੁਰਦੁਆਰਾ ਸਟਰੀਟ' ਤੇ ਇਕ ਕਲੋਨੀ ਦਾ ਨਾਂ 'ਪੰਜਾਬ ਐਵਨਿਊ' ਰੱਖਿਆ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਸਿੱਖਾਂ ਤੇ ਪੰਜਾਬੀਆਂ ਨੂੰ ਮਾਣ ਸਨਮਾਨ ਦੇਣ ਲਈ ਨਿਊਯਾਰਕ ਸਿਟੀ ਕੌਂਸਲ ਨੇ ਇਕ ਸੜਕ ਦਾ ਨਾਂ 'ਗੁਰਦੁਆਰਾ ਸਟਰੀਟ' ਤੇ ਇਕ ਕਲੋਨੀ ਦਾ ਨਾਂ 'ਪੰਜਾਬ ਐਵਨਿਊ' ਰਖੇ ਜਾਣ ਲਈ ਪ੍ਰਵਾਨਗੀ ਦਿੱਤੀ ਹੈ। ਸਿਟੀ ਕੌਂਸਲ ਵੱਲੋਂ ਪ੍ਰਵਾਨ ਕੀਤੇ ਬਿੱਲ ਅਨੁਸਾਰ ਲੈਫਰਟਸ ਬੋਲੇਵਰਡ ਤੇ 117 ਵੀਂ ਸਟਰੀਟ ਵਿਚਾਲੇ ਪੈਂਦੀ 97ਵੀਂ ਐਵਨਿਊ ਦਾ ਨਾਂ 'ਗੁਰਦੁਆਰਾ ਸਟਰੀਟ' ਤੇ 111ਵੀਂ ਸਟਰੀਟ ਤੇ 123ਵੀਂ ਸਟਰੀਟ ਵਿਚਾਲੇ ਪੈਂਦੀ 101ਵੀਂ ਐਵਨਿਊ ਦਾ ਨਾਂ ' ਪੰਜਾਬ ਐਵਨਿਊ' ਹੋਵੇਗਾ। ਬਿੱਲ ਪੇਸ਼ ਕਰਦਿਆਂ ਕੌਂਸਲ ਮੈਂਬਰ ਬੀਬੀ ਐਡਰੀਨ ਐਡਮਜ਼ ਨੇ ਕਿਹਾ ਕਿ ਸਿੱਖ ਤੇ ਪੰਜਾਬੀ ਭਾਈਚਾਰੇ ਨੂੰ ਉਨਾਂ ਵੱਲੋਂ ਦਿੱਤੇ ਯੋਗਦਾਨ ਬਦਲੇ ਸਥਾਨਕ ਤੇ ਸਮੁੱਚੇ ਸ਼ਹਿਰ ਵਿਚ ਮਾਨਤਾ ਦੇਣ ਦਾ ਕਾਰਜ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਸੀ। ਇਹ ਬਿੱਲ ਹੁਣ ਨਿਊਯਾਰਕ ਸ਼ਹਿਰ ਦੇ ਮੇਅਰ ਕੋਲ ਜਾਵੇਗਾ ਜਿਨਾਂ ਦੇ ਦਸਤਖਤਾਂ ਤੋਂ ਬਾਅਦ ਬਿੱਲ ਕਾਨੂੰਨ ਬਣ ਜਾਵੇਗਾ।


## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ, ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਸੋਹਣਾ-ਸੁਨੱਖਾ ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਟ ਕਰਨ ਵਿਚ ਮਦਦ ਕਰੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ 550-355-4065, ਇੰਡੀਆ 91-94655-06499

## ਵਰ ਦੀ ਲੋੜ

Suitable Ravidassia Sikh family seeking watch for our beautiful, slim and very smart girl, 35 years, 5 feet 4 inch currently working as a Doctor Dentist, looking for similar qualification and qualities in life partner, No caste-bar, please serious enquiries only and call (916) 544-4368


# ਜ਼ਮੀਨ ਨੂੰ ਲੈ ਕੇ ਸਿਆਸੀ ਤਣਾਅ ਉੱਚਤਮ ਪੱਧਰ 'ਤੇ- ਜਨਰਲ ਐਂਟੋਨੀਓ ਗੁਤਰਸ

**ਸੰਯੁਕਤ ਰਾਸ਼ਟਰ–** ਈਰਾਨ ਦੇ ਚੋਟੀ ਦੇ ਕਮਾਂਡਰ ਕਾਸਿਮ ਸੁਲੇਮਾਨੀ ਦੀ ਹੱਤਿਆ ਤੇ ਅਮਰੀਕਾ ਅਤੇ ਈਰਾਨ 'ਚ ਵੱਧਦੇ ਤਣਾਅ ਦੌਰਾਨ ਸੰਯੁਕਤ ਰਾਸ਼ਟਰ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਕਿਹਾ ਹੈ ਕਿ ਜ਼ਮੀਨ ਨੂੰ ਲੈ ਕੇ ਤਣਾਅ ਇਸ ਸਦੀ ਵਿਚ ਆਪਣੇ ਉੱਚਤਮ ਪੱਧਰ 'ਤੇ ਪੁੱਜ ਗਿਆ ਹੈ। ਦੇਸ਼ ਅਣਕਿਆਸੇ ਫ਼ੈਸਲੇ ਲੈ ਰਹੇ ਹਨ ਜਿਸ ਨਾਲ ਗ਼ਲਤਫਹਿਮੀ ਦਾ ਗੰਭੀਰ ਖ਼ਤਰਾ ਪੈਦਾ ਹੋ ਰਿਹਾ ਹੈ। ਗੁਤਰਸ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਨਵਾਂ ਸਾਲ ਸਾਡੀ ਦੁਨੀਆ



ਵਿਚ ਉਤਰਾ-ਚੜ੍ਹਾਅ ਨਾਲ ਸ਼ੁਰੂ ਹੋਇਆ ਹੈ। ਅਸੀਂ ਖ਼ਤਰਨਾਕ ਸਮੇਂ ਵਿਚ ਜੀਅ ਰਹੇ ਹਾਂ। ਉਨ੍ਹਾਂ ਆਗਾਹ ਕੀਤਾ ਕਿ ਪਰਮਾਣੂ ਅਪਾਸਾਰ ਵੀ ਹੁਣ ਜ਼ਿਆਦਾ ਸਮੇਂ ਤਕ ਚੱਲਣ ਵਾਲਾ ਨਹੀਂ ਹੈ। ਗੁਤਰਸ ਨੇ ਕਿਹਾ ਕਿ ਇਨ੍ਹਾਂ ਤਣਾਆਂ ਵਿਚਕਾਰ ਵਪਾਰ ਅਤੇ ਤਕਨੀਕੀ ਸੰਘਰਸ਼ ਕਾਰਨ ਵਿਸ਼ਵ ਬਾਜ਼ਾਰ ਅਸਥਿਰ ਹੋ ਰਹੇ ਹਨ, ਵਿਕਾਸ ਦੀ ਗਤੀ ਘੱਟ ਹੋ ਰਹੀ ਹੈ ਅਤੇ ਅਸਮਾਨਤਾਵਾਂ ਵੱਧ ਰਹੀਆਂ ਹਨ।

ਸੰਯੁਕਤ ਰਾਸ਼ਟਰ ਮੁਖੀ ਨੇ ਕਿਹਾ ਕਿ ਸਾਡਾ ਗ੍ਰਹਿ ਸੜ ਰਿਹਾ ਹੈ। ਪੌਣਪਾਣੀ ਸੰਕਟ ਵੱਧਦਾ ਜਾ ਰਿਹਾ ਹੈ। ਵਿਸ਼ਵ ਦੇ ਕਈ ਹਿੱਸਿਆਂ ਵਿਚ ਅਸੀਂ ਬਹੁਤ ਸਾਰੇ ਲੋਕਾਂ ਨੂੰ ਨਿਰਾਸ਼ ਅਤੇ ਗੁੱਸੇ ਵਿਚ ਦੇਖ ਰਹੇ ਹਾਂ। ਅਸੀਂ ਖ਼ਾਸ ਕਰ ਕੇ ਅਫਰੀਕਾ ਵਿਚ ਵੱਧਦੀ ਸਮਾਜਿਕ ਅਸ਼ਾਂਤੀ, ਵੱਧਦੇ ਕੱਟੜਪੁਣੇ, ਰਾਸ਼ਟਰਵਾਦ, ਕੱਟੜਤਾ ਅਤੇ ਅੱਤਵਾਦ ਨੂੰ ਦੇਖ ਰਹੇ ਹਾਂ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਅਜਿਹੀ ਸਥਿਤੀ ਬਹੁਤ ਦਿਨਾਂ ਤਕ ਨਹੀਂ ਰਹਿਣ ਵਾਲੀ ਹੈ। ਮੈਂ ਹਾਲ ਹੀ ਵਿਚ ਵਧੇ ਵਿਸ਼ਵ ਦੇ ਤਣਾਅ ਨੂੰ ਲੈ ਕੇ ਬਹੁਤ ਚਿੰਤਤ ਹਾਂ। ਮੈਂ ਦੁਨੀਆ ਭਰ ਦੇ ਮੁੱਖ ਅਧਿਕਾਰੀਆਂ ਨਾਲ ਨਿਰੰਤਰ ਸੰਪਰਕ ਵਿਚ ਹਾਂ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਪੁਰਬ ਮਨਾਇਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਫਤਾਵਾਰੀ ਦੀਵਾਨ ਸਜਾਏ ਗਏ, ਜਿਸ ਵਿਚ ਸਰਬੰਸਦਾਨੀ, ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਗੁਰਮੁਖ ਪਰਿਵਾਰ ਸ. ਬਖਸ਼ੀਸ਼ ਸਿੰਘ ਜੀ ਸੱਗੀ, ਬੀਬੀ ਸਤਵੰਤੀ ਕੌਰ ਸੱਗੀ ਅਤੇ ਸਾਰੇ ਸੱਗੀ ਪਰਿਵਾਰ ਵੱਲੋਂ ਸਤਿਗੁਰਾਂ ਦਾ ਸ਼ੁਕਰਾਨਾ ਕਰਦੇ ਹੋਏ 3 ਜਨਵਰੀ ਦਿਨ ਸ਼ੁੱਕਰਵਾਰ ਨੂੰ ਗੁਰਬਾਣੀ ਦੇ ਅਖੰਡ ਪਾਠ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 5 ਜਨਵਰੀ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ, ਭਾਈ ਗੁਰਦਿਆਲ ਸਿੰਘ ਜੀ (ਸੁਦਾਣੇ ਵਾਲੇ) ਦੇ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗੁਰੂ ਘਰ ਦੇ ਚੇਅਰਮੈਨ ਸ. ਗੁਰਨਾਮ ਸਿੰਘ ਭੰਡਾਲ ਨੇ ਗੁਰਮਤਿ ਇਤਿਹਾਸਕ ਵਿਚਾਰਾਂ ਸਾਂਝੀਆਂ ਕੀਤੀਆਂ। ਸਟੇਜ ਸਕੱਤਰ ਦੀ ਡਿਊਟੀ ਸ. ਗੁਰਦੀਪ ਸਿੰਘ ਹੀਰਾ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ। ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਅਦਾਰਾ 'ਦੇਸ਼ ਦੁ-ਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਵੱਲੋਂ 'ਪ੍ਰਥਮ ਧੰਨਵਾਦ ਸਮਾਗਮ' ਮੌਕੇ ਹਾਜ਼ਰੀਆਂ ਨਾ ਭਰ ਸਕਣ ਵਾਲੇ ਐਲ. ਏ. ਮਰਚੈਂਡਾਈਜ਼ ਦੇ ਮਾਲਕ ਸ. ਹਰਦੇਵ ਸਿੰਘ ਬੀਸਲਾ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਪ੍ਰਧਾਨ ਸਰਵ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਵਾਈਸ ਚੇਅਰਮੈਨ ਪਰਸ਼ੋਤਮ ਸੂਦ ਅਤੇ ਕੈਸ਼ੀਅਰ ਰਾਮ ਸੇਵਕ ਭਾਟੀਆ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। **(ਤਸਵੀਰਾਂ ਸਫਾ 13 'ਤੇ)**

**ਗੁਰੂ ਘਰ ਵਿਖੇ ਲੋਹੜੀ ਦਾ ਪ੍ਰੋਗਰਾਮ**
**13 ਜਨਵਰੀ 2020 ਨੂੰ ਸ਼ਾਮੀ 5 ਵਜੇ ਤੋਂ 8 ਵਜੇ ਤੱਕ ਮਨਾਇਆ ਜਾਵੇਗਾ।**

**Sikh History Seminar**
**Sunday, Jan. 12 th , 2020**
**Time: 10:45 am – 12:00 pm**
Shri Guru Ravidass Gurdwara
(1480 Hayne Ave, Yuba City, CA 95993)

The following topics will be covered:
1. The detailed history of Saga ("Saka") of Chamkaur and Sirhind (Martyrdom of the four Sahibzadas)
2. The history of eight days (Dec 20 th , 1704 through Dec 27 th , 1704)
3. What is in the Zafarnama (Written by Guru Gobind Singh Ji)

This seminar is for older students and adults who have little or no background in Sikh history. We encourage you to attend this seminar even if you do not speak or understand Punjabi. All the topics in this presentation will be covered in English and Punjabi. Important pictures related to the history of the Chaar Sahibzadey and Zafarnama will also be shared on screen.

# ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ ਵਿਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਭਾਈ ਕੁਲਬੀਰ ਸਿੰਘ, ਭਾਈ ਸਤਨਾਮ ਸਿੰਘ ਨੇ ਤਬਲਾ ਮਾਸਟਰ ਭਾਈ ਤਾਰਾ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨੇ ਕੀਰਤਨ ਕਰਕੇ ਅਤੇ ਕਥਾਵਾਚਕ ਭਾਈ ਅਮਨ ਸਿੰਘ ਨੇ ਦਸਵੇਂ ਪਾਤਸ਼ਾਹ ਦੇ ਜੀਵਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਗੁਰੂ ਦਾ ਜੱਸ ਗਾਇਨ ਕੀਤਾ। ਗੁਰੂ ਘਰ ਦੇ ਕਵੀਸ਼ਰੀ ਜਥੇ ਭਾਈ ਹਰਦਿਆਲ ਸਿੰਘ, ਭਾਈ ਕਾਰਜ ਸਿੰਘ ਤੇ ਭਾਈ ਬਲਬੀਰ ਸਿੰਘ ਗੁਰ ਜੀ ਦੇ ਜੀਵਨ ਤੇ ਲਾਸਾਨੀ ਕੁਰਬਾਨੀਆਂ ਦੀਆਂ ਵਾਰਾਂ ਸੁਣਾ ਕੇ ਸੰਗਤ 'ਚ ਜੋਸ਼ ਭਰ ਦਿੱਤਾ। ਅਖੀਰ ਵਿਚ ਭਾਈ ਸਾਧੂ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਸੱਪਰਾਂ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਸੱਚਾ ਮਾਰਗ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਕੀਰਤਨ ਰਾਹੀਂ ਗੁਰੂ ਦਾ ਜੱਸ ਗਾਇਨ ਕੀਤਾ ਅਤੇ ਭਾਈ ਮੋਹਨ ਸਿੰਘ ਹੈਡ ਗ੍ਰੰਥੀ ਨੇ ਅਰਦਾਸ ਕਰਕੇ ਸਮੂਹ ਸੰਗਤ ਦੀ ਭਲਾਈ ਲਈ ਕਾਮਨਾ ਕੀਤੀ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਗੁਰੂ ਜੀ ਦੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਬੋਥਲ ਤੇ ਮੈਰੀਸਵੈਲ ਵਿਚ ਵੀ ਦਸਮੇਸ਼ ਪਿਤਾ ਜੀ ਦਾ ਗੁਰਪੁਰਬ ਮਨਾਇਆ।

# ਨਿਰਭਯਾ ਬਲਾਤਕਾਰ/ ਕਤਲ ਕੇਸ: ਚਾਰ ਦੋਸ਼ੀਆਂ ਨੂੰ ਫਾਂਸੀ 22 ਨੂੰ

**ਨਵੀਂ ਦਿੱਲੀ–** ਇਥੋਂ ਦੀ ਅਦਾਲਤ ਨੇ 2012 ਦੇ ਸਨਸਨੀਖੇਜ਼ ਨਿਰਭਯਾ ਸਮੂਹਿਕ ਜਬਰ-ਜਨਾਹ ਅਤੇ ਹੱਤਿਆ ਕੇਸ ਦੇ ਚਾਰ ਦੋਸ਼ੀਆਂ ਨੂੰ 22 ਜਨਵਰੀ ਨੂੰ ਫਾਂਸੀ ਦੇਣ ਦਾ ਹੁਕਮ ਸੁਣਾਇਆ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀਆਂ ਨੂੰ ਤਿਹਾੜ ਜੇਲ੍ਹ 'ਚ ਸਵੇਰੇ ਸੱਤ ਵਜੇ ਫਾਹੇ ਟੰਗਿਆ ਜਾਵੇ। ਵਧੀਕ ਸੈਸ਼ਨ ਜੱਜ ਸਤੀਸ਼ ਕੁਮਾਰ ਅਰੋੜਾ ਨੇ ਅੱਜ ਇਹ ਫ਼ੈਸਲਾ ਸੁਣਾਉਂਦਿਆਂ ਚਾਰ ਦੋਸ਼ੀਆਂ ਮੁਕੇਸ਼ (32), ਪਵਨ ਗੁਪਤਾ (25), ਵਿਨੇ ਸ਼ਰਮਾ (26) ਅਤੇ ਅਕਸ਼ੇ ਕੁਮਾਰ ਸਿੰਘ (31) ਖ਼ਿਲਾਫ਼ ਮੌਤ ਦੇ ਵਾਰੰਟ ਜਾਰੀ ਕਰ ਦਿੱਤੇ। ਚਾਰੇ ਦੋਸ਼ੀਆਂ ਨੂੰ ਤਿਹਾੜ ਦੀ ਜੇਲ੍ਹ ਨੰਬਰ 3 'ਚ ਫਾਂਸੀ ਦਿੱਤੀ ਜਾਵੇਗੀ। ਤਿੰਨ ਦੋਸ਼ੀ ਜੇਲ੍ਹ ਨੰਬਰ 2 ਜਦਕਿ ਇਕ ਜੇਲ੍ਹ ਨੰਬਰ 4 'ਚ ਬੰਦ ਹੈ। ਸੂਤਰਾਂ ਨੇ ਕਿਹਾ ਕਿ ਜੱਲਾਦ ਨੂੰ ਮੇਰਠ ਤੋਂ ਸੱਦਿਆ ਜਾਵੇਗਾ।

**ਸੁਣਵਾਈ ਦੌਰਾਨ ਇਸਤਗਾਸਾ ਧਿਰ ਨੇ ਕਿਹਾ ਕਿ ਦੋਸ਼ੀਆਂ ਦੀ ਕੋਈ ਵੀ** ਅਰਜ਼ੀ ਕਿਸੇ ਵੀ ਅਦਾਲਤ ਜਾਂ ਰਾਸ਼ਟਰਪਤੀ ਕੋਲ ਬਕਾਇਆ ਨਹੀਂ ਪਈ ਹੈ ਅਤੇ ਸੁਪਰੀਮ ਕੋਰਟ ਨੇ ਉਨ੍ਹਾਂ ਦੀਆਂ ਸਾਰੀਆਂ ਨਜ਼ਰਸਾਨੀ ਪਟੀਸ਼ਨਾਂ ਨੂੰ ਵੀ ਰੱਦ ਕਰ ਦਿੱਤਾ ਹੈ। ਉਨ੍ਹਾਂ ਮੌਤ ਦੇ ਵਾਰੰਟ ਜਾਰੀ ਕਰਨ ਦੀ ਬੇਨਤੀ ਕਰਦਿਆਂ ਕਿਹਾ,''ਦੋਸ਼ੀ ਜੇਕਰ ਕਿਊਰੇਟਿਵ ਪਟੀਸ਼ਨਾਂ ਦਾਖ਼ਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪੂਰੀ ਖੁੱਲ੍ਹ ਹੈ।''



ਦੋ ਦੋਸ਼ੀਆਂ ਮੁਕੇਸ਼ ਅਤੇ ਵਿਨੇ ਦੇ ਵਕੀਲ ਨੇ ਕਿਹਾ ਕਿ ਉਹ ਸੁਪਰੀਮ ਕੋਰਟ 'ਚ ਕਿਊ-ਰੇਟਿਵ ਪਟੀਸ਼ਨ ਦਾਖ਼ਲ ਕਰਨ ਜਾ ਰਹੇ ਹਨ। ਕੇਸ ਦੀ ਜਦੋਂ ਸੁਣਵਾਈ ਸ਼ੁਰੂ ਹੋਈ ਤਾਂ ਵਕੀਲ ਐੱਮ ਐੱਲ ਸ਼ਰਮਾ ਨੇ ਕਿਹਾ ਕਿ ਉਹ ਮੁਕੇਸ਼ ਵੱਲੋਂ ਪੇਸ਼ ਹੋ ਰਹੇ ਹਨ। ਉਂਜ ਪਿਛਲੀ ਤਰੀਕ 'ਤੇ ਅਦਾਲਤ ਵੱਲੋਂ ਮੁਕੇਸ਼ ਦੀ ਪੈਰਵੀ ਲਈ ਨਿਯੁਕਤ ਅਦਾਲਤੀ ਮਿੱਤਰ ਵਰਿੰਦਾ ਗਰੋਵਰ ਨੇ ਕਿਹਾ ਕਿ ਸ਼ਰਮਾ ਕੋਲ ਉਸ ਦੀ ਨੁਮਾਇੰਦਗੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਅਦਾਲਤ ਨੇ ਦੋਵਾਂ ਦੀਆਂ ਦਲੀਲਾਂ ਸੁਣਨ ਮਗਰੋਂ ਸ਼ਰਮਾ ਨੂੰ ਹਦਾਇਤ ਕੀਤੀ ਕਿ ਉਹ ਵਕ-ਾਲਤਨਾਮਾ ਦਿਖਾਉਣ ਕਿ ਮੁਕੇਸ਼ ਨੇ ਉਨ੍ਹਾਂ ਨੂੰ ਕੇਸ ਲੜਨ ਦਾ ਅਧਿਕਾਰ ਦਿੱਤਾ ਹੈ।

ਜਿਵੇਂ ਹੀ ਅਦਾਲਤ ਨੇ ਮੌਤ ਦੇ ਵਾਰੰਟ ਜਾਰੀ ਕਰਨ ਦੇ ਹੁਕਮਾਂ ਨੂੰ ਦੁਪਹਿਰ ਬਾਅਦ ਸਾਢੇ ਤਿੰਨ ਵਜੇ ਤੱਕ ਰਾਖਵਾਂ ਰੱਖਣ ਲਈ ਕਿਹਾ ਤਾਂ ਮੁਕੇਸ਼ ਦੀ ਮਾਂ ਕਮਰੇ 'ਚ ਰੋਂਦਿਆਂ ਹੋਈ ਦਾਖ਼ਲ ਹੋਈ ਅਤੇ ਅਦਾਲਤ ਨੂੰ ਰਹਿਮ ਦੀ ਅਪੀਲ ਕੀਤੀ ਪਰ ਅਦਾਲਤ ਨੇ ਉਸ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਆਖਿਆ ਕਿ ਉਸ ਦੇ ਪੁੱਤਰ ਨੂੰ ਫਸਾਇਆ ਗਿਆ ਹੈ ਕਿਉਂਕਿ ਉਹ ਗਰੀਬ ਹੈ।


Law Office of
NIRWAN & ASSOCIATES



www.nirwanlaw.com

Business
Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

ਦੇਸ਼ ਦੁਆਬਾ

## ਸ਼ਰਮਨਾਕ ਘਟਨਾ

ਨਫ਼ਰਤ ਦੀ ਅੱਗ 'ਚ ਗ੍ਰਸਤ ਹਜੂਮ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ, ਨਨਕਾਣਾ ਸਾਹਿਬ ਨੂੰ ਨੇਸਤੋ-ਨਾਬੂਦ ਕਰ ਕੇ ਉਸ 'ਤੇ ਮਸਜਿਦ ਉਸਾਰਨ ਦੀ ਧਮਕੀ ਤਕ ਦੇ ਦਿੱਤੀ ਹੈ। ਨੇੜਲੀ ਮਸਜਿਦ ਵਿਚ ਜੁੰਮੇ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਭੀੜ ਨੇ ਜਨਮ ਅਸਥਾਨ ਦੀ ਘੇਰਾਬੰਦੀ ਕਰਦਿਆਂ ਸਿੱਖਾਂ ਨੂੰ ਨਨਕਾਣਾ ਸਾਹਿਬ 'ਚੋਂ ਭਜਾਉਣ ਦਾ ਵੀ ਐਲਾਨ ਕਰ ਦਿੱਤਾ। ਸ਼ਰਾਰਤੀ ਅਨਸਰਾਂ ਦੀ ਅਗਵਾਈ ਉਸ ਮੁਹੰਮਦ ਅਹਿਸਾਨ ਦਾ ਭਰਾ ਕਰ ਰਿਹਾ ਸੀ ਜਿਸ ਨੇ ਸਿੱਖ ਗ੍ਰੰਥੀ ਭਗਵਾਨ ਸਿੰਘ ਦੀ ਬੇਟੀ ਜਗਜੀਤ ਕੌਰ ਨੂੰ ਘਰੋਂ ਅਗਵਾ ਕਰ ਕੇ ਉਸ ਨਾਲ ਜਬਰੀ ਨਿਕਾਹ ਕਰਵਾਇਆ ਸੀ। ਇਸ ਮਗਰੋਂ ਹਿੰਦੂ-ਸਿੱਖ ਤੇ ਪਾਕਿਸਤਾਨ ਦੀਆਂ ਹੋਰ ਘੱਟ ਗਿਣਤੀਆਂ ਦੇ ਲੋਕਾਂ ਵਿਚ ਜ਼ਬਰਦਸਤ ਰੋਸ ਦੀ ਲਹਿਰ ਦੌੜ ਪਈ ਸੀ। ਨਨਕਾਣਾ ਸਾਹਿਬ ਦੀ ਭਾਗਾਂਵਾਲੀ ਧਰਤੀ 'ਤੇ ਅਜਿਹੀ ਮੰਦਭਾਗੀ ਘਟਨਾ ਪਹਿਲੀ ਵਾਰ ਵਾਪਰੀ ਹੈ। ਘੁੱਗ ਵਸਦੀ ਇਸ ਨਗਰੀ ਦੇ ਵਾਸੀ ਤਾਂ ਖ਼ੁਦ ਨੂੰ ਭਾਗਾਂਵਾਲਾ ਸਮਝਦੇ ਆਏ ਹਨ ਕਿਉਂਕਿ ਬਾਬੇ ਨਾਨਕ ਦਾ ਜਨਮ ਅਸਥਾਨ ਹੋਣ ਕਾਰਨ ਹੀ ਨਨਕਾਣਾ ਸਾਹਿਬ ਦੁਨੀਆ ਦੇ ਨਕਸ਼ੇ 'ਤੇ ਉੱਭਰਿਆ ਹੈ। ਇਸ ਧਰਤੀ ਦੇ ਲਾਲ ਨੇ ਬਾਬਰ ਵਰਗੇ ਵਿਦੇਸ਼ੀ ਹਮਲਾਵਰਾਂ ਖ਼ਿਲਾਫ਼ ਵਿਦਰੋਹ ਕਰਦਿਆਂ ਕਲਮ ਚੁੱਕੀ ਸੀ। ਇਸੇ ਕਰਕੇ ਇਹ 'ਘੜੀਐ ਸਬਦੁ ਸਚੀ ਟਕਸਾਲ' ਦੀ ਧਰਤੀ ਬਣ ਗਈ। ਵਿਦੇਸ਼ੀ ਧਾੜਵੀਆਂ ਨੂੰ ਬਾਬੇ ਨੇ 'ਪਾਪ ਕੀ ਜੰਞ' ਨਾਲ ਤਸ਼ਬੀਹ ਦਿੱਤੀ ਸੀ। ਇਸ ਧਰਤੀ ਦਾ ਜਾਇਆ, ਬਾਬਰ ਨੂੰ ਲਾਹਨਤਾਂ ਪਾਉਂਦਾ ਹੈ, 'ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ' (ਭਾਵ, ਇਸ ਖ਼ੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਲਹੂ ਦਾ ਕੇਸਰ ਛਿੜਕੇ ਜਾਣ ਤੋਂ ਬਾਅਦ ਹਰ ਪਾਸੇ ਵਿਰਲਾਪ ਹੋ ਰਿਹਾ ਹੈ)। ਆਸਾ ਮਹਲਾ ਪਹਿਲਾ 'ਚ ਇਸ ਨਗਰੀ ਦਾ ਇਹ ਕ੍ਰਾਂਤੀਕਾਰੀ ਸ਼ਾਇਰ ਰੱਬ ਨਾਲ ਆਢਾ ਲੈਂਦਾ ਹੋਇਆ ਉਸ ਨੂੰ ਨਿਹੋਰਾ ਮਾਰਦਾ ਹੈ, 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।' ਲੋਕਾਈ ਖ਼ਾਤਰ ਜੂਝਣ ਵਾਲੇ ਰਹਿਬਰ ਦੇ ਘਰ 'ਤੇ ਪੱਥਰਬਾਜ਼ੀ ਕਰਨ ਵਾਲਿਆਂ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਹੀ ਨਹੀਂ ਕਿ ਉਨ੍ਹਾਂ ਦੇ ਹੱਥੋਂ ਕਿੱਡਾ ਵੱਡਾ ਪਾਪ ਹੋਇਆ ਹੈ।

ਇਨ੍ਹਾਂ ਲੋਕਾਂ ਨੇ ਇਹ ਵੀ ਨਾ ਸੋਚਿਆ ਕਿ ਸਮੇਂ ਦਾ ਖ਼ੂਹ ਪੁੱਠਾ ਗੇੜਨ ਨਾਲ ਟਿੰਡਾਂ ਖਾਲੀ ਹੀ ਰਹਿੰਦੀਆਂ ਹਨ। ਗੁਰਦੁਆਰਾ ਜਨਮ ਅਸਥਾਨ ਨੂੰ ਢਾਹੁਣ ਦੀਆਂ ਧਮਕੀਆਂ ਦੇਣ ਵਾਲਿਆਂ ਨੂੰ ਇਸ ਗੱਲ ਦਾ ਵੀ ਇਲਮ ਨਹੀਂ ਕਿ ਨਾਨਕ ਦੇ ਘਰ ਵੱਲ ਕੈਰੀ ਅੱਖ ਕਰਨ ਵਾਲੇ ਖ਼ੁਦ ਮਲੀਆਮੇਟ ਹੁੰਦੇ ਆਏ ਹਨ। ਭੀੜ ਦੀ ਅਗਵਾਈ ਹਮੇਸ਼ਾ ਸਿਰਫਿਰੇ ਕਰਦੇ ਹਨ ਜੋ ਦੂਜਿਆਂ ਨਾਲੋਂ ਆਪਣਾ ਵੱਧ ਨੁਕਸਾਨ ਕਰਦੇ ਹਨ। ਗੁਰਧਾਮ ਨੂੰ ਢਾਹੁਣ ਦੀਆਂ ਧਮਕੀਆਂ ਦੇਣ ਵਾਲੇ ਇਹ ਵੀ ਭੁੱਲ ਗਏ ਕਿ ਬਾਬਾ ਨਾਨਕ ਤਾਂ ਕਣ-ਕਣ ਵਿਚ ਸਮਾਇਆ ਹੋਇਆ ਹੈ। ਅੱਖਾਂ ਮੁੰਦ ਕੇ ਕੋਈ ਵੀ ਬਾਬੇ ਨੂੰ ਆਪਣੇ ਦਿਲ 'ਚ ਵਸਿਆ ਹੋਇਆ ਮਹਿਸੂਸ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਰਬਾਬ' ਕਾਵਿ-ਪੁਸਤਕ 'ਚ ਸੀਮਾਂਤ ਸੋਹਲ ਲਿਖਦਾ ਹੈ, "ਕੁਝ ਜੰਗਲ ਬਾਬੇ ਦੀ ਉਡੀਕ 'ਚ ਨੇ ਕੁਝ ਸ਼ਹਿਰ ਬਾਬੇ ਤੋਂ ਬਿਨਾਂ ਜੰਗਲ ਨੇ।"

ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਉਤਸਵ ਵੇਲੇ ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਅਮਲੀ ਰੂਪ ਦੇ ਕੇ ਸ਼ਰਧਾਲੂਆਂ ਵੱਲੋਂ ਪਾਕਿਸਤਾਨ 'ਚ ਰਹਿ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਦੀ ਅਰਦਾਸ ਨੂੰ ਪੂਰਾ ਕੀਤਾ ਸੀ। ਪਾਕਿਸਤਾਨ ਦੇ ਸਦਰ ਵੱਲੋਂ ਲਾਂਘਾ ਖੋਲ੍ਹਣ ਵੇਲੇ ਕੀਤੀਆਂ ਗਈਆਂ ਭਾਵੁਕ ਤਕਰੀਰਾਂ ਨੇ ਸਿੱਖ ਭਾਈਚਾਰੇ ਦਾ ਦਿਲ ਜਿੱਤਿਆ ਸੀ ਪਰ ਨਨਕਾਣਾ ਸਾਹਿਬ ਦੀ ਅਤਿ ਮੰਦਭਾਗੀ ਘਟਨਾ ਨੇ ਉਸ 'ਤੇ ਪਾਣੀ ਫੇਰ ਦਿੱਤਾ ਹੈ। ਜੇ ਪਾਕਿ ਸਰਕਾਰ ਜ਼ਹਿਰੀਲੀਆਂ ਤਕਰੀਰਾਂ ਦੇਣ ਵਾਲਿਆਂ ਖ਼ਿਲਾਫ਼ ਕਾਰਵਾਈ ਨਹੀਂ ਕਰਦੀ ਤਾਂ ਇਹੀ ਸਮਝਿਆ ਜਾਵੇਗਾ ਕਿ ਕਰਤਾਰਪੁਰ ਦਾ ਲਾਂਘਾ ਖੋਲ੍ਹਣ ਦੇ ਬਾਵਜੂਦ ਉੱਥੋਂ ਦੇ ਹਾਕਮਾਂ ਦੇ ਦਿਲ ਅਜੇ ਵੀ ਨਹੀਂ ਖੁੱਲ੍ਹੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼

ਦਸ਼ਮੇਸ਼ ਜੀ ਦਾ ਜਨਮ ਪ੍ਰਕਾਸ਼ 5 ਜਨਵਰੀ 1666 ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਵਿਖੇ ਪਟਨਾ (ਬਿਹਾਰ) 'ਚ ਹੋਇਆ। ਆਪ ਜੀ ਦੇ ਜਨਮ ਪ੍ਰਕਾਸ਼ ਸਮੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਢਾਕੇ (ਬੰਗਾਲ) ਵਿੱਚ ਸਨ। ਆਪ ਜੀ ਦਾ ਬਚਪਨ ਨਾਮ ਗੋਬਿੰਦ ਰਾਏ ਸੀ ਜੋ ਸੰਨ 1699 ਨੂੰ ਖਾਲਸਾ ਸਾਜਨ ਵੇਲੇ ਗੋਬਿੰਦ ਸਿੰਘ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੇ ਅਸਾਮ ਤੋਂ ਪੰਜਾਬ ਵਿੱਚ ਵਾਪਸ ਆ ਜਾਣ ਮਗਰੋਂ ਵੀ ਪ੍ਰਵਾਰ ਕੁਝ ਚਿਰ ਪਟਨਾ ਸਾਹਿਬ ਰੁਕਿਆ ਰਿਹਾ। ਗੋਬਿੰਦ ਰਾਏ ਦੇ ਬਚਪਨ ਦੇ ਪਹਿਲੇ ਪੰਜ ਕੁ ਸਾਲ ਪਟਨੇ ਹੀ ਬੀਤੇ। ਆਪ ਦੀ ਸਿਖਲਾਈ ਪੜ੍ਹਾਈ ਦਾ ਕੰਮ ਉੱਥੇ ਹੀ ਸ਼ੁਰੂ ਹੋ ਗਿਆ ਸੀ। ਗੁਰਸਿੱਖੀ ਤੇ ਗੁਰਬਾਣੀ ਦੀ ਪੜਾਈ ਦੇ ਨਾਲ-ਨਾਲ ਆਪ ਨੂੰ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ ਤੇ ਤਾਰੀ ਆਦਿ ਵੀ ਸਿਖਾਈ ਗਈ। ਛੋਟੀ ਉਮਰ ਤੋਂ ਆਪ ਜੋਧਿਆਂ ਜਰਨੈਲਾਂ ਵਾਲੀਆਂ ਰੁਚੀਆਂ ਪੈਦਾ ਕਰਨ ਲਈ ਆਪਣੇ ਹਾਣੀਆਂ ਦੀਆਂ ਟੋਲੀਆਂ ਬਣਾ ਕੇ ਯੁੱਧ ਦਾ ਅਭਿਆਸ ਕਰਾਉਂਦੇ।



ਬਚਨਪਨ 'ਚ ਮੋਹ 'ਤੇ ਫਤਿਹ-ਕਿਸੇ ਪ੍ਰੇਮੀ ਨੇ ਆਪ ਜੀ ਵਾਸਤੇ ਸੋਨੇ ਦੇ ਕੜੇ ਭੇਟ ਕੀਤੇ ਪਰ ਸ਼ਾਮ ਵੇਲੇ ਆਪ ਗੰਗਾ ਨਦੀ ਕੰਢੇ ਖੇਡਦੇ ਸਮੇ ਇੱਕ ਕੜਾ ਗੰਗਾ 'ਚ ਸੁੱਟ ਦਿੱਤਾ। ਜਦ ਮਾਮਾ ਕ੍ਰਿਪਾਲ ਜੀ ਨੇ ਪੁੱਛਿਆ ਕਿ ਕੜਾ ਕਿੱਥੇ ਹੈ? ਮਾਮਾ ਜੀ ਨੂੰ ਗੰਗਾ ਦੇ ਕੰਢੇ 'ਤੇ ਲੈ ਗਏ, ਜਿੱਥੇ ਖੜ੍ਹੋ ਕੇ ਦੂਸਰਾ ਕੜਾ ਵੀ ਦਰਿਆ ਵਿੱਚ ਸੁੱਟ ਦਿੱਤਾ, ਉਸ ਥਾਂ ਹੁਣ ਗੁਰਦੁਆਰਾ ਗੋਬਿੰਦ ਘਾਟ ਹੈ। ਜਦ ਗੁਰੂ ਪਿਤਾ ਨੇ ਪ੍ਰਵਾਰ ਨੂੰ ਪੰਜਾਬ ਆਉਣ ਦੇ ਸੱਦੇ ਤੇ ਸੰਨ 1671 ਨੂੰ ਕੁਝ ਸੰਗਤ ਸਮੇਤ ਪੰਜਾਬ ਵੱਲ ਨੂੰ ਚਾਲੇ ਪਾਏ ਤਦ ਗੋਬਿੰਦ ਰਾਏ ਦੀ ਉਮਰ ਕੇਵਲ 5 ਸਾਲ ਦੀ ਸੀ। ਦਾਨ-ਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ, ਪਰਾਗ, ਲਖਨਊ, ਮਥੁਰਾ, ਥਾਨੇਸਰ, ਸਹਾਰਨਪੁਰ, ਆਦਿ ਥਾਵਾਂ 'ਤੇ ਹੁੰਦੇ ਹੋਏ ਭਾਦੋਂ ਮਹੀਨੇ ਪ੍ਰਵਾਰ ਸਮੇਤ ਲਖਨੌਰ ਨਗਰ ਪੁੱਜੇ ਜੋ ਅੰਬਾਲੇ ਦੇ ਨੇੜੇ ਹੈ। ਇੱਥੇ ਆਰਾਮ ਕਰਕੇ ਅਨੰਦਪੁਰ ਸਾਹਿਬ ਪਹੁੰਚ ਗਏ। ਉਸ ਵੇਲੇ ਸਾਰੇ ਇਲਾਕੇ 'ਚ ਖੁਸ਼ੀਆਂ ਦਾ ਮਹੌਲ ਸੀ।

ਧਰਮ ਤੇ ਸ਼ਾਸ਼ਤ੍ਰ ਵਿਦਿਆ-ਮਾਤਾ ਪਿਤਾ ਦੇ ਹੁਕਮ ਮੁਤਾਬਿਕ ਮਾਮਾ ਕ੍ਰਿਪਾਲ ਚੰਦ ਦੀ ਦੇਖ ਰੇਖ ਵਿੱਚ ਆਪ ਜੀ ਦੀ ਧਰਮ ਤੇ ਸ਼ਸਤਰ ਵਿਦਿਆ ਦੀ ਸਿਖਲਾਈ ਹੋਈ। ਜਿਸ ਵਿੱਚ ਰੱਬੀ ਭਗਤਾਂ, ਬਾਬੇ ਨਾਨਕ ਦੇ ਬਾਕੀ ਜਾਂਨਸ਼ੀਨਾਂ ਜਿਨ੍ਹਾਂ ਦੀ ਬਾਣੀ ਤੇ ਗੁਰ ਇਤਿਹਾਸ ਦਾ ਗਿਆਨ ਦਿੱਤਾ ਗਿਆ। ਪੰਜਾਬੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਆਦਿ ਵਿਦਿਆ ਵੀ ਸਿਖਾਈ ਗਈ। ਸ਼ਸ਼ਤ੍ਰ ਚਲਾਉਣ ਅਤੇ ਘੋੜ ਸਵਾਰੀ ਸਿਖਾਉਣ ਵਾਸਤੇ ਭਾਈ ਬੱਜਰ ਸਿੰਘ ਦੀ ਸੇਵਾ ਲਾਈ ਗਈ।



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਿਆਈ-ਪਿਤਾ ਗੁਰੂ ਦੀ ਸ਼ਹੀਦੀ ਤੋਂ ਤੁਰੰਤ ਬਾਅਦ ਕਰੀਬ ਨੌਂ ਸਾਲ ਦੀ ਉਮਰ ਵਿੱਚ 11 ਨਵੰਬਰ 1675 ਨੂੰ ਗੁਰਤਾ ਪ੍ਰਾਪਤ ਹੋਈ। ਅਠਾਰਾਂ ਸਾਲ ਦੀ ਉਮਰ 'ਚ ਆਪ ਜੀ ਦਾ ਅਨੰਦ ਕਾਰਜ ਮਾਤਾ ਜੀਤੋ ਜੀ ਨਾਲ 1684 ਈ. ਨੂੰ ਗੁਰੂ ਕੇ ਲਾਹੌਰ ਨੇੜੇ ਅਨੰਦਪੁਰ ਵਿਖੇ ਹੋਇਆ। ਮਾਤਾ ਜੀਤੋ ਦਾ ਨਾਮ ਉਸ ਵੇਲੇ ਦੇ ਰਿਵਾਜ ਅਨੁਸਾਰ ਸਹੁਰੇ ਘਰ ਵਿਖੇ ਬਦਲ ਕੇ ਸੁਹਣੀ ਸੁਲੱਖਣੀ ਹੋਣ ਕਰਕੇ ਸੁੰਦਰੀ ਰੱਖਿਆ ਗਿਆ। ਸਮੇ ਨਾਲ ਮਾਤਾ ਜੀਤੋ ਦੀ ਕੁਖ ਤੋਂ ਚਾਰ ਬੱਚੇ ਪੈਦਾ ਹੋਏ ਜਿਨ੍ਹਾਂ ਨੂੰ ਸਤਿਕਾਰ ਨਾਲ ਸਾਹਿਬਜ਼ਾਦੇ ਤੇ ਬਾਬੇ ਕਿਹਾ ਜਾਂਦਾ ਹੈ। ਸਾਹਿਬਜ਼ਾਦਿਆਂ ਦੀਆਂ ਕ੍ਰਮਵਾਰ ਜਨਮ ਤਾਰੀਖਾਂ ਇਹ ਹਨ-ਬਾਬਾ ਅਜੀਤ ਸਿੰਘ ਸੰਨ 1686 ਈਸਵੀ, ਬਾਬਾ ਜੁਝਾਰ ਸਿੰਘ 1690, ਬਾਬਾ ਜੋਰਾਵਰ ਸਿੰਘ 1696, ਬਾਬਾ ਫ਼ਤਿਹ ਸਿੰਘ ਦਾ 1698 ਈਸਵੀ। ਵੱਡੇ ਸਾਹਿਬਜ਼ਾਦੇ ਚਮਕੌਰ 'ਚ ਮੁਗਲੀਆ ਜ਼ਾਲਮ ਸਰਕਾਰ ਦੀਆਂ ਭਾਰੀ ਫੌਜਾਂ ਨਾਲ ਲੋਹਾ ਲੈਂਦੇ ਮੈਦਾਨਿ-ਜੰਗ ਚਮਕੌਰ ਤੇ ਛੋਟੇ ਸਰਹਿੰਦ ਵਿਖੇ ਸੱਚ ਧਰਮ ਦੀ ਖਾਤਿਰ ਈਨ ਨਾ ਮੰਨਦੇ ਅਣਖ ਤੇ ਗੈਰਤ ਨਾਲ ਜੂਝਦੇ ਸ਼ਹੀਦ ਹੋਏ।

ਕਾਰਨਾਮੇ-ਕਿਲੇ, ਤਖਤ ਤੇ ਹੋਰ ਅਸਥਾਨ ਰਚੇ ਤੇ ਵਸਾਏ ਜਿਵੇਂ ਤਖਤ ਕੇਸ ਗੜ੍ਹ ਤੇ ਕਿਲੇ ਫਤਹਿ ਗੜ੍ਹ, ਹੋਲ ਗੜ੍ਹ, ਅਨੰਦ ਗੜ੍ਹ ਤੇ ਲੋਹ ਗੜ੍ਹ, ਧਰਮ ਪ੍ਰਚਾਰ ਅਸਥਾਨ ਪਾਉਂਟਾ ਸਾਹਿਬ, ਦਮਦਮਾ ਸਾਹਿਬ-ਤਲਵੰਡੀ, ਗੁਰੂ ਕਾ ਲਾਹੌਰ-ਨਾਹਨ ਹਿਮਾਚਲ ਤੇ ਹਜੂਰ ਸਾਹਿਬ ਅਬਚਲ ਨਗਰ-ਨਾਦੇੜ। ਜੰਗਾਂ-ਭੰਗਾਣੀ, ਨਦੌਣ, ਗੁਲੇਰ ਜਾ ਹੁਸੈਨੀ, ਅਨੰਦਪੁਰ, ਚਮਕੌਰ ਅਤੇ ਮੁਕਤਿਸਰ ਆਦਿਕ ਥਾਵਾਂ ਤੇ 14 ਜੰਗਾਂ ਲੜੀਆਂ।

ਕਸ਼ਮੀਰ ਵਿੱਚ ਜਦੋਂ ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ੇਰ ਅਫ਼ਗਾਨ ਖਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਤਾਂ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਨੇ ਗੁਰੂ ਦਰਬਾਰ ਅਨੰਦਪੁਰ ਸਾਹਿਬ ਆ ਫ਼ਰਿਆਦ ਕੀਤੀ ਤਾਂ ਗੁਰੂ ਜੀ ਵੱਲੋਂ ਸ਼ਰਣ ਆਏ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਜਾਉ, ਔਰੰਗਜ਼ੇਬ ਨੂੰ ਕਹਿ ਦੋ ਕਿ ਜੇ ਉਹ "ਗੁਰੂ" ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਖ਼ੁਦ ਹੀ ਮੁਸਲਮਾਨ ਬਣ ਜਾਵਾਂਗੇ। ਬਾਲ ਗੋਬਿੰਦ ਰਾਏ ਉਸ ਵੇਲੇ ਨੌਂ ਸਾਲ ਦੇ ਸਨ, ਇਸ ਫੈਸਲੇ 'ਤੇ ਖੁਸ਼ੀ ਨਾਲ ਮੁਸਕਰਾਏ। ਗੁਰੂ ਪਾਤਸ਼ਾਹ ਹੋਣਹਾਰ ਸਾਹਿਬਜ਼ਾਦੇ ਦੀ ਸੂਝ ਬੂਝ ਤੇ ਦਲੇਰੀ ਤੱਕ ਆਪਣੇ ਅਗਲੇ ਉਤਰਾਧਿਕਾਰੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਸਮਝ ਕੇ ਆਪਣੇ ਸਿੱਖਾਂ ਭਾ. ਮਤੀ ਦਾਸ, ਭਾ. ਦਿਆਲਾ ਅਤੇ ਭਾ. ਸਤੀ ਦਾਸ ਜੀ ਸਮੇਤ ਚਾਦਨੀ ਚੌਂਕ (ਦਿੱਲੀ) ਵੱਲ ਚੱਲ ਪਏ। ਉਸ ਸਮੇ ਔਰੰਗਜ਼ੇਬ ਨੇ ਗੁਰੂ ਪਾਤਸ਼ਾਹ ਅੱਗੇ ਸ਼ਰਤਾਂ ਰੱਖੀਆਂ ਕਿ ਇਸ ਮਸਲੇ ਨੂੰ ਛੱਡ ਦਿਓ, ਇਸਲਾਮ ਧਾਰਨ ਕਰ ਲਓ ਜਾਂ ਫਿਰ ਮੌਤ ਕਬੂਲ ਕਰਨੀ ਪਵੇਗੀ ਤਾਂ ਗੁਰੂ ਜੀ ਨੇ ਭਰੀ ਸਭਾ 'ਚ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਨੂੰ ਬਹਾਦਰੀ ਭਰੇ ਲਹਿਜੇ 'ਚ ਕਿਹਾ ਕਿ ਜ਼ਬਰੀ ਕਿਸੇ ਦਾ ਮਜਹਬ ਤਬਦੀਲ ਕਰਨਾ ਇਸਾਨੀਅਤ ਨਹੀਂ ਹਰੇਕ ਨੂੰ ਅਜ਼ਾਦੀ ਨਾਲ ਜੀਣ ਦਾ ਹੱਕ ਹੈ। ਇਸਲਾਮ ਅਸੀਂ ਕਬੂਲ ਨਹੀਂ ਕਰਨਾ ਅਤੇ ਮੌਤ ਅਸੀਂ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ ਜੋ ਹਰੇਕ 'ਤੇ ਇਕ ਦਿਨ ਆ ਜਾਂਦੀ ਹੈ ਤਾਂ ਪਾਪੀ ਔਰੰਗੇ ਦੇ ਹੁਕਮ ਨਾਲ 11 ਨਵੰਬਰ 1675 ਈਸਵੀ ਨੂੰ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਤਸੀਹੇ ਦੇ ਕੇ, ਸੀਸ ਗੰਜ਼ ਵਾਲੇ ਥਾਂ 'ਤੇ ਸ਼ਹੀਦ ਕਰ ਦਿੱਤਾ ਗਿਆ। ਭਾ. ਜੈਤਾ ਗੁਰੂ ਜੀ ਦੇ ਸੀਸ ਨੂੰ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ, ਗੁਰੂ ਗੋਬਿੰਦ ਸਿੰਘ ਜੀ ਨੇ ਭਾ. ਸਾਹਿਬ ਨੂੰ ਛਾਤੀ ਨਾਲ ਲਾ ਪਿਆਰ ਗਲਵਕੜੀ 'ਚ ਲੈ "ਗੁਰੂ ਕੇ ਬੇਟੇ" ਕਹੇ ਨਿਵਾਜ਼ਿਆ ਅਤੇ ਆਪ ਗੁਰਤਾ ਤੇ ਆਗੂ ਵਾਲੀਆਂ ਸਾਰੀਆਂ ਜ਼ੁਮੇਵਾਰੀਆਂ ਗੁਰੂ ਪਿਤਾ ਦਾ ਹੁਕਮ ਮੰਨਦੇ ਸੰਭਾਲ ਲਈਆਂ।

ਸੰਨ 1684 'ਚ ਪਿਤਾ ਗੁਰੂ ਤੇਗਬਹਾਦਰ ਜੀ ਦਾ ਵਸਾਇਆ "ਚੱਕ ਨਾਨਕੀ" ਅਹਿਮ ਨਗਰ ਬਣ ਚੁੱਕਾ ਸੀ ਜਿਸ ਕਰਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ। ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਔਖਾ ਭਾਰਾ ਹੋ ਗਿਆ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਲੜਕੇ ਦੀ ਮੰਗਣੀ 'ਤੇ ਪਰਸਾਦੀ ਹਾਥੀ, ਚਾਂਦਨੀ ਆਦਿਕ ਨਾਂ ਦਿੱਤੇ। ਸੰਨ 1685 ਦੇ ਸ਼ੁਰੂ ਵਿੱਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ ਨੇ ਗੁਰੂ ਪਾਤਸ਼ਾਹ ਨੂੰ ਆਪਣੀ ਰਿਆਸਤ 'ਚ ਦਰਸ਼ਨ ਦੇਣ ਲਈ ਅਰਜ਼ ਕੀਤੀ ਤਾਂ 14 ਅਪ੍ਰੈਲ 1685 ਨੂੰ ਗੁਰੂ ਸਾਹਿਬ ਨਾਹਨ ਪੁੱਜੇ। ਆਪ ਨੇ ਰਿਆਸਤ ਦਾ ਦੌਰਾ ਕੀਤਾ ਤੇ ਦਰਿਆ ਜਮਨਾ ਦੇ ਕੰਢੇ 29 ਅਪ੍ਰੈਲ 1685 ਪਾਉਂਟਾ ਸਾਹਿਬ ਵਸਾਇਆ। ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ 'ਚ ਨਿਵਾਸ ਕੀਤਾ। ਇੱਥੇ ਸਿੱਖ ਸੇਵਕਾਂ ਨੂੰ ਵਿਦਿਆ ਪੜਾਈ ਤੇ ਕਵੀ ਦਰਬਾਰ ਸਜਾ ਵਿਦਵਾਨ ਕਵੀਆਂ ਦਾ ਸਨਮਾਨ ਕੀਤਾ। ਇਤਿਹਾਸ 52 ਕਵੀ ਦਸਦਾ ਹੈ।

ਭੰਗਾਣੀ ਦਾ ਭਿਆਣਕ ਯੁੱਧ-ਭੰਗਾਣੀ ਪਾਉਂਟਾ ਸਾਹਿਬ ਤੋਂ ਲਗਭਗ ਛੇ ਮੀਲ ਦੂਰ ਦੋ ਪਹਾੜਾਂ ਦੇ ਵਿਚਕਾਰ ਜਮੁਨਾ ਦੇ ਕਿਨਾਰੇ ਖੁਲ੍ਹਾ ਮੈਦਾਨ ਬਿਲਾਸਪੁਰ ਤੋਂ ਆਉਣ ਵਾਲਾ ਪ੍ਰਮੁੱਖ ਰਸਤਾ ਹੈ। ਬਾਈ ਰਿਆਸਤਾਂ 'ਚ ਵੰਡਿਆ ਹੋਣ ਕਰਕੇ ਇਸ ਇਲਾਕੇ ਨੂੰ ਬਾਈਧਾਰ ਕਿਹਾ ਜਾਂਦਾ ਹੈ ਜੋ ਜੰਮੂ ਤੋਂ ਗੜਵਾਲ ਤੱਕ, ਝਨਾਂ ਤੋਂ ਗੰਗਾ ਨਦੀ ਤੱਕ ਫੈਲਿਆ ਹੈ। ਇਨ੍ਹਾਂ ਰਿਆਸਤਾਂ ਦੇ ਸਭ ਰਾਜੇ ਸਨਾਤਨੀ ਹਿੰਦੂ ਸਨ ਜਿਨ੍ਹਾਂ ਦੇ ਵਡੇਰਿਆਂ ਨੂੰ ਛੇਵੇਂ ਪਾਤਸ਼ਾਹ ਨੇ ਗਵਾਲੀਆਰ ਦੇ ਕਿਲੇ 'ਚ 52 ਕਲੀਆ ਚੋਲਾ ਪਾ ਕੇ ਜਹਾਂਗੀਰ ਦੀ ਕੈਦ ਚੋਂ ਛੁਡਵਾਇਆ ਸੀ। ਇਨਾਂ ਦੇ ਵਾਰਸ ਰਾਜੇ ਗੁਰੂ ਸਾਹਿਬ ਦੀ ਨੀਤੀ ਤੋਂ ਔਖੇ ਸਨ। ਪੀਰ ਬੁਧੂ ਸ਼ਾਹ ਨਾਲ ਮੁਲਾਕਾਤ ਵੀ ਪਾਉਂਟਾ ਸਾਹਿਬ ਹੋਈ। ਪੀਰ ਜੀ ਨੇ ਮੁਗ਼ਲ ਫ਼ੌਜ ਵਿੱਚੋਂ ਕੱਢੇ 500 ਪਠਾਨ ਗੁਰੂ ਜੀ ਦੀ ਫੌਜ ਵਿੱਚ ਰਖਵਾਏ, ਜਿੰਨਾਂ ਦੇ ਪੰਜ ਸਰਦਾਰ ਕਾਲੇ ਖਾਂ, ਭੀਖ਼ਨ ਖਾਂ, ਨਜ਼ਾਬਤ ਖਾਂ, ਉਮਰ ਖਾਂ ਅਤੇ ਹਯਾਤ ਖਾਂ ਸਨ। ਇਨ੍ਹਾਂ ਚੋਂ ਭੰਗਾਣੀ ਯੁੱਧ ਸਮੇ ਕੇਵਲ ਕਾਲੇ ਖ਼ਾਂ ਸਰਦਾਰ ਤੋਂ ਬਿਨਾਂ ਬਾਕੀ ਚਾਰੇ ਆਪਣੇ 400 ਸਾਥੀਆਂ ਸਮੇਤ ਵਿਰੋਧੀਆਂ ਨਾਲ ਜਾ ਰਲੇ ਤਾਂ ਪੀਰ ਜੀ ਆਪਣੇ 700 ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚੇ ਜਿੱਥੇ ਉਨ੍ਹਾਂ ਦੇ ਦੋ ਭਰਾ ਤੇ ਕਈ ਮੁਰੀਦ ਸਿਪਾਹੀ ਪਠਾਨ ਵੀ ਸ਼ਹੀਦ ਹੋਏ। ਅਨੰਦਪੁਰ ਸਾਹਿਬ ਕਹਿਲੂਰ ਦੀ ਰਿਆਸਤ ਵਿੱਚ ਪੈਂਦਾ ਸੀ, ਜਿਸ ਦਾ ਰਾਜਾ ਭੀਮ ਚੰਦ ਸੀ। ਉਸ ਨੂੰ ਗੁਰੂ ਸਾਹਿਬ ਵਲੋਂ "ਰਣਜੀਤ ਨਗਾਰਾ" ਵਜਾਉਣਾ ਹੇਠੀ ਜਾਪਦੀ ਤੇ ਉਹ "ਗੁਰੂ" ਨੂੰ ਆਪਣੇ ਪ੍ਰਭਾਵ ਥੱਲੇ ਰੱਖਣਾ ਚਾਹੁੰਦਾ ਸੀ। ਇਹ ਜਾਤ-ਪਾਤੀ ਰਾਜੇ ਗਰੀਬਾਂ ਤੇ ਦਲਿਤਾਂ ਦਾ ਨਿਰਾਦਰ ਕਰਦੇ ਪਰ ਗੁਰੂ ਸਾਹਿਬ ਸਭ ਨੂੰ ਸੰਗਤ ਤੇ ਪੰਗਤ 'ਚ ਬਰਾਬਰ ਮਾਨ ਦਿੰਦੇ ਸਨ।

ਗੁਰੂ ਸਾਹਿਬ ਨੇ ਗੜਵਾਲ ਦੇ ਰਾਜੇ ਫ਼ਤਹਿ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਸੁਲਾਹ ਕਰਵਾਈ ਜੋ ਭੀਮ ਚੰਦ ਨੂੰ ਖਾਸੀ ਚੁੱਭੀ। ਇਸ ਸਮੇਂ ਦੌਰਾਨ ਰਾਜਾ ਭੀਮ ਚੰਦ ਦੇ ਲੜਕੇ ਦੀ ਮੰਗਣੀ ਰਾਜਾ ਫ਼ਤੇਹ ਸ਼ਾਹ ਦੀ ਲੜਕੀ ਨਾਲ ਹੋਈ। ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਮੇਰੇ ਪੁੱਤਰ ਦੀ ਬਰਾਤ ਬਿਲਾਸਪੁਰ ਤੋਂ ਸਿਰੀ ਨਗਰ-ਗੜ੍ਹਵਾਲ ਪਾਉਂਟੇ ਕੋਲੋਂ ਲੰਘੇਗੀ। ਬਰਾਤ 'ਚ ਫੌਜ ਵੀ ਹੋਵੇਗੀ ਜੋ ਬੇਕਾਬੂ ਹੋ ਕੇ ਤੁਹਾਨੂੰ ਲੁੱਟ ਸਕਦੀ ਹੈ, ਇਸ ਲਈ ਤੁਸੀਂ ਰਸਤੇ 'ਚੋਂ ਪਾਸੇ ਹੋ ਜਾਓ ਨਹੀਂ ਤਾਂ ਤੁਹਾਡਾ ਹੀ ਨੁਕਸਾਨ ਹੋਏਗਾ। ਗੁਰੂ ਜੀ ਨੇ ਜਵਾਬ ਦਿੱਤਾ ਕਿ ਤੁਹਾਡੇ ਪੁੱਤ੍ਰ ਦੀ ਬਰਾਤ ਨੂੰ ਰੋਕਾਂਗੇ ਨਹੀਂ ਪਰ ਫੌਜ ਰੋਕੀ ਜਾਵੇਗੀ। ਜੇਕਰ ਫੌਜ ਦਾ ਜਾਣਾ ਜ਼ਰੂਰੀ ਐ ਤਾਂ ਕਿਸੇ ਹੋਰ ਰਸਤੇ 'ਚੋਂ ਚਲੀ ਜਾਵੇ। ਇਹ ਸੁਣ ਕੇ ਭੀਮ ਚੰਦ ਗੁੱਸੇ 'ਚ ਅੱਗ ਬਲੂਲਾ ਹੋ ਗਿਆ ਤੇ ਰਾਜੇ ਫ਼ਤਹਿ ਸ਼ਾਹ ਦੁਆਰਾ ਗੁਰੂ ਜੀ ਨੂੰ ਵਿਆਹ 'ਚ ਬੁਲਾਵਾ ਭੇਜ ਦਿੱਤਾ। ਗੁਰੂ ਜੀ ਆਪ ਤਾਂ ਨਹੀਂ ਗਏ ਪ੍ਰੰਤੂ ਆਪਣੇ ਦੀਵਾਨ ਨੰਦ ਚੰਦ ਨੂੰ ਕੀਮਤੀ ਤੋਹਫੇ ਦੇ ਕੇ ਭੇਜ ਦਿੱਤਾ ਤੇ ਸੁਚੇਤ ਰਹਿਣ ਲਈ ਵੀ ਕਿਹਾ। ਸ਼ਾਦੀ ਤੋਂ ਪਹਿਲਾਂ ਭਰੀ ਸਭਾ 'ਚ ਤੋਹਫਿਆਂ ਦਾ ਐਲਾਨ ਕੀਤਾ ਗਿਆ, ਗੁਰੂ ਜੀ ਵਲੋਂ ਭੇਜੇ ਤੋਹਫ਼ੇ ਸਭ ਤੋਂ ਕੀਮਤੀ ਸਨ। ਭੀਮ ਚੰਦ ਨੇ ਪਰਸਾਦੀ ਹਾਥੀ ਦੀ ਵੀ ਮੰਗ ਕਰ ਦਿੱਤੀ ਜਿਸ ਬਾਰੇ ਨੰਦ ਚੰਦ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਕਾਬੂ ਕਰਨਾ ਚਾਹਿਆ ਪਰ ਉਹ ਕੁਝ ਸਾਥੀਆਂ ਸਮੇਤ ਹੁਸ਼ਿਆਰੀ ਨਾਲ ਬਚ ਨਿਕਲਿਆ ਤੇ ਆ ਸਾਰੀ ਵਾਰਤਾ ਗੁਰੂ ਸਾਹਿਬ ਨੂੰ ਸੁਣਾ ਦਿੱਤੀ। ਭੀਮ ਚੰਦ ਦੇ ਪੁੱਤ੍ਰ ਦੀ ਸ਼ਾਦੀ ਹੋ ਗਈ। ਲਾੜਾ ਤੇ ਵਹੁਟੀ ਬਿਲਾਸਪੁਰ ਭੇਜ ਦਿੱਤੇ ਗਏ। ਬਾਕੀ ਸਾਰੇ ਰਾਜੇ ਆਪਣੀਆਂ ਫੌਜਾਂ ਲੈ ਕੇ ਪਾਉਂਟਾ ਸਾਹਿਬ ਵੱਲ ਗੁਰੂ ਸਾਹਿਬ 'ਤੇ ਹਮਲਾ ਕਰਨ ਲਈ ਚੱਲ ਪਏ। ਇਸ ਜੰਗ 'ਚ ਕਹਿਲੂਰ ਦਾ ਰਾਜਾ ਭੀਮ ਚੰਦ, ਗੜ੍ਹਵਾਲ ਦਾ ਫ਼ਤਹਿ ਸ਼ਾਹ, ਕਾਂਗੜੇ ਦਾ ਕ੍ਰਿਪਾਲ ਚੰਦ, ਮੰਡੀ ਦਾ ਬੀਰ ਸੈਨ, ਜਸਵਾਲ ਦਾ ਕੇਸਰੀ ਚੰਦ, ਕਾਠਗੜ੍ਹ ਦਾ ਦਿਆਲ ਚੰਦ, ਹਿੰਡੌਰ ਦਾ ਹਰੀ ਚੰਦ, ਭੰਬੋਰ ਦਾ ਕਰਮ ਚੰਦ ਅਤੇ ਸ਼ਿਮਲੇ ਦਾ ਲੱਛੂ ਚੰਦ ਸ਼ਾਮਲ ਹੋਏ। ਭੰਗਾਣੀ ਦੀ ਜੰਗ 15 ਅਪ੍ਰੈਲ 1687 ਨੂੰ ਹੋਈ ਜੋ ਦਸਮੇਸ਼ ਜੀ ਵਲੋਂ ਲੜੀਆਂ ਚੌਦਾਂ ਜੰਗਾਂ ਵਿਚੋਂ ਪਹਿਲੀ ਸੀ। ਗੁਰੂ ਸਾਹਿਬ ਦੀ ਉਮਰ ਉਸ ਸਮੇਂ 21 ਸਾਲ ਸੀ, ਸੰਸਾਰ 'ਚ ਏਨੀ ਛੋਟੀ ਉਮਰੇ ਕੋਈ ਵੀ ਕਮਾਂਡਰ-ਇਨ-ਚੀਫ਼ ਨਹੀਂ ਬਣਿਆ। ਇਸ ਲੜਾਈ 'ਚ ਮਹੰਤ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ ਨਾਲ ਭਗੌੜੇ ਪਠਾਨ ਜਰਨੈਲ ਹਯਾਤ ਖ਼ਾਨ ਨੂੰ ਖਤਮ ਦਿੱਤਾ। ਅਨੇਕਾਂ ਪਹਾੜੀ ਫੌਜੀਆਂ ਸਮੇਤ ਰਾਜਾ ਹਰੀ ਚੰਦ ਵੀ ਮਾਰਿਆ ਗਿਆ।

ਗੁਰੂ ਪਾਤਸ਼ਾਹ ਦੀ ਮਦਦ ਲਈ ਪੀਰ ਬੁਧੂ ਸ਼ਾਹ ਆਪਣੇ ਚਾਰ ਪੁੱਤਰਾਂ, ਦੋਹਾਂ ਭਰਾਵਾਂ ਅਤੇ 700 ਚੇਲਿਆਂ ਸਮੇਤ ਪਹੁੰਚੇ, ਗੁਰੂ ਜੀ ਦੀ ਭੂਆ ਵੀਰੋ ਦੇ ਪੰਜ ਪੁੱਤ੍ਰ ਜੀਤ ਮੱਲ, ਸੰਗੋ ਸ਼ਾਹ, ਮੋਹਰੀ ਚੰਦ, ਗੁਲਾਬ ਰਾਇ ਅਤੇ ਗੰਗਾ ਰਾਮ ਨੇ ਵੀ ਸਾਥ ਦਿੱਤਾ। ਮਾਮਾ ਕ੍ਰਿਪਾਲ ਚੰਦ ਤੇ ਬਨਾਰਸ ਤੋਂ ਭਾਈ ਰਾਮ ਜੀ ਵੀ ਭਾਰੀ ਤੋਪ ਤੇ ਹੋਰ ਜੰਗੀ ਸਮਾਨ ਲੈ ਕੇ ਜੱਥੇ ਸਮੇਤ ਆਇਆ ਜਿਸ ਵਿੱਚ ਬੀਬੀ ਵੀਰੋ ਜੀ ਦੇ ਦੋ ਪੁੱਤਰ ਸੰਗੋ ਸ਼ਾਹ ਤੇ ਜੀਤ ਮੱਲ, ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਸੱਯਦ ਅਸ਼ਰਫ ਤੇ ਸੱਯਦ ਮੁਹੰਮਦ ਸ਼ਾਹ ਸਮੇਤ ਕਈ ਫੌਜੀ ਸ਼ਹੀਦ ਹੋ ਹੋਏ। ਪੀਰ ਬੁੱਧੂ ਸ਼ਾਹ ਨੂੰ ਦਸਤਾਰ, ਕੰਘੇ ਤੇ ਪਿਆਰ ਗਲਵਕੜੀ ਪਾ ਸਮਾਨਿਤ ਕਰਦੇ ਗੁਰੂ ਜੀ ਨੇ ਸਾਬਤ ਕਰ ਦਿੱਤਾ ਕਿ ਧਰਮ ਪ੍ਰੇਮ ਦਾ ਮਾਰਗ ਹੈ। ਅੱਗੇ 27 ਅਕਤੂਬਰ, 1688 ਦੇ ਦਿਨ, ਪਾਉਂਟਾ ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਏਪੁਰ, ਢਕੌਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਤੋਂ ਹੁੰਦੇ ਹੋਏ, ਨਵੰਬਰ ਦੇ ਅੱਧ 'ਚ, ਚੱਕ ਨਾਨਕੀ ਪਹੁੰਚੇ।

ਗੁਰੂ ਪਾਤਸ਼ਾਹ ਦਾ ਜੀਵਨ ਕਾਲ ਲੰਬਾ ਨਹੀਂ ਸਗੋਂ ਸ਼ੰਘਰਸ਼ਾਂ ਨਾਲ ਏਨਾ ਭਰਪੂਰ ਕਿ ਉਨ੍ਹਾਂ ਨੂੰ ਸ਼ਾਇਦ ਹੀ ਕਿਤੇ ਅਰਾਮ ਮਿਲਿਆ ਹੋਵੇ। ਨੇਕੀ ਬਚਾਉਣੀ ਤੇ ਬਦੀ ਖਤਮ ਕਰਨੀ ਉਨ੍ਹਾਂ ਦੇ ਜੀਵਨ ਦਾ ਉਦੇਸ਼ ਸੀ। ਇਸ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਜੰਗੀ, ਇਖਲਾਕੀ ਅਤੇ ਜਜ਼ਬਾਤੀ ਤੌਰ ਤੇ ਤਿਆਰ ਕੀਤਾ। ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ ਵਿੱਚ ਭਾਗ ਲਿਆ ਅਤੇ ਵੱਡੇ ਹਮਲਾਵਰ ਅਲਫ ਖਾਂ ਦੇ ਵਿਰੁੱਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀ ਰਾਜਿਆਂ ਦੀ ਮਦਦ ਕੀਤੀ ਕਿਉਂਕਿ ਗੁਰੂ ਜੀ ਦੀ ਭੀਮ ਚੰਦ ਨਾਲ ਕੋਈ ਦਿਲੀ ਦੁਸ਼ਮਨੀ ਨਹੀਂ ਸੀ। ਫਿਰ ਕਈ ਵਰ੍ਹਿਆਂ ਤੱਕ ਸ਼ਾਂਤੀ ਬਣੀ ਰਹੀ। ਸੰਨ 1694 ਦੇ ਅੰਤ 'ਚ ਕਾਂਗੜੇ ਦੇ ਫੌਜਦਾਰ ਦਿਲਾਵਰ ਖਾਂ ਨੇ ਆਪਣੇ ਪੁੱਤ੍ਰ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ ਜੋ ਲੜਾਈ ਅਰੰਭ ਹੋਣ ਤੋਂ ਪਹਿਲਾਂ ਹੀ ਵਾਪਸ ਭੱਜ ਗਿਆ।

ਖਾਲਸੇ ਦੀ ਸਾਜਨਾ ਤੇ ਉਪਦੇਸ਼-ਖਾਲਸਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ ਪਹਿਲੇ ਭਗਤ ਕਬੀਰ ਜੀ ਨੇ ਵਰਤਿਆ ਕਿ-ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥(ਸ਼ਬਦ ਗੁਰੂ ਗ੍ਰੰਥ) ਭਾਵ ਖਾਲਸਾ ਉਹ ਹੈ ਜੋ ਖਾਲਿਕ ਤੇ ਖਲਕਿਤ ਨਾਲ ਪ੍ਰੇਮ ਕਰਨਾ ਜਾਣਦਾ ਹੈ। ਗੁਰੂ ਸਾਹਿਬ ਨੇ ਇਸੇ ਪ੍ਰੇਮ ਧਾਰਾ ਨੂੰ ਜੀਵਨ 'ਚ ਧਾਰਨ, ਸਦਾ ਲਈ ਊਚ-ਨੀਚ ਖਤਮ ਕਰਨ, ਜਾਤ-ਪਾਤੀ ਸਿਸਟਮ ਤੋੜਨ, ਸਭ ਨੂੰ ਸਵੈਮਾਣਤਾ ਨਾਲ ਜੀਣ, ਥੋਥੇ ਕਰਮਕਾਂਡਾਂ ਦੀ ਗੁਲਾਮੀ ਦੀ ਸੰਗਲੀ ਗਲੋਂ ਲਾਹੁਣ, ਸੰਤ-ਸਿਪਾਹੀ ਬਿਰਤੀ ਦੇ ਮਾਲਕ ਹੋ, ਨਿਤ ਵਿਕਾਰਾਂ ਨਾਲ ਜੂਝਣ, ਖਾਣ ਪੀਣ ਤੇ ਰਹਿਣ ਸਾਹਿਣ ਦੇ ਵਰਨਵੰਡੀ ਭਰਮਾ ਭੁਲੇਖਿਆਂ ਨੂੰ ਦੂਰ ਕਰ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ "ਏਕ ਪਿਤਾ ਏਕਸੁ ਕੇ ਹਮ ਬਾਰਿਕ" ਹੋਣ ਦਾ ਅਹਿਸਾਸ ਮਹਿਸੂਸ ਕਰਕੇ, ਸਦਾ ਚੜ੍ਹਦੀ ਕਲਾ 'ਚ ਜੀਣ,

(ਬਾਕੀ ਸਫਾ 15 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਡਾ. ਅੰਬੇਡਕਰ ਹੀ ਸੰਵਿਧਾਨ ਦੇ ਮੁੱਖ ਨਿਰਮਾਤਾ

## ਗੁਜਰਾਤ ਦੇ ਸਪੀਕਰ ਤ੍ਰਿਵੇਦੀ ਦੀ ਟਿਪਣੀ ਨਿੰਦਣਯੋਗ, ਸੰਵਿਧਾਨ ਬਾਬਤ ਸਾਜਿਸ਼ ਬੰਦ ਕਰੋ - ਬਾਲੀ

**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੇ ਮੁਖ ਮਾਰਗਦਰਸ਼ਕ ਅਤੇ ਉਘੇ ਅੰਬੇਡਕਰਵਾਦੀ ਲਾਹੌਰੀ ਰਾਮ ਬਾਲੀ ਨੇ ਪ੍ਰੈਸ ਦੇ ਨਾਂ ਇੱਕ ਬਿਆਨ ਵਿਚ ਦੱਸਿਆ ਕਿ ਭਾਰਤੀ ਸੰਵਿਧਾਨ ਦੇ ਨਿਰਮਾਣ ਬਾਬਤ ਕੁਝ ਵਿਅਕਤੀ ਸੋਚੀ ਸਮਝੀ ਸਾਜਿਸ਼ ਤਹਿਤ ਆਮ ਲੋਕਾਂ 'ਚ ਗ਼ਲਤ ਸੂਚਨਾਵਾਂ ਫੈਲਾ ਰਹੇ ਹਨ। ਕੁਝ ਸਮਾਂ ਪਹਿਲਾਂ ਅਰੁਣ ਸ਼ੌਰੀ ਨੇ 'ਵਰਸ਼ਿਪਇੰਗ ਫਾਲ੍ਸ ਗੋਡਸ' ਅਰਥਾਤ 'ਝੂਠੇ ਦੇਵਤਿਆਂ ਦੀ ਪੂਜਾ' ਦੇ ਸਿਰਲੇਖ ਹੇਠ ਪੁਸਤਕ ਲਿਖ ਕੇ ਸੰਵਿਧਾਨ ਸੰਬੰਧੀ ਬੇਬੁਨਿਆਦ ਟਿੱਪਣੀਆਂ ਕੀਤੀਆਂ ਸਨ, ਜਿਸ ਕਰਕੇ ਉਸ ਨੂੰ ਮੂੰਹ ਦੀ ਖਾਣੀ ਪਈ। ਉਸ ਤੋਂ ਕਾਫੀ ਦੇਰ ਬਾਅਦ ਹੁਣ ਹਾਲ ਹੀ ਵਿਚ ਗੁਜਰਾਤ ਵਿਧਾਨ ਸਭਾ ਦੇ ਸਪੀਕਰ ਰਾਜਿੰਦਰ ਤ੍ਰਿਵੇਦੀ ਨੇ ਕਿਹਾ, "ਡਾ. ਬੀ ਆਰ ਅੰਬੇਡਕਰ ਨੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਸਿਹਰਾ ਬੀ.ਐਨ. ਰਾਉ ਨੂੰ ਦਿੱਤਾ ਸੀ ਜੋ ਇੱਕ ਬ੍ਰਾਹਮਣ ਸੀ।" ਤ੍ਰਿਵੇਦੀ ਨੇ ਕਿਹਾ, "ਇਹ ਰਾਉ ਹੀ ਸੀ ਜਿਸ ਨੇ ਅੰਬੇਡਕਰ ਨੂੰ ਅੱਗੇ ਰੱਖਿਆ।" ਬੀ.ਐਨ. ਰਾਉ ਸੰਵਿਧਾਨ ਦਾ ਸੰਵਿਧਾਨਕ ਸਲਾਹਕਾਰ ਸੀ ਇਸ ਲਈ ਜੋ ਉਸਦੀ ਜ਼ਿੰਮੇਦਾਰੀ ਲਗਾਈ, ਉਸਨੇ ਪੂਰੀ ਕੀਤੀ। ਸੰਵਿਧਾਨ ਦਾ ਪਹਿਲਾ ਖਰੜਾ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਦੇ ਪ੍ਰਧਾਨ ਨੂੰ 4 ਨਵੰਬਰ, 1948 ਨੂੰ ਸੰਵਿਧਾਨ ਸਭਾ ਦੇ ਵਿਚਾਰ ਵਾਸਤੇ ਪੇਸ਼ ਕੀਤਾ। ਡਰਾਫਟ ਕਮੇਟੀ ਵਿੱਚ ਸੱਤ ਮੈਂਬਰ ਸਨ। ਉਹ ਸਨ: ਬੀ.ਆਰ. ਅੰਬੇਡਕਰ - ਚੇਅਰਮੈਨ ਅਤੇ ਬਾਕੀ ਛੇ ਅਲਾਦੀ ਕ੍ਰਿਸ਼ਨ ਸਵਾਮੀ, ਐਨ. ਗੋਪਾਲਾ ਸਵਾਮੀ ਅਯਾਨਗਰ, ਕੇ ਐਮ ਮੁਨਸ਼ੀ, ਬੀ ਐਲ ਮਿੱਤਰ, ਡੀ ਪੀ ਖੇਤਾਨ ਅਤੇ ਸਯਦ ਮੁਹੰਮਦ ਸਦੁੱਲਾ ਮੈਂਬਰ ਸਨ। ਬੀ ਐਲ ਮਿੱਤਰ ਨੇ 13 ਅਕਤੂਬਰ, 1947 ਨੂੰ ਅਸਤੀਫਾ ਦੇ ਦਿੱਤਾ ਸੀ ਅਤੇ 5 ਦਸੰਬਰ, 1947 ਨੂੰ ਐਨ. ਮਾਧਵ ਰਾਓ ਨੂੰ ਉਨ੍ਹਾਂ ਦੀ ਥਾਂ ਲਿਆ ਗਿਆ ਸੀ। ਡੀ ਪੀ ਖੇਤਾਨ ਦੀ ਮੌਤ ਹੋ ਗਈ ਸੀ ਅਤੇ 5 ਫਰਵਰੀ, 1949 ਨੂੰ ਟੀ.ਟੀ.ਕ੍ਰਿਸ਼ਨਮਾਚਾਰੀ ਨੂੰ ਉਨ੍ਹਾਂ ਦੀ ਥਾਂ ਲਿਆਂਦਾ ਗਿਆ ਸੀ। ਸ਼੍ਰੀ ਬਾਲੀ ਨੇ ਕਿਹਾ ਕਿ ਟੀ. ਟੀ. ਕ੍ਰਿਸ਼ਨਮਚਾਰੀ ਨੇ ਡਾ. ਭੀਮ ਰਾਓ ਅੰਬੇਡਕਰ ਦੇ ਸਮਰਪਣ ਯੋਗਦਾਨ ਬਾਰੇ ਸੰਵਿਧਾਨ ਸਭਾ ਵਿੱਚ ਆਪਣੇ ਭਾਸ਼ਣ ਵਿੱਚ ਕਿਹਾ,"ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ ਚੁਣੇ ਗਏ ਸੱਤ ਮੈਂਬਰਾਂ ਵਿੱਚੋਂ ਇੱਕ ਨੇ ਅਸਤੀਫਾ ਦੇ ਦਿੱਤਾ, ਇੱਕ ਦੀ ਮੌਤ ਹੋ ਗਈ, ਇੱਕ ਅਮਰੀਕਾ ਰਵਾਨਾ ਹੋਇਆ, ਕੋਈ ਸ਼ਾਹੀ ਰਾਜ ਵਿੱਚ ਆਪਣੇ ਕੰਮ ਵਿੱਚ ਰੁੱਝਿਆ ਹੋਇਆ ਸੀ, ਇਕ ਜਾਂ ਦੋ ਲੋਕ ਦਿੱਲੀ ਤੋਂ ਦੂਰ ਰਹਿੰਦੇ ਸਨ, ਕੁਝ ਨੇ ਸਿਹਤ ਦੇ ਕਾਰਨਾਂ ਕਰਕੇ ਬਹਾਨਾ ਬਣਾਇਆ ਸੀ, ਡਾ.ਅੰਬੇਡਕਰ ਹੀ ਇਕਲੌਤੇ ਵਿਅਕਤੀ ਸਨ ਜਿਨ੍ਹਾਂ ਨੂੰ ਇਹ ਝੱਲਣਾ ਪਿਆ।" ਭਾਰਤ ਦੇ ਪਹਿਲੇ ਰਾਸ਼ਟਰਪਤੀ, ਡਾ. ਰਾਜੇਂਦਰ ਪ੍ਰਸਾਦ ਨੇ, ਸੰਵਿਧਾਨ ਨਿਰਮਾਣ ਵਿੱਚ ਡਾ. ਬਾਬਾ ਸਾਹਿਬ ਦੁਆਰਾ ਦਿੱਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ, "ਮੈਂ ਰਾਸ਼ਟਰਪਤੀ ਦੇ ਅਹੁਦੇ ਤੋਂ ਰੋਜ਼ਾਨਾ ਦੀਆਂ ਗਤੀਵਿਧੀਆਂ ਨੂੰ ਧਿਆਨ ਨਾਲ ਵੇਖਿਆ ਹੈ, ਇਸ ਲਈ, ਮੈਂ ਦੂਸਰਿਆਂ ਤੋਂ ਵੀ ਵੱਧ ਪ੍ਰਸ਼ੰਸਾ ਕਰਦਾ ਹਾਂ ਕਿ ਇਹ ਕੰਮ ਡਰਾਫਟ ਕਮੇਟੀ ਅਤੇ ਖ਼ਾਸਕਰ ਇਸ ਦੇ ਚੇਅਰਮੈਨ ਡਾ. ਭੀਮ ਰਾਓ ਅੰਬੇਡਕਰ ਦੁਆਰਾ ਕਿੰਨੇ ਸਮਰਪਣ ਅਤੇ ਜੋਸ਼ ਨਾਲ ਕੀਤੇ ਗਏ ਹਨ। ਅਸੀਂ ਡਰਾਫਟ ਕਮੇਟੀ ਵਿਚ ਡਾ. ਅੰਬੇਡਕਰ ਨੂੰ ਲਿਆਉਣ ਅਤੇ ਉਨ੍ਹਾਂ ਨੂੰ ਚੇਅਰਮੈਨ ਚੁਣਨ ਤੋਂ ਬਿਹਤਰ ਕੰਮ ਕਦੇ ਨਹੀਂ ਕੀਤਾ।"



ਸ਼੍ਰੀ ਬਾਲੀ ਨੇ ਅੱਗੇ ਕਿਹਾ ਕਿ ਗੁਜਰਾਤ ਵਿਧਾਨ ਸਭਾ ਦੇ ਸਪੀਕਰ ਰਾਜਿੰਦਰ ਤ੍ਰਿਵੇਦੀ ਨੇ ਸੰਵਿਧਾਨ ਦੇ ਨਿਰਮਾਣ ਨੂੰ ਜਾਤ ਪਾਤ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਜੋ ਨਿੰਦਣਯੋਗ ਹੈ ਜਦ ਕਿ ਸੰਵਿਧਾਨ ਜਾਤ ਪਾਤ ਤੇ ਅਧਾਰਿਤ ਭੇਦ ਭਾਵ ਨੂੰ ਖਤਮ ਕਰਦਾ ਹੈ। ਸੰਵਿਧਾਨ ਨੇ ਅਮਨ ਅਤੇ ਜੰਗ, ਦੋਨਾਂ ਵਿਚ ਦੇਸ਼ ਨੂੰ ਸੇਧ ਦਿੱਤੀ ਹੈ।

**ਐਲ ਆਰ ਬਾਲੀ**
**(ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.)**

# ਕੈਪਟਨ ਸਰਕਾਰ ਫ਼ਿਲਹਾਲ ਨਗਰ ਕੌਂਸਲ ਚੋਣਾਂ ਟਾਲਣ ਦੇ ਰੌਅ 'ਚ

ਬਠਿੰਡਾ- ਪੰਜਾਬ ਵਿਚ ਮਿੱਥੇ ਸਮੇਂ 'ਤੇ ਨਗਰ ਕੌਂਸਲ ਚੋਣਾਂ ਹੋਣ ਦੀ ਸੰਭਾਵਨਾ ਘੱਟ ਗਈ ਹੈ ਅਤੇ ਕੈਪਟਨ ਸਰਕਾਰ ਫ਼ਿਲਹਾਲ ਕੌਂਸਲ ਚੋਣਾਂ ਟਾਲਣ ਦੇ ਰੌਅ ਵਿਚ ਹੈ। ਇਸੇ ਦੌਰਾਨ ਪੰਜਾਬ ਦੀਆਂ 102 ਨਗਰ ਕੌਂਸਲਾਂ-ਨਗਰ ਪੰਚਾਇਤਾਂ ਵਿਚ ਮਹਿਲਾਵਾਂ ਨੂੰ 50 ਫ਼ੀਸਦੀ ਰਾਖਵਾਂਕਰਨ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਨਗਰ ਕੌਂਸਲ ਚੋਣਾਂ ਲਈ ਪ੍ਰਕਿਰਿਆ ਦੀ ਰਫ਼ਤਾਰ ਤੋਂ ਸਪੱਸ਼ਟ ਹੈ ਕਿ ਇਹ ਚੋਣਾਂ ਨਿਸ਼ਚਿਤ ਸਮੇਂ 'ਤੇ ਨਹੀਂ ਹੋ ਸਕਣਗੀਆਂ।

ਨਗਰ ਕੌਂਸਲਾਂ ਦੀ ਵਾਰਡਬੰਦੀ ਅਤੇ ਵੋਟਾਂ ਦੀ ਸੁਧਾਈ ਲਈ ਘੱਟੋ-ਘੱਟ ਦੋ ਮਹੀਨੇ ਦਾ ਸਮਾਂ ਲੋੜੀਂਦਾ ਹੈ ਜਦਕਿ ਪੰਜਾਬ ਸਰਕਾਰ ਨੇ ਇਸ ਪਾਸੇ ਕੋਈ ਬਹੁਤੀ ਪ੍ਰਗਤੀ ਨਹੀਂ ਕੀਤੀ ਹੈ। ਸੂਤਰ ਦੱਸਦੇ ਹਨ ਪੰਜਾਬ ਸਰਕਾਰ ਨਗਰ ਕੌਂਸਲ ਚੋਣਾਂ ਫੌਰੀ ਕਰਾਉਣ ਤੋਂ ਟਾਲ਼ਾ ਵੱਟ ਰਹੀ ਹੈ ਕਿਉਂਕਿ ਸ਼ਹਿਰੀ ਖੇਤਰ ਵਿਚ ਕਿਤੇ ਵੀ ਵਿਕਾਸ ਦੇ ਮਾਮਲੇ 'ਤੇ ਕਾਂਗਰਸ ਦਾ ਜਲਵਾ ਨਹੀਂ ਦਿੱਖ ਰਿਹਾ ਹੈ। ਸ਼ਹਿਰਾਂ ਦਾ ਮੰਦਾ ਹਾਲ ਹੈ ਅਤੇ ਕੌਂਸਲਾਂ ਕੋਲ ਬਿਜਲੀ ਬਿੱਲ ਤਾਰਨ ਜੋਗੇ ਵੀ ਪੈਸੇ ਨਹੀਂ। ਵਿਧਾਇਕਾਂ ਵੱਲੋਂ ਵੀ ਸਰਕਾਰ ਨੂੰ ਹਾਲੇ ਕੁਝ ਸਮਾਂ ਚੋਣਾਂ ਟਾਲਣ ਦਾ ਸੁਝਾਅ ਦਿੱਤਾ ਗਿਆ ਹੈ।

ਕੈਪਟਨ ਸਰਕਾਰ ਕਰੀਬ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰਨ ਦੇ ਨੇੜੇ ਹੈ ਪਰ ਸ਼ਹਿਰੀ ਵਿਕਾਸ ਦੇ ਮਾਮਲੇ ਵਿਚ ਕੋਈ ਵੱਡਾ ਮਾਅਰਕਾ ਨਹੀਂ ਮਾਰਿਆ ਗਿਆ ਜਿਸ ਕਰਕੇ ਵਿਧਾਇਕ ਪਹਿਲੋਂ ਸ਼ਹਿਰਾਂ ਲਈ ਸਰਕਾਰ ਤੋਂ ਫੰਡ ਮੰਗ ਰਹੇ ਹਨ।

ਫਰਵਰੀ ਮਹੀਨੇ ਵਿਚ 102 ਨਗਰ ਕੌਂਸਲਾਂ/ ਨਗਰ ਪੰਚਾਇਤਾਂ ਦੀ ਮਿਆਦ ਖ਼ਤਮ ਹੋ ਰਹੀ ਹੈ ਅਤੇ ਇਨ੍ਹਾਂ 'ਤੇ ਹੁਣ ਤੱਕ ਅਕਾਲੀ ਦਲ ਤੇ ਭਾਜਪਾ ਗੱਠਜੋੜ ਹੀ ਕਾਬਜ਼ ਹੈ। ਕਈ ਸ਼ਹਿਰਾਂ ਵਿਚ ਕਾਂਗਰਸ ਨੇ ਗੱਠਜੋੜ ਤੋਂ ਕੌਂਸਲਾਂ ਖੋਹੀਆਂ ਵੀ ਹਨ। ਪੰਜਾਬ ਵਿਚ ਜੋ ਨਗਰ ਨਿਗਮ ਹਨ, ਉਨ੍ਹਾਂ ਦੀ ਚੋਣ ਬਾਰੇ ਹਾਲੇ ਕੋਈ ਗੱਲ ਨਹੀਂ ਚੱਲੀ ਹੈ। ਚੋਣ ਮਾਹਿਰ ਦੱਸਦੇ ਹਨ ਕਿ ਪਹਿਲਾਂ ਵਾਰਡਬੰਦੀ ਦਾ ਕੰਮ ਸ਼ੁਰੂ ਹੋਣਾ ਹੈ ਅਤੇ ਵਾਰਡਬੰਦੀ ਕਰਨ ਮਗਰੋਂ ਇਤਰਾਜ਼ ਸੁਣਨ ਵਾਸਤੇ ਵੀ 21 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਵੋਟਰ ਸੁਧਾਈ ਦੀ ਪ੍ਰਕਿਰਿਆ ਲਈ ਵੀ ਕਰੀਬ ਇੱਕ ਮਹੀਨਾ ਦਾ ਸਮਾਂ ਲੋੜੀਂਦਾ ਹੈ। ਸਰਕਾਰ ਨੇ ਹੇਠਲੇ ਪੱਧਰ 'ਤੇ ਕੌਂਸਲ ਚੋਣਾਂ ਦੀ ਤਿਆਰੀ ਲਈ ਕੋਈ ਪੱਤਰ ਜਾਰੀ ਨਹੀਂ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਮਸ਼ਵਰੇ ਮਗਰੋਂ ਹੀ ਇਨ੍ਹਾਂ ਚੋਣਾਂ ਬਾਰੇ ਸਰਕਾਰ ਆਖ਼ਰੀ ਫ਼ੈਸਲਾ ਕਰੇਗੀ।

ਵੇਰਵਿਆਂ ਅਨੁਸਾਰ ਸਥਾਨਕ ਸਰਕਾਰਾਂ ਵਿਭਾਗ ਨੇ ਹਾਲ ਹੀ ਵਿਚ ਮਹਿਲਾਵਾਂ ਨੂੰ ਪੰਜਾਹ ਫੀਸਦ ਰਾਖਵੇਂਕਰਨ ਦੇਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਨ੍ਹਾਂ ਅਨੁਸਾਰ ਮਾਨਸਾ ਤੇ ਸੰਗਰੂਰ ਕੌਂਸਲ ਦੇ 27-27 ਵਾਰਡਾਂ 'ਚੋਂ 10-10 ਵਾਰਡ ਜਨਰਲ ਵਰਗ ਦੀਆਂ ਔਰਤਾਂ ਅਤੇ ਤਿੰਨ-ਤਿੰਨ ਵਾਰਡ ਐਸਸੀ ਵਰਗ ਦੀਆਂ ਔਰਤਾਂ ਲਈ ਰਾਖਵੇਂ ਕੀਤੇ ਗਏ ਹਨ।

ਇਸੇ ਤਰ੍ਹਾਂ ਗੋਨਿਆਣਾ ਕੌਂਸਲ ਦੇ 13 ਵਾਰਡਾਂ 'ਚੋਂ ਛੇ ਵਾਰਡ, ਸਰਦੂਲਗੜ ਕੌਂਸਲ ਦੇ 13 ਵਾਰਡਾਂ 'ਚੋਂ ਛੇ, ਬਰਨਾਲਾ ਕੌਂਸਲ ਦੇ 31 ਵਾਰਡਾਂ 'ਚੋਂ 15 ਵਾਰਡ, ਮੌੜ ਕੌਂਸਲ ਦੇ 17 ਵਾਰਡਾਂ 'ਚੋਂ ਅੱਠ, ਰਾਮਪੁਰਾ ਫੂਲ ਕੌਂਸਲ ਦੇ 21 ਵਾਰਡਾਂ 'ਚੋਂ 10 ਵਾਰਡ, ਨਾਭਾ ਕੌਂਸਲ ਦੇ 23 'ਚੋਂ 12 ਵਾਰਡ, ਭੁੱਚੋ ਮੰਡੀ ਕੌਂਸਲ ਦੇ 13 ਵਾਰਡਾਂ 'ਚੋਂ ਛੇ ਵਾਰਡ ਔਰਤਾਂ ਲਈ ਰਾਖਵੇਂ ਕੀਤੇ ਗਏ ਹਨ। ਇਵੇਂ ਹੀ ਬਾਕੀ ਕੌਂਸਲਾਂ ਦਾ ਰਾਖ਼ਵਾਂਕਰਨ ਕੀਤਾ ਗਿਆ ਹੈ।



# ਸ਼੍ਰੀ ਨਨਕਾਣਾ ਸਾਹਿਬ ਤੇ ਹਮਲਾ ਕਰਨ ਦੇ ਵਿਰੋਧ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ

## ਪਵਿੱਤਰ ਗੁਰਧਾਮ ਤੇ ਹਮਲਾ ਕਰਕੇ ਸਿੱਖਾਂ ਨੂੰ ਦੇਸ਼ ਵਿੱਚੋਂ ਕੱਢਣ ਦੀ ਧਮਕੀ ਦੇਣ ਵਾਲੇ ਨੂੰ ਤੁਰੰਤ ਫਾਂਸੀ ਤੇ ਲਟਕਾਇਆ ਜਾਵੇ-ਰਵੀ ਬਾਲੀ

**ਲੁਧਿਆਣਾ–** ਭਗਵਾਨ ਵਾਲਮੀਕਿ ਸੇਵਕ ਸੰਘ (ਰਜਿ:) ਵੱਲੋਂ ਨਿਊ ਸ਼ਾਪਿੰਗ ਕੰਪਲੈਕਸ ਘੁਮਾਰ ਮੰਡੀ ਤੋਂ ਸੈਂਕੜੇ ਸਾਥੀਆਂ ਦੇ ਨਾਲ ਪੈਦਲ ਮਾਰਚ ਕੱਢ ਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਪੁੱਤਲਾ ਫੂਕਿਆ ਗਿਆ ਅਤੇ ਫੁੱਟ ਪਾਊ ਤਾਕਤਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਫਿਰਕਾਪ੍ਰਸਤੀ ਦੀ ਅੱਗ ਲਗਾਉਣ ਤੋਂ ਬਾਜ਼ ਆ ਜਾਣ।

ਇਸ ਮੌਕੇ ਤੇ ਭਗਵਾਨ ਵਾਲਮੀਕਿ ਸੰਘ ਦੇ ਕੌਮੀ ਪ੍ਰਧਾਨ ਅਤੇ ਯੁਵਾ ਮੋਰਚਾ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਰਵੀ ਬਾਲੀ ਨੇ ਕਿਹਾ ਕਿ ਹਾਲ ਹੀ ਵਿੱਚ ਜੋ ਹਮਲਾ ਗੁਰਦੁਆਰਾ ਨਨਕਾਣਾ ਸਾਹਿਬ ਤੇ ਹੋਇਆ ਹੈ ਉਹ ਪਾਕਿਸਤਾਨ ਦੀਆਂ ਏਜੰਸੀਆਂ ਦੀ ਕੋਝੀ ਹਰਕਤ ਹੈ ਜਿਸ ਨਾਲ ਫੁੱਟਪ੍ਰਸਤੀ ਦੀ ਅੱਗ ਨੂੰ ਹਵਾ ਦਿੱਤੀ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਅੱਜ ਭਾਰਤ ਦੇ ਵਿੱਚ ਅਕਸ਼ਰਧਾਮ ਮੰਦਿਰ ਜਿਹਾ ਹਮਲਾ ਤੇ ਹੁਣ ਸ੍ਰੀ ਨਨਕਾਣਾ ਸਾਹਿਬ ਤੇ ਹਮਲਾ ਪਾਕਿਸਤਾਨੀ ਏਜੰਸੀਆਂ ਦਾ ਅਸਲ ਚਿਹਰਾ ਸਾਹਮਣੇ ਲੈ ਆਇਆ ਹੈ। ਉਹਨਾਂ ਨੇ ਕਿਹਾ ਕਿ ਭਾਰਤ ਦੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੇ ਮੌਕੇ ਜੋ ਗੁਰਧਾਮਾਂ ਦੇ ਵਿਛੋੜੇ ਖਤਮ ਕਰਕੇ ਪਿਆਰ ਦਾ ਬੀਜ ਬੀਜਣ ਦੀ ਕੋਸ਼ਿਸ਼ ਕੀਤੀ ਸੀ ਉਹ ਫੁੱਟਪਾਊ ਤਾਕਤਾਂ ਤੋਂ ਕਦੀ ਵੀ ਬਰਦਾਸ਼ਤ ਨਹੀਂ ਹੋਈ। ਇਸ ਮੌਕੇ ਤੇ ਭਾਜਪਾ ਦੇ ਉੱਘੇ





ਆਗੂ ਅਤੇ ਵਿਧਾਨ ਸਭਾ ਹਲਕਾ ਪੱਛਮੀ ਦੇ ਇੰਚਾਰਜ ਸ੍ਰੀ ਕਮਲ ਚੇਤਲੀ ਜੀ ਨੇ ਕਿਹਾ ਕਿ ਜਿਸ ਤਰੀਕੇ ਨਾਲ ਪਾਕਿਸਤਾਨ ਐਨ.ਸੀ.ਏ. ਤੇ ਸੀ.ਏ.ਏ. ਪ੍ਰਤੀ ਮੁਸਲਮਾਨ ਭਾਈਚਾਰੇ ਨੂੰ ਭੜਕਾ ਰਿਹਾ ਹੈ। ਅਸਲ ਵਿੱਚ ਇਸ ਬਿੱਲ ਦਾ ਕਿਸੇ ਨੂੰ ਵੀ ਨੁਕਸਾਨ ਨਹੀਂ ਅਤੇ ਨਾਂ ਹੀ ਭਾਰਤ ਦੇ ਅੰਦਰ ਰਹਿ ਰਹੇ ਕਿਸੇ ਵੀ ਧਰਮ ਦੇ ਸ਼ਖਸ਼ ਨੂੰ ਕੋਈ ਖਤਰਾ ਹੈ। ਸ੍ਰੀ ਚੇਤਲੀ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਧਾਰਮਿਕ ਅਸਥਾਨਾਂ ਤੇ ਹਮਲਾ ਕਰਨਾ ਕੋਈ ਪਹਿਲੀ ਘਟਨਾ ਨਹੀਂ। ਅਸਲ ਤਸਵੀਰ ਤਾਂ ਪਾਕਿਸਤਾਨ ਨੇ ਪੇਸ਼ ਕੀਤੀ ਹੈ ਜੋ ਆਪਣੇ ਦੇਸ਼ ਅੰਦਰ ਰਹਿ ਰਹੀਆਂ ਘੱਟ-ਗਿਣਤੀਆਂ ਦੇ ਧਰਮ ਪਰਿਵਰਤਨ ਕਰਵਾ ਰਿਹਾ ਹੈ। ਜਦਕਿ ਇਤਿਹਾਸ ਗਵਾਹ ਹੈ ਕਿ ਕਿਸ ਤਰਯਾਂ ਇਹਨਾਂ ਨੇ ਧਰਮ ਪਰਿਵਰਤਨ ਕੀਤੇ ਅਤੇ ਸਿੱਖ ਗੁਰੂਆਂ ਨੇ ਕੁਰਬਾਨੀਆਂ ਦੇ ਕੇ ਧਰਮ ਦੀ ਰੱਖਿਆ ਕੀਤੀ। ਇਸ ਮੌਕੇ ਤੇ ਸੈਂਕੜੇ ਵਰਕਰਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਪੁੱਤਲਾ ਫੂਕਿਆ ਅਤੇ ਪਾਕਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਏ।

ਭਗਵਾਨ ਵਾਲਮੀਕਿ ਸੰਘ ਰਜਿ: ਦੇ ਮੈਂਬਰਾਂ ਤੇ ਅਹੁਦੇਦਾਰਾਂ ਤੋਂ ਇਲਾਵਾ ਸੰਦੀਪ ਵਧਵਾ ਜੀ, ਰਾਜੇਸ਼ ਕਸ਼ਅੱਪ, ਪੁਨੀਤ ਪਾਲ ਮੂੰਗਾ, ਕੁਸ਼ਾਗਰ ਕਸ਼ੱਅਪ, ਸੰਦੀਪ ਚੌਹਾਨ, ਸਚਿਨ ਹੰਸ, ਵਿਕਾਸ ਚੌਹਾਨ, ਰਜਿੰਦਰ ਬਾਲੀ, ਰਵੀ ਗਿੱਲ, ਦੀਪਕ ਖੋਸਲਾ, ਡਾ: ਰਾਜ ਸੈਣੀ, ਤਰੁਣਜੀਤ ਰੰਧਾਵਾ, ਗੌਰਵ ਝੰਝੋਟ, ਵਿਜੇ ਘਾਵਰੀ, ਅਮਨ ਬਾਲੀ, ਬਬਲਾ ਜੀ, ਸ਼ੁੱਭਮ ਸੁਧੀਰ, ਰੂਪਾ ਸੁਹੇਲ ਖਾਨ, ਕਾਲਾ ਸੁਨੇਤ, ਰਿੰਕੂ ਦਾਨਵ, ਟਿੰਕੂ ਬਬਰੀਕ, ਪੰਮਾ ਉਸਤਾਦ, ਰੋਬਿਨ ਦਿਵਾਕਰ, ਕਰਨ ਰਾਹੁਲ, ਵਿਨੇ ਦੇਵ, ਰਾਹੁਲ ਗਿੱਲ, ਲਵਲੀ ਲੁਧਿਆਣਾ ਅਤੇ ਦੇਵ ਬਾਲੀ ਜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।







Bhai Sahib Bhai Harblas Singh ਝਿੰਗੜ ਜੀ ਦੇ ਪੋਤਰੇ ਨਵਜੋਤ ਸਿੰਘ ਸਪੁੱਤਰ Bhupinder Singh and Surinder Kaur ਨੇ Wushu Game ਵਿੱਚ ਇੰਡੀਆ ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਾਰੇ Punjabi ਸਮਾਜ ਦਾ ਸਿਰ ਉੱਚਾ ਕੀਤਾ ਹੈ। ਨਵਜੋਤ ਸਿੰਘ ਤੇ ਸਮੂਹ ਝਿੰਗੜ ਪ੍ਰੀਵਾਰ ਨੂੰ ਬਹੁਤ ਬਹੁਤ ਵਧਾਈ ਅਤੇ ਆਸ ਕਰਦੇ ਹਾਂ ਕੇ ਨਵਜੋਤ ਸਿੰਘ ਆਣ ਵਲੇ ਸਮੇਂ 'ਚ ਵੀ ਏਸੇ ਤਰਾਂ ਪ੍ਰੀਵਾਰ ਦੇ ਨਾਲ ਨਾਲ ਸਮਾਜ ਦਾ ਵੀ ਮਾਣ ਵਧਾਉਂਦਾ ਰਹੇਗਾ।

# ਜੇ.ਐਨ.ਯੂ. ਵਿਦਿਆਰਥੀਆਂ ਉਪਰ ਹੱਲੇ ਖ਼ਿਲਾਫ਼ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਆਵਾਜ਼ ਉਠਾਉਣ ਦਾ ਸੱਦਾ

**ਜਲੰਧਰ–** ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਕੈਂਪਸ ਅੰਦਰ ਲਾਠੀਆਂ, ਲੋਹੇ ਦੀਆਂ ਰਾਡਾਂ ਆਦਿ ਨਾਲ ਲੈਸ ਹੋ ਕੇ, ਦਿਨ ਦਿਹਾੜੇ ਬੋਲੇ ਖ਼ੂਨੀ ਹੱਲੇ ਦਾ ਤਿੱਖਾ ਵਿਰੋਧ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੋਦੀ-ਅਮਿਤ ਸ਼ਾਹ ਹਕੂਮਤ 'ਤੇ ਦੋਸ਼ ਲਾਇਆ ਹੈ ਕਿ ਹਕੂਮਤ, ਪੁਲਸ, ਯੂਨੀਵਰਸਿਟੀ ਦੇ ਉਪ ਕੁਲਪਤੀ, ਫ਼ਿਰਕੂ ਜੱਥੇਬੰਦੀਆਂ ਅਤੇ ਪੇਸ਼ਾਵਰ ਗੁੰਡਾ ਗ੍ਰੋਹਾਂ ਦੀ ਮਿਲੀ ਭੁਗਤ ਨਾਲ ਕੀਤਾ ਇਹ ਯੋਜਨਾਬੱਧ ਹਮਲਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਹੈ ਕਿ ਯੂਨੀਵਰਸਿਟੀ ਵੱਲੋਂ ਫ਼ੀਸਾਂ 'ਚ ਵਾਧੇ ਦੇ ਲੱਦੇ ਅਥਾਹ ਬੋਝ ਅਤੇ ਸੀ.ਏ.ਏ., ਐਨ.ਸੀ.ਆਰ., ਐਨ.ਪੀ.ਏ., ਯੂਨੀਵਰਸਿਟੀ ਅੰਦਰ ਸੰਵਾਦ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਬੋਲੇ ਧਾਵੇ ਦਾ ਪੁਰਅਮਨ ਅਤੇ ਜਮਹੂਰੀ ਢੰਗ ਨਾਲ ਆਪਣੇ ਹੱਕ ਦੀ ਵਰਤੋਂ ਕਰਦੇ ਆ ਰਹੇ ਜੇ.ਐਨ.ਯੂ. ਦੇ ਵਿਦਿਆਰਥੀਆਂ ਉਪਰ ਕੀਤਾ ਕਾਤਲਾਨਾ ਹਮਲਾ, ਜਾਮੀਆਂ, ਏ.ਐਮ.ਯੂ. ਆਦਿ ਯੂਨੀਵਰਸਿਟੀਆਂ ਉਪਰ ਬੋਲੇ ਹੱਲੇ ਦੀ ਲੜੀ ਦਾ ਹਿੱਸਾ ਹੈ।

ਕਮੇਟੀ ਦਾ ਮੰਨਣਾ ਹੈ ਕਿ ਅਜੇਹਾ ਘਿਨੌਣਾ ਕਾਰਾ ਕਰਕੇ ਵਿਦਿਆਰਥੀਆਂ, ਬੁੱਧੀਜੀਵੀਆਂ, ਕਸ਼ਮੀਰੀ ਲੋਕਾਂ, ਮੁਸਲਿਮ ਅਤੇ ਦਲਿਤ ਭਾਈਚਾਰੇ ਨੂੰ ਭਾਵੇਂ ਚੋਣਵਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਫਾਸ਼ੀ ਹੱਲੇ ਦੇ ਫ਼ੈਲਦੇ ਪੰਜੇ ਭਵਿੱਖ 'ਚ ਪੂਰੇ ਸਮਾਜ ਉਪਰ ਝਪਟਣਗੇ। ਇਸ ਦੀ ਪੁਸ਼ਟੀ ਫ਼ਿਰਕੂ ਜੱਥੇਬੰਦੀਆਂ ਵੱਲੋਂ ਜੇ.ਐਨ.ਯੂ. 'ਚ ਕੀਤੀ ਕਾਰਵਾਈ ਦੀ ਨਿਸੰਗ ਹੋ ਕੇ ਜ਼ਿੰਮੇਵਾਰੀ ਲੈਣ ਅਤੇ ਭਵਿੱਖ 'ਚ ਅਜੇਹੇ ਹਮਲੇ ਜਾਰੀ ਰੱਖਣ ਦੇ ਐਲਾਨ ਤੋਂ ਵੀ ਹੁੰਦੀ ਹੈ।

ਕਮੇਟੀ ਨੇ ਸਮੂਹ ਜਮਹੂਰੀਅਤ ਅਤੇ ਲੋਕ-ਪੱਖੀ ਜੱਥੇਬੰਦੀਆਂ, ਵਿਅਕਤੀਆਂ ਨੂੰ ਇੱਕ ਜੁੱਟ ਹੋ ਕੇ ਫਾਸ਼ੀ ਹੱਲੇ ਦਾ ਟਾਕਰਾ ਕਰਨ ਲਈ ਆਵਾਜ਼ ਉਠਾਉਣ ਦੀ ਅਪੀਲ ਕੀਤੀ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com


# ਪੰਜਾਬ ਬੁੱਧਿਸਟ ਸੁਸਾਇਟੀ ਵੱਲੋਂ ਨਾਗਰਿਕਤਾ ਸੋਧ ਐਕਟ ਦਾ ਵਿਰੋਧ

**ਜਲੰਧਰ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਲੁਧਿਆਣਾ ਵੱਲੋਂ ਨਾਗਰਿਕਤਾ ਸੋਧ ਐਕਟ 2019 ਨੂੰ ਫਿਰਕੂ ਅਤੇ ਧਰਮ ਨਿ-ਰਪਤਾ ਵਿਰੋਧੀ ਅਤੇ ਸੰਵਿਧਾਨ ਵਿਰੋਧੀ ਦੱਸਿਆ ਹੈ ਅਤੇ ਕੇਂਦਰ ਸਰਕਾਰ ਦੀ ਸਖਤ ਨਿਖੇਧੀ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਜਲੰਧਰ ਵਿਚ ਪ੍ਰੈਸ ਨੂੰ ਬਿਆਨ ਦਿੰਦਿਆਂ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ 2019 ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ।

ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਨਾਗਰਿਕਤਾ ਸੋਧ ਐਕਟ ਨੂੰ ਰੱਦ ਕੀਤਾ ਜਾਵੇ। ਐਡਵੋਕੇਟ ਹਰਭਜਨ ਸਾਂਪਲਾ ਅਤੇ ਸੁਸਾਇਟੀ ਦੇ ਹੋਰ ਅਹੁਦੇਦਾਰਾਂ ਨੇ ਯੂ. ਪੀ. ਸਰਕਾਰ ਵੱਲੋਂ ਸਾਬਕਾ ਏ. ਡੀ. ਜੀ. ਪੀ. ਸ੍ਰੀ ਐਸ. ਆਰ. ਦਾਰਾਪੁਰੀ ਨੂੰ ਉਹਨਾ ਦੇ ਘਰੋਂ ਜਬਰਦਸਤੀ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਬੰਦ ਕਰਨ ਦੀ ਸਖਤ ਨਿਖੇਧੀ ਕੀਤੀ।

ਸ੍ਰੀ ਐਸ. ਆਰ. ਦਾਰਾਜੀ ਆਈ. ਪੀ. ਐਸ. ਇਸ ਨਾਗਰਿਕਤਾ ਸੋਧ ਐਕਟ ਦੇ ਵਿਰੁੱਧ ਤਾਂ ਹਨ ਪਰ ਉਹਨਾਂ ਨੂੰ ਉਹਨਾ ਦੇ ਘਰੋਂ ਗ੍ਰਿਫਤਾਰ ਕਰਨਾ ਲੋਕਤੰਤਰ ਦਾ ਘਾਣ ਹੈ ਅਤੇ ਸਰਕਾਰ ਦੀ ਤਾਨਾਸ਼ਾਹੀ ਹੈ।

ਸੁਸਾਇਟੀ ਦੇ ਅਹੁਦੇਦਾਰਾਂ ਅਤੇ ਐਡਵੋਕੇਟ ਹਰਭਜਨ ਸਾਂਪਲਾ ਨੇ ਮੰਗ ਕੀਤੀ ਕਿ 76 ਸਾਲਾ ਬਜ਼ੁਰਗ ਸ੍ਰੀ ਐਸ. ਆਰ. ਦਾਰਾਪੁਰੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਕਾਲਾ ਧਨ: ਹਾਂਗ ਕਾਂਗ ਵਿੱਚ ਭੇਜੇ ਗਏ 1038 ਕਰੋੜ

**ਨਵੀਂ ਦਿੱਲੀ–** ਸੀਬੀਆਈ ਨੇ ਵਿੱਤੀ ਸਾਲ 2014-15 ਵਿੱਚ ਕਥਿਤ 1038 ਕਰੋੜ ਰੁਪਏ ਦੇ ਕਾਲੇ ਧਨ ਨੂੰ ਹਾਂਗ ਕਾਂਗ ਤਬਦੀਲ ਕਰਨ ਬਦਲੇ 51 ਕੰਪਨੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਅਧਿਕਾਰੀਆਂ ਮੁਤਾਬਕ ਇਨ੍ਹਾਂ ਵਿੱਚੋਂ ਬਹੁਤੀਆਂ ਕੰਪਨੀਆਂ ਚੇਨੱਈ ਰਹਿੰਦੇ ਲੋਕਾਂ ਦੀਆਂ ਹਨ ਤੇ ਇਨ੍ਹਾਂ ਨੇ ਸਰਕਾਰੀ ਮਾਲਕੀ ਵਾਲੇ ਤਿੰਨ ਬੈਂਕਾਂ- ਬੈਂਕ ਆਫ਼ ਇੰਡੀਆ, ਐਸਬੀਆਈ ਤੇ ਪੰਜਾਬ ਨੈਸ਼ਨਲ ਬੈਂਕ ਦੇ ਅਣਪਛਾਤੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ 1038 ਕਰੋੜ ਰੁਪਏ ਦਾ ਕਾਲਾ ਧਨ ਹਾਂਗ ਕਾਂਗ ਤਬਦੀਲ ਕੀਤਾ ਹੈ।



ਅਧਿਕਾਰੀਆਂ ਨੇ ਕਿਹਾ ਕਿ ਸੀਬੀਆਈ ਨੂੰ ਜਾਣਕਾਰੀ ਮਿਲੀ ਸੀ ਕਿ 48 ਫ਼ਰਮਾਂ ਦੇ 51 ਚਾਲੂ ਖਾਤੇ ਇਨ੍ਹਾਂ ਤਿੰਨ ਬੈਂਕਾਂ ਦੀਆਂ ਵੱਖ ਵੱਖ ਸ਼ਾਖਾਵਾਂ 'ਚ ਖੋਲ੍ਹੇ ਗਏ ਹਨ। ਇਨ੍ਹਾਂ ਖਾਤਿਆਂ ਰਾਹੀਂ 1038.34 ਕਰੋੜ ਰੁਪਏ ਦੀ ਰਾਸ਼ੀ ਬਾਹਰਲੇ ਮੁਲਕ ਭੇਜੀ ਗਈ ਹੈ। ਸੀਬੀਆਈ ਮੁਤਾਬਕ ਇਨ੍ਹਾਂ 'ਚੋਂ ਕਥਿਤ 24 ਖਾਤਿਆਂ 'ਚੋਂ ਦਰਾਮਦ ਕੀਤੀਆਂ ਵਸਤਾਂ ਲਈ 488.39 ਕਰੋੜ ਰੁਪਏ ਦੀ ਅਗਾਊਂ ਅਦਾਇਗੀ ਕੀਤੀ ਗਈ ਜਦੋਂਕਿ 27 ਖਾਤਿਆਂ 'ਚੋਂ 549.95 ਕਰੋੜ ਰੁਪਏ ਭਾਰਤੀ ਸੈਲਾਨੀਆਂ ਦੇ ਵਿਦੇਸ਼ ਯਾਤਰਾ ਲਈ ਕੀਤੀ ਅਦਾਇਗੀ ਵਜੋਂ ਵਿਖਾਏ ਗਏ। ਕੇਂਦਰੀ ਜਾਂਚ ਏਜੰਸੀ ਵੱਲੋਂ ਦਰਜ ਕੇਸ ਵਿੱਚ 48 ਕੰਪਨੀਆਂ ਤੋਂ ਇਲਾਵਾ ਮੁਹੰਮਦ ਇਬਰਾਮਸਾ ਜੌਹਨੀ, ਜ਼ਿੰਟਾ ਮਿਧਰ ਤੇ ਨਿਜ਼ਾਮੂਦੀਨ ਦੇ ਨਾਂ ਦਰਜ ਹਨ। ਸੀਬੀਆਈ ਨੇ ਐਫ਼ਆਈਆਰ 'ਚ ਕਥਿਤ ਦਾਅਵਾ ਕੀਤਾ ਹੈ ਕਿ 24 ਕੰਪਨੀਆਂ 'ਚੋਂ ਦਸ ਨੇ ਛੋਟੀ ਮਿਕਦਾਰ 'ਚ ਦਰਾਮਦਾਂ ਕੀਤੀਆਂ ਹਨ, ਪਰ ਫਰਮਾਂ ਵੱਲੋਂ ਬੈਂਕ ਵਿੱਚ ਜਮ੍ਹਾਂ ਕਰਵਾਈਆਂ ਰਸੀਦਾਂ ਨਾਲ ਦਰਾਮਦ ਵਸਤਾਂ ਤੇ ਉਨ੍ਹਾਂ ਦੀ ਕੀਮਤ ਮੇਲ ਨਹੀਂ ਖਾਂਦੀ। ਸੀਬੀਆਈ ਮੁਤਾਬਕ ਜ਼ਿਆਦਾਤਰ ਧਨ ਰਾਸ਼ੀ ਸਾਲ 2015 ਦੇ ਦੂਜੇ ਅੱਧ ਵਿੱਚ ਵਿਦੇਸ਼ 'ਚ ਤਬਦੀਲ ਕੀਤੀ ਗਈ ਹੈ।

# ਮੁੱਖ ਮਹਿਮਾਨ ਪ੍ਰਿੰਸੀਪਲ ਅਸ਼ੋਕ ਕੁਮਾਰ ਨੇ ਵੰਡੇ ਨਵੇਂ ਕੌਂਸਲਰਾਂ ਨੂੰ ਸਰਟੀਫਿਕੇਟ

**ਜਲੰਧਰ (ਬਿਊਰੋ)–** ਵਿਦਿਆਰਥੀਆਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਨਵੋਦਿਆ ਵਿਦਿਆਲਿਆ ਸਮਿਤੀ ਵੱਲੋਂ ਨਵੇਂ ਨਿਯੁਕਤ ਕੀਤੇ ਕੌਂਸਲਰਾਂ ਦੀ ਛੇ ਰੋਜਾ ਟਰੇਨਿੰਗ ਨਵੋਦਿਆ ਲੀਡਰਸ਼ਿਪ ਇੰਸਟੀਚਿਊਟ ਜਵਾਹਰ ਨਵੋਦਿਆ ਵਿਦਿਆਲਿਆ ਭੀਲੋਵਾਲ ਕੈਂਪਸ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕਰਵਾਈ ਗਈ। ਸ਼੍ਰੀ ਕਰਮ ਚੰਦ, ਡਿਪਟੀ ਕਮਿਸ਼ਨਰ ਤੇ ਡਾਇਰੈਕਟਰ ਐਨ ਐਲ ਆਈ ਦੀ ਸੁਚੱਜੀ ਅਗਵਾਈ ਤੇ ਸ਼੍ਰੀ ਸੋਹਣ ਲਾਲ ਕੋਰਸ ਕੁਆਰਡੀਨੇਟਰ ਦੀ ਦੇਖ–ਰੇਖ ਵਿੱਚ ਕਰਵਾਈ ਟਰੇਨਿੰਗ ਵਿੱਚ ਵਿਦਿਆਰਥੀਆਂ ਨੂੰ ਖ਼ੁਸ਼ਗਵਾਰ ਮਾਹੌਲ ਮੁਹੱਈਆ ਕਰਵਾਉਣ ਲਈ ਵੱਖ–ਵੱਖ ਤਰੀਕਿਆਂ ਬਾਰੇ ਦੱਸਿਆ ਗਿਆ।

ਟਰੇਨਿੰਗ ਦੇ ਆਖਰੀ ਦਿਨ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਦੇ ਪ੍ਰਿੰਸੀਪਲ ਅਸ਼ੋਕ ਕੁਮਾਰ ਨੂੰ ਬਤੌਰ ਮੁੱਖ ਮਹਿਮਾਨ ਬੁਲਾਇਆ ਗਿਆ। ਪ੍ਰਿੰਸੀਪਲ ਅਸ਼ੋਕ ਕੁਮਾਰ ਨੇ ਪੰਜਾਬ ਅਤੇ ਜੰਮੂ–ਕਸ਼ਮੀਰ ਤੋਂ ਆਏ ਹੋਏ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੰਗਾ ਮਾਹੌਲ ਤੇ ਸਹੂਲਤਾਂ ਹੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਅੱਗੇ ਵਧਣ ਲਈ ਸਹਾਈ ਹੁੰਦੀਆਂ ਹਨ।ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਅਜਿਹਾ ਮਾਹੌਲ ਦੇਈਏ ਜਿੱਥੇ ਉਹ ਬਿਨਾਂ ਕਿਸੇ ਡਰ ਤੋਂ ਸਿੱਖਿਆ ਪ੍ਰਾਪਤ ਕਰ ਸਕਣ ਤੇ ਚੰਗੇ ਨਾਗਰਿਕ ਬਣ ਸਕਣ।










# ਥਾਪਰ ਪੌਲੀਟੈਕਨਿਕ ਦੀ ਫਸਟ ਐਲੂਮਨੀ ਮਿਲਣੀ ਯਾਦਗਾਰੀ ਹੋ ਨਿੱਬੜੀ

ਪਟਿਆਲਾ- ਥਾਪਰ ਪੌਲੀਟੈਕਨਿਕ ਪਟਿਆਲਾ ਦੇ ਵਿੱਦਿਆਰਥੀਆਂ ਦਾ 'ਫਸਟ ਐਲੂਮਨੀ 2020' ਨੇ ਨਾਮ ਹੇਠ ਮਿਲਣੀ ਪ੍ਰੋਗਰਾਮ ਹੋਇਆ ਜੋ ਇੱਕ ਯਾਦਗਾਰੀ ਮਿਲਣੀ ਹੋ ਨਿੱਬੜਿਆ।ਮਹਿੰਦਰ ਪਾਲ ਬੱਬੀ ਦੇ ਸਿਰਤੋੜ ਯਤਨਾਂ ਸਦਕਾ ਹਰੀਸ਼ ਠਾਕੁਰ, ਅਮਰਿੰਦਰ ਢਿੱਲੋਂ, ਸੰਜੀਵ ਗੁਪਤਾ, ਗੁਰਜੰਟ ਸਿੰਘ ਦੀ ਰਹਿਨੁਮਾਈ ਹੇਠ ਕੀਤੇ ਪ੍ਰਬੰਧਾਂ ਵਾਲੀ ਇਸ ਮਿਲਣੀ ਵਿੱਚ 28-30 ਸਾਲ ਦੇ ਲੰਮੇ ਅਰਸੇ ਪਿੱਛੋਂ ਥਾਪਰ ਪਾਲੀ-ਟੈਕਨਿਕ ਦੇ 83 ਬੈਚ ਤੋਂ ਲੈ ਕੇ 91 ਬੈਚ ਤੱਕ ਦੇ ਸਾਥੀਆਂ ਨੇ ਉਤਸੁਕਤਾ ਅਤੇ ਬਹੁਤ ਹੀ ਉਤਸ਼ਾਹ ਨਾਲ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸਾਰੇ ਐਲੂਮਿਨੀਜ਼ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ। ਗ਼ਜ਼ਲ ਗਾਇਕ ਮਾਣਕ ਅਲੀ ਨੇ ਰਸ ਭਿੰਨੇ ਸੰਗੀਤ ਅਤੇ ਗ਼ਜ਼ਲਾਂ ਨਾਲ ਮਹਿਫ਼ਲ ਚ ਚੋਖਾ ਸਾਹਿਤਕ ਰੰਗ ਭਰਿਆ। ਡਾ.ਗੁਰਬਿੰਦਰ ਸਿੰਘ ਰਜਿਸਟਰਾਰ ਥਾਪਰ ਯੂਨੀਵਰਸਿਟੀ ਪਟਿਆਲਾ ਨੇ ਉਤਸ਼ਾਹ ਵਧਾਉਣ ਲਈ ਉਚੇਚੇ ਤੌਰ ਤੇ ਸ਼ਾਮਲ ਹੋਕੇ ਇਸ ਪਿਰਤ ਦੀ ਸਲਾਘਾ ਕਰਦਿਆਂ ਇਸਨੂੰ ਭਵਿੱਖ ਚ ਜਾਰੀ ਰੱਖਣ ਦੀ ਸਲਾਹ ਦਿੱਤੀ ਅਤੇ ਵੱਖ ਵੱਖ ਖੇਤਰਾਂ ਚ ਕਾਮਯਾਬੀ ਦੇ ਝੰਡੇ ਗੱਡ ਕੇ ਥਾਪਰ ਦੇ ਨਾਮ ਨੂੰ ਉੱਚਾ ਕਰਨ ਤੇ ਮਾਣ ਵਧਾਉਣ ਤੇ ਮੁਬਾਰਕਬਾਦ ਵੀ



ਦਿੱਤੀ।ਸੰਨੀ ਸਿੱਧੂ ਅਤੇ ਰੁਪਿੰਦਰ ਔਲਖ ਉਚੇਚ ਤੌਰ ਤੇ ਅਮਰੀਕਾ ਤੋਂ ਇਸ ਮਹਿਫ਼ਲ ਨੂੰ ਚਾਰ ਚੰਨ ਲਾਉਣ ਅਤੇ ਪੁਰਾਣੀਆਂ ਯਾਦਾਂ ਦੋਸਤਾਂ ਨਾਲ ਸਾਂਝੀਆਂ ਕਰਨ ਪੁੱਜੇ। ਸਤਵੰਤ ਸਿੰਘ ਜੁਆਇੰਟ ਸੈਕਟਰੀ ਪੀ ਐਸ ਪੀ ਸੀ ਐਲ,ਅਨੀਸ਼ ਸ਼ਰਮਾ ਈਟੀਓ, ਵਿਕਾਸ ਸ਼ੱਭਰ ਐਸ ਐਸ ਪੀ ਵਿਜੀਲੈਂਸ ਸੰਗਰੂਰ,ਤੇਜਪਾਲ ਬਾਂਸਲ ਅਡੀਸ਼ਨਲ ਐਸ ਈ,ਜਗਤਾਰ ਸਿੰਘ ਪ੍ਰੋਡਕਸ਼ਨ ਹੈਡ ਸਵਰਾਜ ਟਰੈਕਟਰ,ਗੁਰਸੇਵਕ ਸਿੰਘ ਜੀ ਐਮ ਕੋਕਾ ਕੋਲਾ ਜੰਮੂ, ਸਤਨਾਮ ਸਿੰਘ ਮੱਟੂ ਲੇਖਕ, ਗੀਤਕਾਰ ਅਤੇ ਇੰਜਨੀਅਰ, ਹਰਜੀਤ ਸਿੰਘ ਮਠਾੜੂ ਚੇਅਰਮੈਨ ਅਤੇ ਜੀਓ ਐਚ ਐਮ ਇੰਟਰਨੈਸ਼ਨਲ, ਬੌਬੀ ਪ੍ਰਧਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਇਸ ਮਿਲਣੀ ਦੀ ਖਿੱਚ ਬਣੇ ਰਹੇ।

ਸਾਰਿਆਂ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਤੋਂ ਬਾਅਦ ਆਪਣੀ ਜ਼ਿੰਦਗੀ ਚ ਮੰਜ਼ਿਲਾਂ ਦੀ ਪ੍ਰਾਪਤੀ ਅਤੇ ਕਾਮਯਾਬੀ ਦੇ ਤਜਰਬਿਆਂ ਨੂੰ ਸਾਂਝੇ ਕਰਦਿਆਂ ਮਿਹਨਤ,ਹਿੰਮਤ ਅਤੇ ਦ੍ਰਿੜਤਾ ਦਾ ਪੱਲਾ ਫੜਨ ਨੂੰ ਸਫਲਤਾ ਦਾ ਮੂਲ ਆਧਾਰ ਦੀ ਪ੍ਰੋੜਤਾ ਕੀਤੀ। ਸਤਨਾਮ ਸਿੰਘ ਮੱਟੂ ਨੇ ਪਟਿਆਲਾ ਦੀ ਸ਼ਾਹੀ ਸੁੰਦਰਤਾ ਨੂੰ ਬਿਆਨ ਕਰਦਾ ਆਪਣਾ ਲਿਖਿਆ ਗੀਤ "ਲਛਮਣ ਝੂਲੇ ਉੱਤੇ ਝੂਲਾਂਗੇ ਪਟਿਆਲੇ ਵਿੱਚ ਮੋਤੀ ਬਾਗ਼ ਨੀ.." ਸੁਣਾਕੇ ਮਹੌਲ ਨੂੰ ਰੁਮਾਂਟਿਕ ਬਣਾਇਆ। ਮਿਲਣੀ ਪ੍ਰੋਗਰਾਮ ਦੇ ਪ੍ਰਬੰਧਕ ਮਹਿੰਦਰ ਪਾਲ ਬੱਬੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਤਿੰਨ ਦਹਾਕਿਆਂ ਤੋਂ ਵਿੱਛੜੇ ਸਾਥੀਆਂ ਨੂੰ ਮਿਲਣਾ ਕਿਸੇ ਦੂਰਾਡੇ ਵਿਆਹੀ ਕੁੜੀ ਦੇ ਪੇਕਿਆਂ ਨੂੰ ਮਿਲਣ ਦੇ ਚਾਅ ਅਤੇ ਉਤਸੁਕਤਾ ਤੋਂ ਘੱਟ ਨਹੀਂ ਹੈ।

ਹਰਜੀਤ ਸਿੰਘ ਮਠਾੜੂ ਨੇ ਸਟੇਜ ਸਕੱਤਰ ਦੀ ਭੂਮਿਕਾ ਅਦਾ ਕਰਦਿਆਂ ਹਾਸੇ ਠੱਠੇ ਅਤੇ ਸ਼ੇਅਰੋ–ਸ਼ਾਇਰੀ ਨਾਲ ਮਹਿਫ਼ਲ ਨੂੰ ਦਿਲਕਸ਼ ਅਤੇ ਰੌਚਕ ਬਣਾਇਆ। ਖੱਟੀਆਂ ਮਿੱਠੀਆਂ ਯਾਦਾਂ ਦੀ ਸਾਂਝੀ ਲੜੀ ਨੂੰ ਮਨ ਪ੍ਰੋਅ ਸਾਰੇ ਐਲੂਮਨੀਜ਼ ਨੇ ਕਾਲਜ ਦੇ ਹੋਸਟਲ ਅਤੇ ਕਲਾਸਰੂਮਜ਼ ਵਿੱਚ ਜਾਕੇ ਜਵਾਨੀ ਦੇ ਉਹਨਾਂ ਪਲਾਂ ਨੂੰ ਮੁੜ ਚੇਤੇ ਕੀਤਾ।

**– ਸਤਨਾਮ ਸਿੰਘ ਮੱਟੂ (9779708257)**


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਵਿੱਦਿਅਕ ਖੇਤਰ ਦੀ ਨਾਮਵਰ ਸ਼ਖਸੀਅਤ ਮਾਸਟਰ ਸਾਧੂ ਸਿੰਘ ਤੱਖਰ ਜੀ ਦਾ ਅੰਤਿਮ ਸਸਕਾਰ, ਅਰਦਾਸ ਮੌਕੇ ਭਾਵ ਭਿੰਨੀ ਸ਼ਰਧਾਂਜਲੀਆਂ

**ਫਰਿਜ਼ਨੋ (ਡੀ. ਡੀ. ਬੀ.)–** ਬੀਤੇ ਸਾਲ ਦੀ ਕ੍ਰਿਸਮਿਸ ਵਾਲੇ ਦਿਨ ਦੁਆਬੇ ਖੇਤਰ ਦੇ ਮਸ਼ਹੂਰ ਪਿੰਡ ਸ਼ੰਕਰ ਦੇ ਵਿੱਦਿਅਕ ਖੇਤਰ ਦੀ ਨਾਮਵਰ ਸ਼ਖਸੀਅਤ ਮਾਸਟਰ ਸਾਧੂ ਸਿੰਘ ਤੱਖਰ ਜੀ ਦਾ 82 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ ਅਤੇ ਉਹਨਾਂ ਦਾ 4 ਜਨਵਰੀ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਰਿਜ਼ਨੋ ਵਿਖੇ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਦੁਖੀ ਤੱਖਰ ਪਰਿਵਾਰ ਅਤੇ ਉਹਨਾਂ ਦੇ ਸਕੇ ਸਬੰਧੀਆਂ, ਯਾਰ ਦੋਸਤ, ਰਿਸ਼ਤੇਦਾਰਾਂ ਤੋਂ ਇਲਾਵਾ ਉਹਨਾਂ ਦੇ ਸਿਖਿਆਰਥੀ ਆਦਿ ਨੇ ਨਮਨ ਅੱਖੀਆਂ ਨਾਲ ਆਪਣੇ ਪਿਆਰੇ/ਸਤਿਕਾਰੇ ਮਾਸਟਰ ਸਾਧੂ ਸਿੰਘ ਤੱਖਰ ਜੀ ਨੂੰ ਅੰਤਮ ਵਿਦਾਇਗੀ ਦਿੱਤੀ। ਇਸ ਅੰਤਿਮ ਵਿਦਾਇਗੀ ਵਕਤ ਉਹਨਾਂ ਦੇ ਸਨੇਹੀ, ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ ਅਤੇ ਭਾਰਤ ਤੋਂ ਵੀ ਆਏ।

ਇੰਡੀਆ ਤੋਂ ਉਹਨਾਂ ਦੀ ਵੱਡੀ ਭੈਣ ਸਰਦਾਰਨੀ ਸੁਰਜੀਤ ਕੌਰ, ਇੰਗਲੈਂਡ ਤੋਂ ਦੋ ਧੀਆਂ ਰਾਜਵੰਤ ਕੌਰ ਤੇ ਕੁਲਵੰਤ ਕੌਰ ਦੇ ਨਾਲ ਇਕ ਪ੍ਰਾਹੁਣਾ ਸ਼ਿੰਗਾਰਾ ਸਿੰਘ, ਮਾਸਟਰ ਜੀ ਦਾ ਇਕੋ ਇਕ ਲੜਕਾ ਨਰਾਇਣ ਸਿੰਘ ਜੋ ਪਰਿਵਾਰ ਨਾਲ ਇੰਗਲੈਂਡ ਹੈ, ਨੂੰ ਵੀਜ਼ੇ ਦੀ ਸਮੱਸਿਆ ਕਰਕੇ ਆਪਣੇ ਪਿਤਾ ਜੀ ਦੇ ਸਸਕਾਰ ਵਕਤ ਨਹੀਂ ਪਹੁੰਚ ਸਕਿਆ, ਕੈਨੇਡਾ ਤੋਂ ਅੰਮ੍ਰਿਤਪਾਲ ਸਿੰਘ ਮਾਨ ਵੀ ਪਹੁੰਚੇ।

ਇੱਥੇ ਵਰਣਨਯੋਗ ਹੈ ਕਿ ਮਾਸਟਰ ਸਾਧੂ ਸਿੰਘ ਲੱਗਭੱਗ 15 ਸਾਲਾਂ ਤੋਂ ਆਪਣੀ ਸੁਪਤਨੀ ਸਰਦਾਰਨੀ ਗੁਰਦੇਵ ਕੌਰ, ਆਪਣੀ ਲੜਕੀ ਜਸਵਿੰਦਰ ਕੌਰ ਅਤੇ ਜਵਾਈ ਹਰਵਿੰਦਰ ਸਿੰਘ ਸੰਧੂ ਕੋਲ ਰਹਿ ਰਹੇ ਸਨ।

ਉਪਰੋਕਤ ਦੂਰੋਂ ਆਉਣ ਵਾਲੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਨੇੜੇ ਤੇੜੇ ਤੋਂ ਲੋਕਾਂ ਨੇ ਅੰਤਿਮ ਦਰਸ਼ਨ ਕਰਨ ਵਾਲਿਆਂ ਤੋਂ ਇਲਾਵਾ ਸਵਰਗੀ ਮਾਸਟਰ ਸਾਧੂ ਸਿੰਘ ਤੱਖਰ ਦੇ ਸਾਬਕਾ ਵਿਦਿਆਰਥੀ ਅਤੇ ਪ੍ਰਿੰਸੀਪਲ ਦੀਆਂ ਸੇਵਾਵਾਂ ਤੋਂ ਮੁਕਤ ਸ. ਜਰਨੈਲ ਸਿੰਘ ਜੀ ਨੇ ਬੜੀ ਦੁਖੀ ਵੇਦਨਾ ਨਾਲ ਆਪਣੇ ਉਸਤਾਦ ਨੂੰ ਸ਼ਰਧਾਂਜਲੀ ਦਿੰਦਿਆਂ ਆਪਣੇ ਵਿਦਿਅਕ ਕਾਲ ਅਤੇ ਪਰਿਵਾਰਕ ਸਾਂਝਾਂ ਅਤੇ ਮਾਸਟਰ ਜੀ ਦੇ ਜੀਵਨ ਕਾਲ ਦੀਆਂ ਘਟਨਾਵਾਂ/ਯਾਦਾਂ ਨੂੰ ਸਾਂਝਾ ਕੀਤਾ। ਉਹਨਾਂ ਆਪਣੇ ਜਿਗਰੀ ਦੋਸਤ ਸਵਰਗੀ ਸ੍ਰੀ ਸੀ. ਐਲ. ਚੁੰਬਰ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਮਾਸਟਰ ਸਾਧੂ ਸਿੰਘ ਤੱਖਰ ਦਾ ਉਹ ਬਹੁਤ ਪਿਆਰਾ ਅਤੇ ਹੋਣਹਾਰ ਵਿਦਿਆਰਥੀ ਸੀ ਤੇ ਦੋਹਾਂ ਨੂੰ ਹੀ ਇਕ-ਦੂਜੇ ਤੇ ਫਖਰ ਸੀ। ਸ੍ਰੀ ਸੀ. ਐਲ. ਚੁੰਬਰ ਪਹਿਲੀ ਕਲਾਸ ਤੋਂ ਹਾਈ ਸਕੂਲ ਤੱਕ ਮੈਰਿਟ 'ਚ ਰਿਹਾ ਤੇ ਫਿਰ ਅਧਿਆਪਕ ਨੂੰ ਆਪਣੇ ਹੁਸ਼ਿਆਰ ਵਿਦਿਆਰਥੀ ਤੇ ਕਿਉਂ ਨਾ ਮਾਣ ਹੋਵੇ। ਵਿਦਿਆਰਥੀ ਨੂੰ ਵੀ ਆਪਣੇ ਮਾਸਟਰ ਉਪਰ ਉਨਾ ਵਿਸ਼ਵਾਸ ਤੇ ਸਤਿਕਾਰ/ਮਾਣ ਹੁੰਦਾ ਹੈ ਪਰ ਅੱਜ ਸਾਥੋਂ ਦੋਵੇਂ ਸਦਾ ਸਦਾ ਲਈ ਵਿੱਸਰ ਗਏ। ਪ੍ਰਿੰਸੀਪਲ ਜਰਨੈਲ ਸਿੰਘ ਜੀ ਦੋਹਾਂ ਨੂੰ ਯਾਦ ਕਰਦਿਆਂ ਬੜੇ ਭਾਵੁਕ ਹੋ ਗਏ।



ਇਹਨਾਂ ਤੋਂ ਇਲਾਵਾ ਮਾਸਟਰ ਸਾਧੂ ਸਿੰਘ ਤੱਖਰ ਦੇ ਇਕ ਹੋਰ ਸਾਬਕਾ ਵਿਦਿਆਰਥੀ ਜੋ ਅੱਜਕਲ੍ਹ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਤੋਂ 'ਅੰਬੇਦਕਰ ਟਾਈਮਜ਼' (ਅੰਗਰੇਜ਼ੀ) ਅਤੇ 'ਦੇਸ਼ ਦੁਆਬਾ' (ਪੰਜਾਬੀ) ਅਖ਼ਬਾਰ ਕੱਢ ਰਹੇ ਹਨ, ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਵੀ ਬੜੀ ਭਾਵੁਕਤਾ ਨਾਲ ਆਪਣੇ ਗੁਰੂ ਜੀ ਨੂੰ ਸ਼ਰਧਾਂਜਲੀ ਦੇਣ ਵਕਤ ਆਪਣੇ ਹੰਝੂਆਂ ਨੂੰ ਨਾ ਰੋਕ ਸਕਿਆ। ਸ੍ਰੀ ਚੁੰਬਰ ਦੀ ਅਜੇ ਕੁਝ ਸਮਾਂ ਪਹਿਲਾਂ ਹੀ ਕੋਈ ਤਿੰਨ-ਚਾਰ ਮਹੀਨੇ ਪਹਿਲਾਂ ਰਛਪਾਲ ਸਿੰਘ ਪਾਲਾ ਪਹਿਲਵਾਨ ਸ਼ੰਕਰੀਆ ਦੇ ਰਾਹੀਂ ਵੀਡੀਓ ਕਾਲ ਰਾਹੀਂ ਕਾਫੀ ਗੱਲਬਾਤ ਹੋਈ। ਉਸ ਵਕਤ ਮਾਸਟਰ ਸਾਧੂ ਸਿੰਘ ਤੱਖਰ ਕਹਿ ਰਹੇ ਸਨ ਕਿ ਮੈਨੂੰ ਆਪਣੇ ਦੋਵੇਂ ਵਿਦਿਆਰਥੀਆਂ ਸ੍ਰੀ ਸੀ. ਐਲ. ਚੁੰਬਰ ਅਤੇ ਪ੍ਰੇਮ ਕੁਮਾਰ ਚੁੰਬਰ ਭਰਾਵਾਂ 'ਤੇ ਬੜਾ ਮਾਣ ਹੈ। ਦੋਵੇਂ ਹੀ ਪੜ੍ਹਾਈ 'ਚ ਬੜੇ ਹੁਸ਼ਿਆਰ ਤੇ ਹੋਣਹਾਰ ਵਿਦਿਆਰਥੀ ਰਹੇ ਤੇ ਦੋਵਾਂ ਨੇ ਹੀ ਆਪਣਾ ਮੀਡੀਆ ਚਲਾ ਕੇ ਸਮਾਜ ਸੇਵਾ 'ਚ ਜੀਵਨ ਲਗਾਇਆ। ਪਰ ਸ੍ਰੀ ਪ੍ਰੇਮ ਚੁੰਬਰ ਨੇ ਕਿਹਾ ਕਿ ਮੈਂ ਕੈਲੇਫੋਰਨੀਆ 'ਚ ਰਹਿ ਕੇ ਵੀ ਆਪਣੇ ਉਸਤਾਦ ਮਾਸਟਰ ਸਾਧੂ ਸਿੰਘ ਜੀ ਨੂੰ ਨਾ ਮਿਲ ਸਕਿਆ। ਬੇਸ਼ੱਕ ਮੇਰੀ, ਮੇਰੇ ਉਸਤਾਦ ਨਾਲ ਕੋਈ ਸਾਢੇ ਤਿੰਨ ਦਹਾਕਿਆਂ ਬਾਅਦ ਵੀਡੀਓ ਕਾਲ ਤੇ ਗੱਲਬਾਤ ਵੀ ਹੋਈ। ਮੈਨੂੰ ਮੇਰੇ ਉਸਤਾਦ ਨੇ ਢੇਰ ਸਾਰਾ ਆਸ਼ੀਰਵਾਦ ਵੀ ਦਿੱਤਾ। ਮੇਰੀ ਚੜ੍ਹਦੀ ਕਲਾ ਲਈ ਸ਼ੁਭਕਾਮਨਾਵਾਂ ਕੀਤੀਆਂ।

ਸ੍ਰੀ ਚੁੰਬਰ ਨੇ ਆਪਣੇ ਪ੍ਰੋਫੈਸਰ ਸ੍ਰੀ ਐਚ. ਐਲ. ਕਪੂਰ ਸਾਹਿਬ ਵੱਲੋਂ ਸਵਰਗੀ ਮਾਸਟਰ ਸਾਧੂ ਸਿੰਘ ਤੱਖਰ ਜੀ ਨੂੰ ਸ਼ਰਧਾਂਜਲੀ ਦਿੱਤੀ। ਯਾਦ ਰਹੇ ਪ੍ਰੋਫੈਸਰ ਕਪੂਰ ਅਤੇ ਮਾਸਟਰ ਸਾਧੂ ਸਿੰਘ ਨੇ ਕਾਫੀ ਲੰਮਾ ਸਮਾਂ ਇਕੱਠਿਆਂ ਪੜ੍ਹਾਇਆ।

ਇਹਨਾਂ ਦੋ ਸਾਬਕਾ ਵਿਦਿਆਰਥੀਆਂ ਵੱਲੋਂ ਸ਼ਰਧਾਂਜਲੀ ਉਪਰੰਤ ਕੈਨੇਡਾ ਤੋਂ ਆਏ ਸ੍ਰੀ ਅੰਮ੍ਰਿਤਪਾਲ ਸਿੰਘ ਮਾਨ ਨੇ ਵੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੰਦਿਆਂ ਮਾਸਟਰ ਸਾਧੂ ਸਿੰਘ ਤੱਖਰ ਦੇ ਪਰਿਵਾਰਕ, ਸਮਾਜਿਕ ਤੇ ਵਿਦਿਅਕ ਖੇਤਰ ਵਿਚ ਮਾਰੀਆਂ ਮੱਲਾਂ ਨੂੰ ਸਲਾਹਿਆ ਤੇ ਕਿਹਾ ਕਿ ਉਹਨਾਂ ਤੋਂ ਬਹੁਤ ਕੁਝ ਸਿੱਖਣਾ ਅਜੇ ਬਾਕੀ ਸੀ। ਜਿਵੇਂ ਕਿ ਸ੍ਰੀ ਚੁੰਬਰ ਨੇ ਵੀ ਕਿਹਾ ਕਿ ਮਾਤਾ-ਪਿਤਾ ਸਾਨੂੰ ਜਨਮ ਦਿੰਦੇ ਹਨ, ਪਾਲਦੇ ਹਨ ਪਰ ਜੀਵਨ ਨੂੰ ਕਿਵੇਂ ਜਿਊਣਾ, ਜੀਵਨ ਜਾਂਚ ਸਾਨੂੰ ਸਾਡੇ ਅਧਿਆਪਕ ਹੀ ਸਿਖਾਉਂਦੇ ਹਨ। ਉਸ ਦਾ ਮਾਧਿਅਮ ਇਕੋ-ਇਕ ਵਿਦਿਆ ਹੀ ਹੈ। ਧੰਨ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਵਿੱਦਿਆ ਵੱਲ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਹੈ, ਜਿਸਨੇ ਵਿੱਦਿਆ ਨੂੰ ਵਿਚਾਰ ਲਿਆ, ਉਸ ਦਾ ਪਰਉਪਕਾਰ ਆਪਣੇ ਆਪ ਹੀ ਹੋ ਜਾਂਦਾ ਹੈ।

ਇਹਨਾਂ ਤੋਂ ਪਹਿਲਾਂ ਸਵਰਗੀ ਮਾਸਟਰ ਸਾਧੂ ਸਿੰਘ ਤੱਖਰ ਦੀ ਬਹੁਤ ਪਿਆਰੀ ਦੋਹਤੀ ਪਵਨਦੀਪ ਕੌਰ ਨੇ ਆਪਣੇ ਸਤਿਕਾਰਯੋਗ ਨਾਨਾ ਜੀ ਨੂੰ ਭਰੇ ਦਿਲ ਨਾਲ ਅੰਤਿਮ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਮੇਰੇ ਨਾਨਾ ਜੀ ਮੈਨੂੰ ਜੋ ਤੁਸੀਂ ਪੜ੍ਹਾਇਆ/ਸਿਖਾਇਆ ਹੈ, ਉਸ ਲਈ ਤੁਹਾਡੀ ਧੰਨਵਾਦੀ ਹਾਂ ਤੇ 'ਹੁਣ ਮੈਂ ਤੁਹਾਡੇ ਦਿਖਾਏ ਮਾਰਗ ਤੇ ਚੱਲ ਕੇ ਦਿਖਾਵਾਂਗੀ।' ਮੇਰੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਮੈਂ ਤੁਹਾਡੀਆਂ ਸਿੱਖਿਆਵਾਂ ਨੂੰ ਅਮਲੀ ਜਾਮਾ ਪਹਿਨਾਇਆ।

ਇਸ ਉਪਰੰਤ ਗੁਰਦੁਆਰਾ ਨਾਨਕਸਰ ਚੈਰੀ ਐਵਿਨਿਊ (ਫਰਿਜ਼ਨੋ) ਵਿਖੇ ਸਹਿਜ ਪਾਠ ਦੇ ਭੋਗ ਉਪਰੰਤ ਵੈਰਾਗਮਈ ਕੀਰਤਨ ਭਾਈ ਸਾਹਿਬ ਭਾਈ ਕਰਨੈਲ ਸਿੰਘ ਜੀ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਕੀਤਾ। ਅਖੀਰ 'ਚ ਗੁਰਦੁਆਰਾ ਨਾਨਕਸਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਦੀਦਾਰ ਸਿੰਘ ਜੀ ਨੇ ਸੁਖਮਨੀ ਸਾਹਿਬ ਅਤੇ ਸੋਹਲਾ ਸਾਹਿਬ ਦੇ ਪਾਠ ਕਰਨ ਉਪਰੰਤ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਤੇ ਮਗਰ ਤੱਖਰ ਪਰਿਵਾਰ ਨੂੰ ਭਾਣਾ ਮੰਨਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਇਸ ਉਪਰੰਤ ਉਪਰੋਕਤ ਗੁਰਦੁਆਰਾ ਸਾਹਿਬ ਵਿਖੇ ਪਾਠ ਉਪਰੰਤ ਵਿਛੜੀ ਰੂਹ ਦੀ ਆਤਮ ਸ਼ਾਂਤੀ ਲਈ ਤੱਖਰ ਪਰਿਵਾਰ ਵੱਲੋਂ ਅੰਤਿਮ ਅਰਦਾਸ ਕੀਤੀ ਗਈ। ਭਾਈ ਸਾਹਿਬ ਨੇ ਦੁਖੀ ਤੱਖਰ ਪਰਿਵਾਰ ਵੱਲੋਂ ਸਭ ਦਾ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੋਣ ਬਦਲੇ ਧੰਨਵਾਦ ਕੀਤਾ।

**(ਤਸਵੀਰਾਂ ਦੇਖੋ ਅਗਲੇ ਸਫੇ 'ਤੇ)**

# ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਸਨਮਾਨ ਸਤੀਸ਼ ਗੁਲਾਟੀ ਨੂੰ

**ਲੁਧਿਆਣਾ–** ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਮੰਚ ਲੁਧਿਆਣਾ, ਪੰਜਾਬ ਵੱਲੋਂ ਯੁਗ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿੱਚ ਪੰਜਵਾਂ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ ਵਿਖੇ ਕਰਵਾਇਆ ਗਿਆ।

ਇਸ ਮੌਕੇ ਪੰਜਾਬੀ ਸਾਹਿਤ ਦੇ ਉੱਘੇ ਹਸਤਾਖਰ ਸ਼੍ਰੀ ਤਰਸੇਮ ਨੂਰ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਸ਼੍ਰੀ ਹਰਦਿਆਲ ਸਾਗਰ ਜੀ, ਸ਼੍ਰੀ ਮੁਕੇਸ਼ ਆਲਮ ਜੀ ਅਤੇ ਸ਼੍ਰੀ ਜਗਵਿੰਦਰ ਜੋਧਾ ਜੀ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ। ਸਮਾਗਮ ਦਾ ਆਗਾਜ਼ ਗੰਗਾਨਗਰ ਤੋਂ ਆਏ ਸੁਰੀਲੇ ਕਵੀ ਜਸਵਿੰਦਰ ਲਫ਼ਜ਼ ਨੇ ਅਤੇ ਨਕੋਦਰ ਤੋਂ ਆਏ ਕਵੀ ਕਰਨਜੀਤ ਨੇ ਸ਼ਿਵ ਬਟਾਲਵੀ ਜੀ ਦੇ ਗੀਤਾਂ ਨਾਲ ਕੀਤਾ।

ਇਸ ਮੌਕੇ ਪੰਜਾਬੀ ਗ਼ਜ਼ਲ ਦੇ ਥੰਮ ਸ਼੍ਰੀ ਸਤੀਸ਼ ਗੁਲਾਟੀ ਜੀ ਨੂੰ ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ 'ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਸਨਮਾਨ 2019' ਪ੍ਰਦਾਨ ਕੀਤਾ ਗਿਆ। ਸਮਾਗਮ ਵਿੱਚ ਸ਼ਿਰਕਤ ਕਰਨ ਵਾਲੀਆਂ ਪ੍ਰਮੁੱਖ ਹਸਤੀਆਂ ਵਿੱਚ ਡਾ. ਸੁਸ਼ੀਲ ਸ਼ਰਮਾਂ, ਡਾ. ਦੀਕਸ਼ਾ, ਸ਼੍ਰੀ ਵਰਿੰਦਰ ਅਮੀਰਸ ਜੀ, ਸ਼੍ਰੀਮਤੀ ਮਧੂ ਤੇਜਪਾਲ ਜੀ, ਸ਼੍ਰੀ ਉਮੇਸ਼ ਘਈ, ਐਡਵੋਕੇਟ ਪਾਰਸ ਸ਼ਰਮਾ, ਮਨੋਜ ਫਗਵਾੜਵੀ ਯੂ. ਐੱਸ. ਏ., ਮੁੱਖ ਅਧਿਆਪਕਾ ਮੀਨਾਕਸ਼ੀ ਸ਼ਰਮਾ ਜੀ, ਸ਼੍ਰੀ ਕੁਲਦੀਪ ਸ਼ਰਮਾ, ਸ਼੍ਰੀਮਤੀ ਮੀਨੂੰ ਸ਼ਰਮਾ ਜੀ, ਸ਼੍ਰੀਮਤੀ ਨੀਲਮ ਕੋਚਰ ਜੀ, ਮਨਵੀਰ ਕੌਰ ਜੀ, ਸ਼੍ਰੀ ਰੁਪਿੰਦਰ ਮੰਗਲੀ ਖਾਸ, ਐਡਵੋਕੇਟ ਵਿਜੇ ਜੀ, ਸ਼੍ਰੀ ਗੁਰਦੀਪ ਸੈਣੀ ਜੀ,



ਸਲਵਾਨ, ਸ਼੍ਰੀਮਤੀ ਸੁਖਵਿੰਦਰ ਕੌਰ, ਸ਼੍ਰੀ ਸਿਮਰਨਪਾਲ ਜੀ, ਸ਼੍ਰੀ ਯੋਗੇਸ਼ ਕੋਚਰ, ਸ਼੍ਰੀ ਪਵਨ ਸ਼ਰਮਾ, ਸ਼੍ਰੀ ਹਰੀਸ਼ ਕੱਕੜ, ਸ਼੍ਰੀ ਅਜੇ ਕੁਮਾਰ ਜੀ, ਸ਼੍ਰੀ ਮੇਘਾ ਵਸ਼ਿਸ਼ਟ ਜੀ, ਸ਼੍ਰੀ ਰਜਨੀ ਦੇਵਗਨ, ਸ਼ਾਲੂ ਐੱਸ. ਤੇਜਪਾਲ, ਸ਼੍ਰੀ ਸਤਿੰਦਰਪਾਲ ਸਿੰਘ ਜੀ, ਸ਼੍ਰੀਮਤੀ ਬਿੰਦੂ ਜੀ, ਸ਼ਹਿਨਾਜ਼ ਗੁਲਾਟੀ ਜੀ, ਪ੍ਰਤਿਭਾ ਜੀ, ਮਾਧਵ ਤੇਜਪਾਲ ਜੀ, ਸ਼੍ਰੀਮਤੀ ਕਿਰਨ ਗੁਲਾਟੀ ਸ਼ਰਮਾ ਜੀ, ਪਾਵਨੀ ਸ਼੍ਰੀ ਵਿਸ਼ਾਲ ਸ਼ਰਮਾ ਜੀ, ਸ਼੍ਰੀ ਐੱਸ ਮਨਜੀਤ ਸੂਖ਼ਮ ਜੀ, ਸ਼੍ਰੀ ਬਲਜਿੰਦਰ ਸਿੰਘ, ਸ਼੍ਰੀ ਹਰਦੀਪ ਬਿਰਦੀ ਜੀ, ਸ਼੍ਰੀ ਬਲਵੰਤ ਗਿਆਸਪੁਰਾ ਜੀ, ਸ਼੍ਰੀ ਗੁਰਮੀਤ ਸਿੰਘ ਜੀ, ਸ਼੍ਰੀ ਗੁਰਪ੍ਰੀਤ ਬੰਟੀ ਜੀ, ਜਗਜੀਵਨ ਕੌਰ ਜੀ, ਸ਼੍ਰੀਮਤੀ ਮਨਿੰਦਰ ਕੌਰ ਮਨ ਜੀ, ਸ਼੍ਰੀਮਤੀ ਗੁਰਮਿੰਦਰ ਜੀਤ ਕੌਰ ਜੀ ਅਤੇ ਅਦਬ ਦੇ ਨਾਂ ਸ਼ੁਮਾਰ ਹਨ। ਸਮਾਗਮ ਵਿੱਚ ਸ਼੍ਰੀ ਜਗਵਿੰਦਰ ਜੋਧਾ ਜੀ ਨੇ ਸ਼੍ਰੀ ਸਤੀਸ਼ ਗੁਲਾਟੀ ਜੀ ਅਤੇ ਪੰਜਾਬੀ ਗ਼ਜ਼ਲ ਵਿੱਚ ਉਹਨਾਂ ਦੇ ਯੋਗਦਾਨ ਸਬੰਧੀ ਵਿਚਾਰ ਰੱਖੇ।

ਸਨਮਾਨ ਸਮਾਰੋਹ ਉਪਰੰਤ ਕਵੀ ਦਰਬਾਰ ਵਿੱਚ ਪੰਜਾਬ ਦੇ ਲਗਭਗ 25 ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਮੁੱਚੇ ਸਮਾਗਮ ਨੂੰ ਸਿਖ਼ਰ ਤੱਕ ਪਹੁੰਚਾਇਆ। ਇਨ੍ਹਾਂ ਵਿੱਚ ਸ਼੍ਰੀ ਹਰਿਦਆਲ ਸਾਗਰ, ਸ਼੍ਰੀ ਤਰਸੇਮ ਨੂਰ, ਸ਼੍ਰੀ ਸਤੀਸ਼ ਗੁਲਾਟੀ ਜੀ, ਸ਼੍ਰੀ ਮੁਕੇਸ਼ ਆਲਮ ਜੀ, ਸ਼੍ਰੀ ਜਗਵਿੰਦਰ ਜੋਧਾ ਜੀ, ਸ਼੍ਰੀ ਤੇਜਬੀਰ ਸਿੱਧੂ ਜੀ, ਸ਼੍ਰੀਮਤੀ ਗੁਰਚਰਨ ਕੌਰ ਕੋਚਰ ਜੀ, ਸ਼੍ਰੀਮਤੀ ਕੋਮਲਦੀਪ ਅਹਿਸਾਸ ਜੀ, ਸ਼੍ਰੀ ਕਰਨਜੀਤ ਨਕੋਦਰ ਜੀ, ਸ਼੍ਰੀ ਪਰਮਜੀਤ ਢਿੱਲੋਂ ਜੀ, ਸ਼੍ਰੀ ਜਸਪਾਲ ਅਨਹਦ ਜੀ, ਸ਼੍ਰੀ ਜਸਵਿੰਦਰ ਲਫ਼ਜ਼ ਜੀ, ਸ਼੍ਰੀ ਮਨਦੀਪ ਲੁਧਿਆਣਾ ਜੀ, ਸ਼੍ਰੀ ਰਿਸ਼ੀ ਹਿਰਦੇਪਾਲ ਜੀ, ਸ਼੍ਰੀ ਸੁਖਦੇਵ ਮਠਾੜੂ ਜੀ, ਸ਼੍ਰੀ ਨਵਦੀਪ ਮੁੰਡੀ ਜੀ, ਅਨੂ ਸਿਮਰਨ ਜੀ, ਸ਼੍ਰੀ ਪਾਲੀ ਖ਼ਾਦਿਮ ਜੀ, ਸ਼੍ਰੀ ਹਰਮਨ ਸੂਫ਼ੀ ਜੀ, ਸ਼੍ਰੀ ਪ੍ਰਭਜੋਤ ਸੋਹੀ ਜੀ, ਸ਼੍ਰੀ ਰਾਜਦੀਪ ਤੂਰ ਜੀ, ਸ਼੍ਰੀ ਰਵੀ ਦੀਪ ਜੀ ਅਤੇ ਰਾਕੇਸ਼ ਤੇਜਪਾਲ 'ਜਾਨੀ' ਪ੍ਰਮੁੱਖ ਹਨ। ਰਾਕੇਸ਼ ਤੇਜਪਾਲ 'ਜਾਨੀ' ਅਤੇ ਸ਼੍ਰੀ ਅਮਰਜੀਤ ਸਿੰਘ ਜੀ ਨੇ ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਕੀਤਾ।

# ਗ਼ਦਰੀ ਬਾਬਾ ਸੋਹਨ ਸਿੰਘ ਭਕਨਾ ਦਾ 150ਵਾਂ ਜਨਮ ਦਿਹਾੜਾ ਸਮਾਗਮ






**ਜਲੰਧਰ–** ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇ ਗੰਢ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜੋਸ਼-ਖਰੋਸ਼ ਮਨਾਏ ਜਾਣ ਦਾ ਆਗਾਜ਼ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ

'ਹਮ ਦੇਖੇਂਗੇ,<br>
ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ,<br>
ਵੋਹ ਦਿਨ ਕਿ ਜਿਸਦਾ ਵਾਅਦਾ ਹੈ<br>
ਹਮ ਦੇਖੇਂਗੇ', ਨਾਲ ਹੋਇਆ।

ਇਸ ਸਮਾਗਮ ਮੌਕੇ ਮੰਚ 'ਤੇ ਮੁੱਖ ਬੁਲਾਰੇ ਪ੍ਰੋ. ਜਗਮੋਹਨ ਸਿੰਘ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਸੁਸ਼ੋਭਤ ਸਨ।

ਪ੍ਰੋ.ਮਲਵਿੰਦਰਜੀਤ ਸਿੰਘ ਵੜੈਚ (ਸੰਪਾਦਕ) ਅਤੇ ਅਮੋਲਕ ਸਿੰਘ (ਸਹਿ-ਸੰਪਾਦਕ) ਵੱਲੋਂ ਸੰਪਾਦਿਤ ਪੁਸਤਕ 'ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ' ਪ੍ਰਧਾਨਗੀ ਮੰਡਲ ਤੋਂ ਇਲਾਵਾ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਤੇ ਨਾਮਵਰ ਕਹਾਣੀਕਾਰ, ਸਾਹਿਤਕਾਰ ਪ੍ਰੋ.ਵਰਿਆਮ ਸਿੰਘ ਸੰਧੂ, ਸੁਰਿੰਦਰ ਕੁਮਾਰੀ ਕੋਛੜ, ਬਲਬੀਰ ਕੌਰ ਬੁੰਡਾਲਾ, ਸੀਤਲ ਸਿੰਘ ਸੰਘਾ ਤੇ ਦੇਵਰਾਜ ਨਯੀਅਰ ਵੱਲੋਂ ਲੋਕ ਅਰਪਣ ਕੀਤੀ ਗਈ।

ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਇਸ ਮੌਕੇ ਬੋਲਦਿਆਂ ਜਿੱਥੇ ਸੋਹਨ ਸਿੰਘ ਭਕਨਾ ਦੇ ਜੀਵਨ ਸੰਗਰਾਮ ਤੋਂ ਸਬਕ ਲੈ ਕੇ ਆਪਣੇ ਰਾਹ ਬਣਾਉਣ ਦੀ ਅਪੀਲ ਕੀਤੀ, ਉਥੇ ਜਨਵਰੀ ਮਹੀਨੇ ਦੇ ਸਮੂਹ ਅਮਰ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਵੀ ਸਿਜਦਾ ਕੀਤਾ।

ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਜਗਮੋਹਨ ਸਿੰਘ ਨੇ 1966-67 ਦੇ ਸਮਿਆਂ 'ਚ ਬਾਬਾ ਸੋਹਨ ਸਿੰਘ ਭਕਨਾ ਦੇ ਪਿੰਡ ਜਾ ਕੇ ਉਹਨਾਂ ਨਾਲ ਕੀਤੀਆਂ ਵਿਚਾਰਾਂ, ਮੁਲਾਕਾਤਾਂ ਅਤੇ ਬਾਬਾ ਭਕਨਾ ਦੀ ਅਦੁੱਤੀ ਦੇਣ ਦੇ ਅਮੁੱਲੇ ਸਬਕਾਂ ਬਾਰੇ ਚਾਨਣਾ ਪਾਇਆ। ਪ੍ਰੋ. ਜਗਮੋਹਨ ਸਿੰਘ ਨੇ ਬੋਲਦਿਆਂ ਕਿਹਾ ਕਿ ਬਾਬਾ ਸੋਹਨ ਸਿੰਘ ਭਕਨਾ ਅਤੇ ਉਹਨਾਂ ਦੇ ਸਾਥੀਆਂ ਨੇ ਗ਼ਦਰ ਪਾਰਟੀ ਦੀ ਆਧਾਰਸ਼ਿਲਾ ਜਿਸ ਵਿਚਾਰਧਾਰਾ, ਰਾਜਨੀਤੀ ਉਪਰ ਧਰੀ ਉਸਦਾ ਨਿਸ਼ਾਨਾ, ਦੇਸੀ-ਬਦੇਸ਼ੀ ਹਰ ਵੰਨਗੀ ਦੀ ਜਕੜ ਤੋਂ ਮੁਕਤ, ਆਜ਼ਾਦ, ਜਮਹੂਰੀ, ਨਿਆਂ ਅਤੇ ਸਾਂਝੀਵਾਲਤਾ ਭਰਿਆ ਰਾਜ ਅਤੇ ਸਮਾਜ ਸਿਰਜਣਾ ਸੀ।

ਉਹਨਾਂ ਨੇ ਬਾਬਾ ਭਕਨਾ ਦੇ ਹੱਡੀਂ ਹੰਢਾਏ ਸਖ਼ਤ ਘਾਲਣਾ ਅਤੇ ਕੁਰਬਾਨੀਆਂ ਭਰੇ ਤਜ਼ੱਰਬਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇ ਅੱਜ ਦੀ ਜੁਆਨੀ ਮੇਰੇ ਬਾਲ ਜਰਨੈਲ ਕਰਤਾਰ ਸਿੰਘ ਸਰਾਭਾ ਨੂੰ ਭੁੱਲ ਜਾਏਗੀ ਤਾਂ ਅਸੀਂ ਜਿਸ ਸੁਨਹਿਰੀ ਸਵੇਰ ਦਾ ਸੁਪਨਾ ਲੈ ਕੇ ਗ਼ਦਰ ਦਾ ਝੰਡਾ ਚੁੱਕਿਆ ਸੀ, ਉਸਦਾ ਮੁੱਖੜਾ ਵੇਖਣ ਲਈ ਨੌਜਵਾਨ ਪੀੜ੍ਹੀ ਨੂੰ ਭਵਿੱਖ 'ਚ ਵੱਡੀ ਕੀਮਤ ਅਦਾ ਕਰਨੀ ਪਏਗੀ।

ਪ੍ਰੋ. ਜਗਮੋਹਨ ਸਿੰਘ ਨੇ ਐਨ. ਪੀ. ਏ., ਸੀ. ਏ. ਏ., ਐਨ.ਆਰ.ਸੀ. ਦੇ ਨਾਂਅ ਹੇਠ ਮੋਦੀ-ਸ਼ਾਹ ਹਕੂਮਤ ਵੱਲੋਂ ਲੋਕਾਂ ਉਪਰ ਹਿੰਦੂਤਵ ਫਾਸ਼ੀਵਾਦ ਦਾ ਅਜੰਡਾ ਮੜ੍ਹਨ ਲਈ ਵਿੱਢੇ ਹੱਲੇ ਅੰਦਰ ਛੁਪੇ ਮੰਤਵਾਂ ਤੋਂ ਪਰਦਾ ਚੁੱਕਿਆ। ਉਹਨਾਂ ਕਿਹਾ ਕਿ ਲੋਕਾਂ ਦੀ ਨਾਗਰਿਕਤਾ ਦਾ ਪ੍ਰਮਾਣ ਮੰਗਣ ਦੇ ਓਹਲੇ ਅਸਲ 'ਚ ਮੁਸਲਿਮ ਭਾਈਚਾਰੇ, ਆਦਿਵਾਸੀਆਂ, ਦਲਿਤਾਂ ਵਿਚੀਂ ਹੁੰਦੇ ਹੋਏ ਲੋਕਾਂ ਉਪਰ ਹਿਟਲਰ ਮਾਰਕਾ ਫਾਸ਼ੀ ਰਾਜ ਮੜ੍ਹਨਾ ਹੈ।

ਮੁਲਕ ਭਰ 'ਚ ਵਿਦਿਆਰਥੀਆਂ, ਨੌਜਵਾਨਾਂ, ਬੁੱਧੀਜੀਵੀਆਂ, ਰੰਗਕਰਮੀਆਂ, ਕਵੀਆਂ, ਫ਼ਿਲਮਸਾਜ਼ ਹਸਤੀਆਂ, ਆਮ ਲੋਕਾਂ ਵੱਲੋਂ ਕਾਫ਼ਲੇ ਬੰਨ੍ਹਕੇ ਸੜਕਾਂ ਉਪਰ ਹੜ੍ਹ ਬਣ ਕੇ ਨਿੱਤਰਨ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਸਿਰਫ਼ ਜਾਗਦੀ ਜ਼ਮੀਰ ਵਾਲੀ ਲੋਕ ਸ਼ਕਤੀ ਹੀ ਫਾਸ਼ੀ ਹੱਲੇ ਦਾ ਟਾਕਰਾ ਕਰ ਸਕਦੀ ਹੈ ਅਤੇ ਇਸ ਹੱਲੇ ਨੂੰ ਲੱਕ ਤੋੜਵੀਂ ਹਾਰ ਦੇ ਕੇ ਗ਼ਦਰੀ ਬਾਬਾ ਸੋਹਨ ਸਿੰਘ ਭਕਨਾ ਹੋਰਾਂ ਦੇ ਸੁਪਨੇ ਸਾਕਾਰ ਕਰਨ ਲਈ ਆਪਣੇ ਮੁਕਤੀ ਮਾਰਗ 'ਤੇ ਅੱਗੇ ਵੱਧ ਸਕਦੇ ਹਾਂ।

ਪੂਰੇ ਕਸ਼ਮੀਰ ਨੂੰ ਡੀਟੈਂਸ਼ਨ ਸੈਂਟਰ ਬਣਾ ਧਰਨ ਦੀ ਤਿੱਖੀ ਆਲੋਚਨਾ ਕਰਦਿਆਂ ਪ੍ਰੋ. ਜਗਮੋਹਨ ਸਿੰਘ ਹੋਰਾਂ ਕਿਹਾ ਕਿ, ਮੁਕੰਮਲ ਆਜ਼ਾਦੀ ਸੰਗਰਾਮ ਨੂੰ ਅੱਗੇ ਤੋਰਨਾ, ਵਿਗਿਆਨਕ ਵਿਚਾਰਧਾਰਾ ਬਣਾਉਣਾ ਅਤੇ ਖ਼ੂਬਸੂਰਤ ਸਮਾਜ ਸਿਰਜਣ ਲਈ ਅੱਗੇ ਆਉਣਾ ਸਮੇਂ ਦੀ ਤਿੱਖੀ ਮੰਗ ਹੈ।

"ਕਭ ਯਾਦ ਮੇਂ ਤੇਰੀ ਯਾਦ ਨਹੀਂ<br>
ਕਭ ਹਾਥ ਮੇਂ ਤੇਰਾ ਹਾਥ ਨਹੀਂ"

ਦੇ ਕਾਵਿਕ-ਬੋਲਾਂ ਨਾਲ ਆਪਣੀ ਤਕਰੀਰ ਪੂਰੀ ਕਰਦਿਆਂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਗ਼ਦਰੀ ਬਾਬਿਆਂ ਨੂੰ ਬੁੱਤਾਂ 'ਚ ਤਬਦੀਲ ਕਰਨ ਜਾਂ ਬੁੱਤ ਬਣਕੇ ਉਹਨਾਂ ਦੀਆਂ ਤਸਵੀਰਾਂ ਵੇਖਦੇ ਰਹਿਣ ਦੀ ਬਜਾਏ ਸਾਨੂੰ ਸਮਾਜ ਦੀ ਨਵੀਂ ਤਸਵੀਰ ਖਿੱਚਣ ਲਈ ਮਿਲਕੇ ਸੁਹਿਰਦ ਯਤਨ ਕਰਨ ਦੀ ਲੋੜ ਹੈ। ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਬਾਬਾ ਜੀ ਅਤੇ ਹੋਰ ਗ਼ਦਰੀ ਦੇਸ਼ ਭਗਤਾਂ ਦੀਆਂ ਕਾਲ਼ੇ ਪਾਣੀ ਤੋਂ ਲਿਖੀਆਂ ਚਿੱਠੀਆਂ ਦਾ ਵੇਰਵਾ ਸੁਣਾਉਂਦਿਆਂ ਔਰਤ ਵਰਗ ਦੀ ਭੂਮਿਕਾ ਨੂੰ ਬਾਖ਼ੂਬੀ ਸਤਿਕਾਰਿਆ।

ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਬਹੁਤ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਗ਼ਦਰ ਪਾਰਟੀ ਅਤੇ ਹੋਰ ਇਨਕਲਾਬੀ ਲਹਿਰਾਂ ਦੀ ਉੱਚੀ ਸੋਚ ਅਤੇ ਕੁਰਬਾਨੀਆਂ ਦੇ ਇਤਿਹਾਸ ਨਾਲ ਅਸੀਂ ਲੋਕਾਂ ਦੀ ਲਹਿਰ ਕਿਉਂ ਨਹੀਂ ਬਣਾ ਸਕੇ? ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਕਿਹਾ ਕਿ 8 ਜਨਵਰੀ ਨੂੰ ਮੁਲਕ ਵਿਆਪੀ ਹੋ ਰਹੀ ਟ੍ਰੇਡ ਜੱਥੇਬੰਦੀਆਂ ਦੀ ਹੜਤਾਲ ਵਾਂਗ ਲੋਕ ਮਸਲਿਆਂ ਉਪਰ ਸੰਘਰਸ਼ ਫ਼ਿਰਕੂ ਹਨੇਰੀ ਦਾ ਜਵਾਬ ਬਣੇਗਾ। ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। ਮੰਚ ਸੰਚਾਲਕ ਨੇ ਕਿਹਾ ਕਿ ਬਾਬਾ ਸੋਹਨ ਸਿੰਘ ਭਕਨਾ ਦੀ ਮਾਂ ਰਾਮ ਕੌਰ ਵਰਗੀਆਂ ਮਾਵਾਂ ਦੀ ਸਮੇਂ ਨੂੰ ਲੋੜ ਹੈ, ਜਿਸਨੇ ਕਿਹਾ ਸੀ ਕਿ, 'ਤੂੰ ਮੇਰਾ ਪੁੱਤ ਬਣਕੇ ਸਜ਼ਾ ਤੋਂ ਮਾਫ਼ੀ ਨਹੀਂ ਮੰਗਣੀ ਸਗੋਂ ਆਪਣੇ ਰਾਹ 'ਤੇ ਡਟਕੇ ਅੱਗੇ ਤੁਰਨਾ ਹੈ।'

# ਵਿੱਦਿਅਕ ਖੇਤਰ ਦੀ ਨਾਮਵਰ ਸ਼ਖਸੀਅਤ ਮਾਸਟਰ ਸਾਧੂ ਸਿੰਘ ਤੱਖਰ ਜੀ ਦਾ ਅੰਤਿਮ ਸਸਕਾਰ, ਅਰਦਾਸ ਮੌਕੇ ਭਾਵ ਭਿੰਨੀ ਸ਼ਰਧਾਂਜਲੀਆਂ

## ਗੁਰਦੁਆਰਾ ਨਾਨਕਸਰ ਚੈਰੀ ਐਵਨਿਊ, ਫਰਿਜ਼ਨੋ ਵਿਖੇ ਅੰਤਿਮ ਅਰਦਾਸ ਸਮੇਂ ਦੀਆਂ ਕੁਝ ਤਸਵੀਰਾਂ


















## ਸ਼ਾਂਤ ਭਵਨ ਫਿਊਨਰਲ ਹੋਮ, ਫਰਿਜ਼ਨੋ ਵਿਖੇ ਅੰਤਿਮ ਸਸਕਾਰ ਵਕਤ ਦੀਆਂ ਕੁਝ ਯਾਦਗਾਰੀ ਤਸਵੀਰਾਂ














24 ਅਤੇ 25 ਦਸੰਬਰ 2019 ਦੀ ਅੱਧੀ ਰਾਤ ਨੂੰ ਸ੍ਰੀ ਵਰੁਣ ਹਾਂਡਾ ਦੇ ਗ੍ਰਹਿ ਵਿਖੇ ਕ੍ਰਿਸਮਿਸ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਉਘੇ ਨਾਮਵਰ ਪਾਸਟਰ ਐਂਥਨੀ ਜੌਹਨਸਨ, ਮਸੀਹੀ ਅਤੇ ਗਾਇਕ ਚੰਦਨ ਸਿੰਘ, ਗੁਰਸੇਵਕ ਸਿੰਘ ਬਾਠ, ਯੋਗੇਸ਼ ਸ਼ਰਮਾ, ਪਾਲ ਮਨਟੀਕਾ ਆਦਿ ਸ਼ਾਮਲ ਹੋਏ। ਪਾਸਟਰ ਐਂਥਨੀ ਜੌਹਨਸਨ ਨੇ ਪ੍ਰੇਅਰ ਕੀਤੀ। ਇਸ ਮੌਕੇ ਸਾਰਿਆਂ ਨੇ ਇਕ ਦੂਜੇ ਨੂੰ ਗਿਫਟ ਦਿੱਤੇ ਅਤੇ ਕੇਕ ਕੱਟਿਆ। ਅਗਲੇ ਦਿਨ 25 ਦਸੰਬਰ ਫਰਿਜ਼ਨੋ ਡਾਊਨਟਾਊਨ, ਬੈਲਮੌਂਟ, ਸ਼ਾਹ ਐਵਨਿਊ, ਬਲੈਕ ਸਟੋਨ ਡਾਊਨ ਟਾਊਨ ਵਿਖੇ 226 ਹੋਮਲੈਸ ਲੋਕਾਂ ਨੂੰ ਕੱਪੜੇ, ਫੂਡ, ਗਿਫਟ, ਬ੍ਰੈਡ ਅਤੇ ਖਾਣ ਵਾਲੇ ਪਦਾਰਥ ਵੰਡੇ ਗਏ।

ਉਪਰੋਕਤ ਜਾਣਕਾਰੀ ਅਦਾਰਾ 'ਦੇਸ਼ ਦੁਆਬਾ' ਨੂੰ ਯੋਗੇਸ਼ ਸ਼ਰਮਾ ਅਤੇ ਗੁਰਸੇਵਕ ਸਿੰਘ ਬਾਠ ਨੇ ਦਿੱਤੀ।



















































# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਪੁਰਬ ਮਨਾਇਆ














ਤਸਵੀਰਾਂ ਪ੍ਰੇਮ ਕੁਮਾਰ ਚੁੱਬਰ 'ਦੇਸ਼ ਦੁਆਬਾ'














TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

Guru- Piari SadhSangat Ji,
Devoted families are requesting entire Sangat to attend the following functions:

**January 13, 2020 LOHRI Celebration**

Lohri will be celebrated in the Gurughar at 6:00 PM on Monday, January 13, 2020. Sangat is requested to come with their families and friends. This is the 7th year we are celebrating Lohri in Gurughar. Suman family will host Sukhmani Sahib Path and Langar Sewa. Parents of newborn children are specially requested to come and celebrate first Lohri of their new born children in the Gurugha.

**January 19, 2020 Sukhani Sahib Path and Langer Sewa by Master Bhagwan Dass and Bibi Kashmir Kaur**

Sri Sukhmani Sahib Path and Langar Sewa will be hosted by Master Bhagwan Dass, Bibi Kashmir Kaur and family for Sukh Shanti of their family. May Waheguru bless this dedicated family.

**February 2, 2020**

**Akhand Path and Langar Sewa by Bhai Major Singh and Bibi Pritpal Kaur**

Akhand path will start on Friday 1/31/2020, at 10:00 AM and will be concluded with Bhog ceremony on Sunday morning 02/02/2020. Path and Langar Sewa will be hosted by Bhai Major Singh, Bibi Pritpal Kaur and family for the Charadikala of their family.

**February 7-8-9, 2020 643rd Gurupurb of Sri Guru Ravidass Ji**

Sri Guru Ravidass Sabha CA, Pittsburg will be celebrating the 643rd Parkash Utsav of **SATGURU RAVIDASS JI on Sunday, February 9, 2020 at the temple .**

| | |
|---|---|
| **ARAMBH SHRI AKHAND PATH** | **February 7, 2020 (FRIDAY) 9:30 AM** |
| **BHOG SHRI AKHAND PATH** | **February 9, 2020 (SUNDAY) 9:30 AM** |
| **KIRTAN DIWAN** | **After Bhog Ceremony until 2:00 PM** |

Nishan Sahib Hoisting Ceremony will be held on February 8th 2020 (Saturday) at 11:00 AM.

**For stalls, Langar sewa or any other sewa, please contact President Shinder Paul Narebat at (925) 683-0178, General Secretary Dharam Pal Chonkria at (925)334-2877 or Dilbag Singh at (209)834-4641.**

Gurughar is open every day. Sukhmani Sahib path/ Akhand Path and Langar sewa is hosted by Sangat or some devotee every Sunday, followed by Guru Ka Kirtan. Please come and join us in the Sunday Diwan.

Chairman
Jagtar Bhatia

President
Shinder Paul Narabu

Sangat De Sewadar

General Secretary
Dharam Pal Chonkria

Treasurer
Vinod Kumar




# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

### 3 ਜਨਵਰੀ 1831

# ਭੁਲਾ ਦਿੱਤੀ ਗਈ ਨਾਇਕਾ ਸਵਿੱਤਰੀ ਬਾਈ ਫੂਲੇ



ਸਮਾਜ ਸੇਵਿਕਾ, ਕਵੀ ਅਤੇ ਦਲਿਤਾਂ ਲਈ ਅਵਾਜ ਉਠਾਉਣ ਵਾਲ਼ੀ ਸਾਵਿੱਤਰੀ ਬਾਈ ਫੂਲੇ ਦੇ ਜੀਵਨ ਬਾਰੇ ਅਜੇ ਵੀ ਦੇਸ਼ ਦੇ ਬਹੁਤੇ ਲੋਕ ਨਹੀਂ ਜਾਣਦੇ। ਇੱਥੋਂ ਤੱਕ ਕਿ ਬਹੁਤ ਸਾਰੀਆਂ ਔਰਤਾਂ ਵੀ ਇਸ ਗੱਲ ਤੋਂ ਅਣਜਾਣ ਹਨ ਕਿ ਅੱਜ ਜੇ ਉਹ ਸਿੱਖਿਅਤ ਹਨ, ਰੁਜ਼ਗਾਰ ਦੇ ਕਾਬਿਲ ਹਨ ਤਾਂ ਇਸ ਵਿੱਚ ਸਾਵਿੱਤਰੀ ਬਾਈ ਫੂਲੇ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਬਹੁਤ ਯੋਗਦਾਨ ਹੈ।

ਸਾਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਵਿੱਚ ਪੂਨੇ ਤੋਂ 50 ਕਿਲੋਮੀਟਰ ਦੂਰ ਨਈਗਾਓਂ ਵਿੱਚ ਹੋਇਆ। ਸਾਵਿੱਤਰੀ ਬਾਈ ਇੱਕ ਅਜਿਹੀ ਔਰਤ ਸੀ ਜਿਸਨੇ ਬਾਲ ਵਿਆਹ, ਛੂਆ-ਛੂਤ, ਜਾਤ-ਪਾਤ ਅਤੇ ਵਿਧਵਾ ਵਿਆਹ ’ਤੇ ਰੋਕ ਜਿਹੀਆਂ ਕੁਰੀਤੀਆਂ ਖਿਲਾਫ ਸੰਘਰਸ਼ ਕੀਤਾ। ਉਹਨਾਂ ਸਮਾਜਿਕ ਕੁਰੀਤੀਆਂ ’ਤੇ ਸੱਟ ਮਾਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦਾ ਕੰਮ ਉਹਨਾਂ ਸਮਿਆਂ ਵਿੱਚ ਕੀਤਾ ਜਦੋਂ ਇੱਕ ਪਾਸੇ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ ਤੇ ਦੂਜੇ ਪਾਸੇ ਸਮਾਜ ਵਿੱਚ ਜਗੀਰੂ ਕਦਰਾਂ-ਕੀਮਤਾਂ ਦਾ ਬੋਲਬਾਲਾ ਸੀ ਜਿੱਥੇ ਔਰਤਾਂ ਦਾ ਪੜਨਾ-ਲਿਖਣਾ ਤੇ ਕਿਸੇ ਸਮਾਜਿਕ ਲਹਿਰ ਦਾ ਹਿੱਸਾ ਬਣਨਾ ਤਾਂ ਦੂਰ ਸਗੋਂ ਉਹਨਾਂ ਦਾ ਘਰੋਂ ਬਾਹਰ ਨਿੱਕ਼ਲਣਾ ਵੀ ਮੁਸ਼ਕਿਲ ਸੀ।

1897 ਵਿੱਚ ਮਹਾਂਰਾਸ਼ਟਰ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। ਪੂਨੇ ਦੇ ਖੇਤਰ ਵਿੱਚ ਸੈਂਕੜੇ ਲੋਕ ਪਲੇਗ ਨਾਲ ਮਰ ਰਹੇ ਸਨ। ਸਾਵਿੱਤਰੀ ਬਾਈ ਅਤੇ ਉਹਨਾਂ ਦੇ ਬੇਟੇ ਯਸ਼ਵੰਤ ਨੇ ਮਿਲ਼ ਕੇ ਸ਼ਹਿਰ ਦੇ ਬਾਹਰ ਬਿਮਾਰਾਂ ਦੀ ਮਦਦ ਲਈ ਹਸਪਤਾਲ ਖੋਲ਼ਿਆ। ਉਹ ਮਰੀਜਾਂ ਕੋਲ਼ ਜਾਂਦੀ ਅਤੇ ਆਪ ਉਹਨਾਂ ਨੂੰ ਹਸਪਤਾਲ ਲੈ ਕੇ ਆਉਂਦੀ, ਭਾਵੇਂ ਕਿ ਉਹ ਜਾਣਦੀ ਸੀ ਕਿ ਪਲੇਗ ਇੱਕ ਛੂਤ ਦੀ ਬਿਮਾਰੀ ਹੈ। 10 ਮਾਰਚ 1897 ਨੂੰ ਪਲੇਗ ਕਾਰਨ ਸਾਵਿੱਤਰੀ ਬਾਈ ਦੀ ਮੌਤ ਹੋ ਗਈ। ਉਨਾਂ ਦਾ ਸਾਰਾ ਜੀਵਨ ਦਲਿਤਾਂ ਅਤੇ ਔਰਤਾਂ ਦੇ ਸੰਘਰਸ਼ ਲਈ ਬੀਤਿਆ। ਉਹਨਾਂ ਇਹ ਵੀ ਜਾਣ ਲਿਆ ਸੀ ਕਿ ਅੰਗਰੇਜ਼ਾਂ ਦੀ ਵੀ ਦਲਿਤਾਂ ਤੇ ਦੱਬੇ-ਕੁਚਲੇ ਲੋਕਾਂ ਨਾ਼ਲ ਕੋਈ ਹਮਦਰਦੀ ਨਹੀਂ ਹੈ। ਉਹਨਾਂ ਨੇ ’ਕਿਸਾਨ ਦਾ ਕੋੜਾ’ ਵਿੱਚ ਲਿਖਿਆ ਹੈ ਕਿ ਅੰਗਰੇਜ਼ ਅਫਸਰਸ਼ਾਹੀ ਜਾਂ ਬ੍ਰਾਹਮਣਵਾਦੀ ਜਗੀਰਦਾਰ ਦੋਵਾਂ ਦੀ ਚਮੜੀ ਉਧੇੜੀ ਜਾਵੇ ਤਾਂ ਅੰਦਰੋ ਇੱਕ ਹੀ ਖ਼ੂਨ ਮਿ਼ਲੇਗਾ, ਭਾਵ ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ।

ਭਾਰਤ ਦੇ ਲੁਟੇਰੇ ਹਾਕਮਾਂ ਨੇ ਸਾਵਿੱਤਰੀ ਬਾਈ ਫੂਲੇ ਨੂੰ ਭੁਲਾ ਦਿੱਤਾ ਹੈ ਪਰ ਕਿਰਤੀ ਲੋਕਾਂ ਦੀ ਬਿਹਤਰੀ ਲਈ ਜੂਝਣ ਵਾਲੇ ਨੌਜਵਾਨਾਂ ਨੂੰ ਆਪਣੀ ਮਹਾਨ ਵਿਰਾਸਤ ਦੇ ਤੌਰ ’ਤੇ ਸਾਵਿੱਤਰੀ ਬਾਈ ਫੂਲੇ ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਉਸਦੇ ਜੀਵਨ ਤੇ ਕੰਮਾਂ ਨੂੰ ਲੋਕਾਂ ਵਿੱਚ ਲਿਜਾਣਾ ਚਾਹੀਦਾ ਹੈ। ਸਾਵਿੱਤਰੀ ਬਾਈ ਫੂਲੇ ਨੇ ਸਭ ਲਈ ਸਿੱਖਿਆ, ਔਰਤਾਂ ਤੇ ਦਲਿਤਾਂ ਦੀ ਬਿਹਤਰੀ ਲਈ ਜੋ ਸੁਪਨਾ ਦੇਖਿਆ ਸੀ ਉਹਨਾਂ ਨੂੰ ਪੂਰਾ ਕਰਨ ਲਈ ਅੱਜ ਦੇ ਸਮਾਜ ਦੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

# ਈ ਕੰਟੈਂਟ ਅਤੇ ਸਰਕਾਰੀ ਸਕੂਲਾਂ ਦੇ ਬੱਚੇ



ਪ੍ਰੇਮ ਸਿੰਘ ਠਾਕੁਰ
91-94635-96477

ਸਰਕਾਰੀ ਸਕੂਲ ਪਿੰਡਾਂ ਦੇ ਲੋੜਵੰਦ ਬੱਚਿਆਂ ਨੂੰ ਸਿੱਖਿਆ ਦੇਣ ਦੇ ਨਾਲ ਨਾਲ ਇੱਕ ਚੰਗਾ ਇਨਸਾਨ ਬਨਾਉਣ ਲਈ ਵੀ ਲਗਾਤਾਰ ਉਪਰਾਲੇ ਕਰ ਰਹੇ ਹਨ। ਪੰਜਾਬ ਸਕੂਲ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪਿੰਡਾਂ ਦੇ ਹੋਣਹਾਰ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪੰਜਾਬ ਸਿੱਖਿਆ ਵਿਭਾਗ ਵੱਲੋਂ ਵਿਗਿਆਨਕ ਤਰੀਕਿਆਂ ਦੀ ਮਦਦ ਲਈ ਜਾ ਰਹੀ ਹੈ। ਜਿਸ ਤਹਿਤ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਈ - ਕੰਟੈਂਟ ਦੀ ਵਰਤੋਂ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਜਿਸ ਨਾ਼ਲ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਹੋ ਰਹੇ ਹਨ।

ਈ - ਕੰਟੈਂਟ, ਸੋਸ਼ਲ ਮੀਡੀਆ ਜਾਂ ਕੰਪਿਊਟਰ ਦੀ ਮਦਦ ਨਾਲ ਕਿਤਾਬਾਂ ਨੂੰ ਬੱਚਿਆਂ ਦੇ ਘਰ ਤਕ ਬਿਨਾਂ ਕਿਸੇ ਪ੍ਰਿੰਟ ਤੋਂ ਪੰਹੁਚਾਉਣ ਦਾ ਇੱਕ ਵੱਡਾ ਉਪਰਾਲਾ ਹੈ। ਜੋ ਕਿ ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਉਨ੍ਹਾਂ ਦੇ ਵਿਸ਼ੇ ਦੀ ਜਾਣਕਾਰੀ ਦੇਣ ਵਿੱਚ ਸਹਾਇਤਾ ਕਰਦਾ ਹੈ।

ਹੁਣ ਸਰਕਾਰੀ ਸਕੂਲਾਂ ਨੂੰ ਸਮਾਰਟ ਬਨਾਉਣ ਦੀ ਇੱਕ ਸਾਰਥਕ ਮੁਹਿੰਮ ਪੰਜਾਬ ਦੇ ਸਕੂਲਾਂ ਵਿੱਚ ਚਲਾਈ ਜਾ ਰਹੀ ਹੈ। ਜਿਸ ਨਾ਼ਲ ਪਿੰਡਾਂ ਵਿੱਚ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਅੱਗੇ ਵੱਧਣ ਦਾ ਹੌਂਸਲਾ ਮਿਲਦਾ ਹੈ। ਈ- ਕੰਟੈਂਟ ਵੀ ਸਕੂਲਾਂ ਨੂੰ ਸਮਾਰਟ ਬਨਾਉਣ ਲਈ ਇੱਕ ਅਹਿਮ ਕਦਮ ਹੈ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸਿੱਖਿਆ ਮਨੁੱਖ ਦਾ ਤੀਜਾ ਨੇਤਰ ਹੈ, ਅਤੇ ਜਦੋਂ ਤੀਜੇ ਨੇਤਰ ਨਾਲ ਇਲੈਕਟ੍ਰਾਨਿਕ ਮੀਡੀਆ ਮਿਲ ਜਾਂਦਾ ਹੈ ਤਾਂ ਘੱਟ ਸਿੱਖਣ ਸ਼ਕਤੀ ਵਾਲਾ ਵਿਦਿਆਰਥੀ ਵੀ ਪੜਨ ਦਾ ਆਨੰਦ ਮਹਿਸੂਸ ਕਰ ਸਕਦਾ ਹੈ। ਈ- ਕੰਟੈਂਟ ਹਰ ਪੱਧਰ ਦੇ ਵਿਦਿਆਰਥੀ ਲਈ ਪੜ੍ਹਾਈ ਦਾ ਇੱਕ ਸੁਖਾਵਾਂ ਮਹੌਲ ਤਿਆਰ ਕਰਨ ਵਿੱਚ ਮਦਦ ਕਰਦਾ ਹੈ। ਅਤੇ ਅੱਜ ਦੇ ਸਮੇਂ ਵਿੱਚ ਬੱਚਿਆਂ ਦਾ ਬਹੁਪੱਖੀ ਵਿਕਾਸ ਕਰਨ ਵਿੱਚ ਮਹਾਨ ਯੋਗਦਾਨ ਪਾ ਰਿਹਾ ਹੈ। ਜਿਸ ਨਾ਼ਲ ਸਿੱਖਿਆ ਦਾ ਮਹੌਲ ਸੁਖਾਵਾਂ ਹੋ ਗਿਆ ਹੈ। ਪਿੰਡਾਂ ਦੇ ਗਰੀਬ ਬੱਚਿਆਂ ਲਈ ਸਿੱਖਣ ਸਮਗਰੀ ਰੁਚੀਦਾਇਕ, ਦੂਰਅੰਦੇਸ਼ੀ ਅਤੇ ਰੋਚਕ ਹੋ ਗਈ ਹੈ। ਇਸ ਨਾਲ ਬੱਚਿਆਂ ਨੂੰ ਕੰਪਿਊਟਰ, ਐਲ ਈ ਡੀ, ਟੈਲੀਵਿਜ਼ਨ ਅਤੇ ਪ੍ਰੋਜੈਕਟਰ ਦੀ ਸਹਾਇਤਾ ਨਾਲ ਸਿਲੇਬਸ ਕਰਵਾਇਆ ਜਾਂਦਾ ਹੈ। ਪਾਠਕ੍ਰਮ ਨੂੰ ਵੀਡੀਓਜ਼ ਦੇ ਰੂਪ ਵਿੱਚ ਬੱਚਿਆਂ ਤਕ ਪਹੁੰਚਾਇਆ ਜਾ ਰਿਹਾ ਹੈ। ਪ੍ਰੀ- ਪ੍ਰਾਈਮਰੀ ਦੇ ਛੋਟੇ ਛੋਟੇ ਬੱਚਿਆਂ ਲਈ ਈ - ਕੰਟੈਂਟ ਸਿੱਖਿਆ ਵਿਭਾਗ ਦਾ ਇੱਕ ਬਹੁਤ ਹੀ ਵਧੀਆ ਉਪਰਾਲਾ ਹੈ। ਅਤੇ ਛੋਟੇ ਬੱਚਿਆਂ ਦੀ ਸਕੂਲ ਵਿੱਚ ਹਾਜ਼ਰੀ ਵਧਾਉਣ ਲਈ ਸਾਰਥਕ ਸਾਬਤ ਹੋ ਰਿਹਾ ਹੈ। ਈ - ਕੰਟੈਂਟ ਬੱਚਿਆਂ ਵਿੱਚ ਹਰ ਤਰ੍ਹਾਂ ਦੀ ਸਕਿੱਲ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ। ਬੱਚੇ ਸੁਣਕੇ ਅਤੇ ਵੇਖਕੇ ਆਪਣੇ ਸਿਲੇਬਸ ਨਾਲ ਜੁੜਦੇ ਹਨ। ਜਿਸ ਨਾ਼ਲ ਬੱਚਿਆਂ ਵਿੱਚ ਸਿੱਖਣ ਦੀ ਰੁਚੀ ਪਰਫੁਲਿਤ ਹੁੰਦੀ ਹੈ।

ਈ - ਕੰਟੈਂਟ ਹਰ ਤਰ੍ਹਾਂ ਦੀ ਭਾਸ਼ਾ ਸਿੱਖਣ, ਵਿਕਸਤ ਕਰਨ ਅਤੇ ਆਪਣੇ ਜੀਵਨ ਵਿੱਚ ਢਾਲਣ ਵਿੱਚ ਮਦਦ ਕਰਦਾ ਹੈ। ਇਸ ਨਾਲ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਪੜ੍ਹਨ, ਬੋਲਣ ਅਤੇ ਲਿਖਣ ਦਾ ਚੰਗਾ ਅਭਿਆਸ ਹੋ ਜਾਂਦਾ ਹੈ ਅਤੇ ਪੜ੍ਹਾਈ ਹੋਰ ਸੁਖਾਲੀ ਹੋ ਗਈ ਹੈ। ਆਓ ਸਰਕਾਰ ਅਤੇ ਪਬਲਿਕ ਦੇ ਇਸ ਉਪਰਾਲੇ ਨੂੰ ਵੱਧ ਤੋਂ ਵੱਧ ਗਰੀਬ ਬੱਚਿਆਂ ਤੱਕ ਪਹੁੰਚਾਉਣ ਲਈ ਸਹਾਇਕ ਬਣੀਏ। ਅਤੇ ਸਕੂਲਾਂ ਨੂੰ ਸਮਾਰਟ ਰੂਪ ਦੇਣ ਵਿੱਚ ਆਪਣਾ ਯੋਗਦਾਨ ਪਾਈਏ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼

(ਸਫਾ 6 ਦੀ ਬਾਕੀ)

ਇੱਕ ਅਕਾਲ ਦੇ ਝੰਡੇ ਥੱਲੇ ਆਉਣ ਲਈ ਨਾਮ ਅੰਮ੍ਰਿਤ ਦੀ ਦਾਤ ਬਖਸ਼ਦੇ ਸਿਧਾਂਤਿਕ ਅੰਮ੍ਰਿਤਪਾਨ ਕਰਵਾਇਆ। ਵੈਸਾਖ ਸੰਨ 1699 ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਵੱਡਾ ਇਕੱਠ ਹੋਇਆ। ਗੁਰੂ ਜੀ ਨੇ ਵੱਖ ਵੱਖ ਇਲਾਕੇ ਤੇ ਵੱਖ ਵੱਖ ਜਾਤਾਂ ’ਚੋਂ ਪੰਜਾਂ ਦੀ ਚੋਣ ਕੀਤੀ। ਇਕੱਠ ’ਚ ਵਾਰੀ-ਵਾਰੀ ਭਾ. ਦਇਆ ਰਾਮ, ਭਾ. ਧਰਮ ਚੰਦ, ਭਾ. ਹਿੰਮਤ ਰਾਏ, ਭਾ. ਮੋਹਕਮ ਚੰਦ ਅਤੇ ਭਾ. ਸਾਹਿਬ ਚੰਦ ਹਾਜ਼ਰ ਹੋਏ। ਗੁਰੂ ਜੀ ਨੇ ਪਹਿਲਾਂ ਉਨ੍ਹਾਂ ਨੂੰ ਸ਼ਬਦ ਗਿਆਨ ਦਾ ਨਾਮ ਅੰਮ੍ਰਿਤ ਛਕਾਇਆ। ਸਾਰਿਆਂ ਦੇ ਨਾਮ ਨਾਲ ਸਿੰਘ ਤੇ ਕੌਰ ਲਗਾ ਕੇ ਵਲੱਖਣਤਾ ਬਖਸ਼ੀ। ਗਿਆਨ ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ ਨੂੰ ਕੇਵਲ “ਸ਼ਬਦ ਗੁਰੂ ਗ੍ਰੰਥ ਸਾਹਿਬ” ਦੀ ਸਰਬਸਾਂਝੀ ਗਿਆਨਮਈ ਬਾਣੀ ਪੜ੍ਹਨ, ਵਿਚਾਰਨ ਤੇ ਧਾਰਨ ਦਾ ਤਾਗੀਦੀ ਆਦੇਸ਼ ਦਿੱਤਾ। ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰੇ ਦਾ ਧਾਰਨੀ ਹੋਣਾ ਫੌਜੀ ਰਹਿਤ ਦੱਸੀ। ਵੱਡੀ ਗਿਣਤੀ ’ਚ ਲੋਕਾਂ ਨੇ ਵਿਸਾਖੀ ਨੂੰ ਗੁਰੂ ਪਾਸੋਂ ਅੰਮ੍ਰਿਤ ਗਿਆਨ ਦੇ ਖੰਡੇ ਦੀ ਪਾਹੁਲ ਲੈ ਕੇ ਇਨਸਾਨੀਅਤ ਵਾਲਾ ਨਵਾਂ ਜੀਵਨ ਸ਼ੁਰੂ ਕੀਤਾ। ਅੰਮ੍ਰਿਤ ਛੱਕਣਾ ਕੋਈ ਕਰਾਮਾਤ, ਕਰਮਕਾਂਡ ਜਾਂ ਹਊਆ ਨਹੀਂ ਸਗੋਂ ਗੁਰੂ ਗਿਆਨ ਦੁਆਰਾ ਸਮਝ ਕੇ ਲਿਆ ਗਿਆ ਗੈਰਤ ਤੇ ਅਣਖ ਨਾਲ ਸੁਚੱਜਾ ਜੀਵਨ ਜੀਣ ਦਾ ਪ੍ਰਣ ਹੈ।

ਅਨੰਦਪੁਰ ਸਾਹਿਬ ਵਿਖੇ ਹੀ ਖਾਲਸਾ ਫੌਜ ਨੂੰ ਮਾਰਸ਼ਲ ਵਿਦਿਆ ਗਤਕਾ ਆਦਿਕ ਸ਼ਸਤ੍ਰ ਵਿਦਿਆ ਸਿਖਲਾਈ ਗਈ। ਹੋਲੀ ਤੇ ਲੋਕ ਨਸ਼ੇ ਪੀ ਇਕ ਦੂਜੇ ਤੇ ਰੰਗ ਪਾਉਂਦੇ ਸਮੇ ਗੰਦ ਸੁਟਦੇ ਤੇ ਗਾਲੀ-ਗਲੋਚ ਵੀ ਕਰਦੇ ਸਨ ਤਾਂ ਗੁਰੂ ਜੀ ਨੇ ਹੋਲਾ-ਮਹੱਲਾ ਸ਼ੁਰੂ ਕੀਤਾ ਅਤੇ ਸਾਰੇ ਪੰਜਾਬ ਭਾਰਤ ’ਚ ਸੁਨੇਹੇ ਭੇਜ ਦਿੱਤੇ ਕਿ ਹੁਣ ਧਨ ਪਦਾਰਥਾਂ ਦੇ ਨਾਲ, ਚੰਗੇ ਘੋੜੇ, ਸ਼ਸ਼ਤਰ ਤੇ ਜਵਾਨ ਲੈ ਕੇ ਆਓ-ਜਬ ਹਮਰੇ ਦਰਸ਼ਨ ਕਉ ਆਵੋ। ਬਨ ਸੁਚੇਤ ਤਨਿ ਸ਼ਸ਼ਤਰ ਸਜਾਵੋ। ਕਮਰ ਕਸਾ ਕਰਿ ਦਿਓ ਦਿਖਾਈ। ਹਮਰੀ ਖੁਸ਼ੀ ਹੋਏ ਅਧਿਕਾਈ। ਇਉਂ ਖਾਲਸੇ ਨੂੰ ਕਿਰਤ ਵਿਰਤ ਕਰਦੇ ਸ਼ਸ਼ਤਰਾਂ ਨਾਲ ਸਨਦਬੱਧ ਹੋ ਸਵੈਮਾਨ ਨਾਲ ਜੀਵਨ ਦਾ ਉਪਦੇਸ਼ ਦਿਤਾ।

ਮਸੰਦ ਸਿਸਟਮ ਖਤਮ ਕਰਨਾ-ਮਸੰਦ ਸਿਸਟਮ ਜੋ ਗੁਰੂ ਰਾਮਦਾਸ ਤੋਂ ਚਲਿਆ ਆ ਰਿਹਾ ਹੁਣ ਏਨਾਂ ਭ੍ਰਿਸ਼ਟ ਹੋ ਚੁੱਕਾ ਸੀ ਕਿ ਉਹ ਸਮਾਕ ਭਲਾਈ ਵਾਲੇ ਗੁਰੂ ਕਾਰਜਾਂ ਲਈ ਦਸਵੰਦ ’ਚ ਹੇਰਫੇਰੀ, ਸਿੱਖਾਂ ਨੂੰ ਬੁਰਾ ਭਲਾ ਬੋਲਣਾ ਤੇ ਇਖਲਾਕ ਤੋਂ ਡਿੱਗ ਚੁੱਕਾ ਹੋਣ ਕਰਕੇ ਬੰਦ ਕਰ ਦਿੱਤਾ ਤੇ ਸਿੱਖ ਖੁਦ ਦਸਵੰਦ ਸਿੱਧਾ ਗੁਰੂ ਭੇਟ ਕਰਨ ਤੇ ਚੰਗੇ ਕੰਮਾਂ ਤੇ ਲਾਉਣ ਲੱਗ ਪਏ।

1704 ਈ. ਵਿੱਚ ਪਹਾੜੀ ਰਾਜਿਆਂ ਨੇ ਦਸ਼ਮੇਸ਼ ਵਿਰੁੱਧ ਔਰੰਗਜ਼ੇਬ ਅੱਗੇ ਫ਼ਰਿਆਦ ਕੀਤੀ ਤਾਂ ਔਰੰਗਜ਼ੇਬ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ। ਇਸ ਤਰ੍ਹਾਂ ਲਾਹੌਰ, ਸਰਹੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਦੀ ਵੱਡੀ ਗਿਣਤੀ ਫੌਜ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਬਹਾਦਰੀ ਨਾਲ ਮੁਕਾਬਲਾ ਕੀਤਾ। ਖ਼ਾਲਸਾ ਫੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਂਸਲੇ ਪਸਤ ਹੋ ਗਏ ਓਧਰ ਲੰਮੇ ਸਮੇਂ ਤੱਕ ਨਿੱਤ ਦੀ ਲੜਾਈ ਕਾਰਨ ਹੋ ਰਹੀਆਂ ਸ਼ਹੀਦੀਆਂ ਕਾਰਕੇ ਖ਼ਾਲਸਾ ਫੌਜ ਦੀ ਗਿਣਤੀ ਵੀ ਘਟਦੀ ਜਾ ਰਹੀ ਸੀ। ਰਸਤ-ਪਾਣੀ ਵੀ ਮੁੱਕੀ ਜਾ ਰਿਹਾ ਸੀ ਪਰ ਸਿੰਘਾਂ ਨੇ ਆਪਣਾ ਸਾਹਸ ਨਹੀਂ ਛੱਡਿਆ। ਦੁਸ਼ਮਣਾਂ ਵੱਲੋਂ ਖਾਧੀਆਂ ਕਸਮਾਂ ਉਪ੍ਰੰਤ 6-7 ਪੋਹ ਬਿਕ੍ਰਮੀ ਸੰਮਤ 1761 ਦੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਕਿਲ੍ਹਾ ਖਾਲੀ ਕਰਕੇ ਹਾਲੀ ਗੁਰੂ ਜੀ ਕੀਰਤਪੁਰ ਵੀ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ ਤੋੜ ਕੇ ਪਿਛੋਂ ਹਮਲਾ ਕਰ ਦਿੱਤਾ। ਸੱਤ ਪੋਹ ਦੀ ਸਵੇਰੇ ਸਰਸਾ ਨਦੀ ਦੇ ਕੰਢੇ ਭਿਆਨਕ ਜੰਗ ਹੋਈ ਤੇ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਪ੍ਰਵਾਰ ਤਿੰਨ ਹਿਸਿਆਂ ’ਚ ਵੰਡਿਆ ਗਿਆ। ਕੁਝ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਤੇ ਕੁਝ ਅਲੱਗ-ਥਲੱਗ ਹੋ ਗਏ। ਮਾਤ ਸੁੰਦਰੀ, ਭਾ. ਮਨੀ ਸਿੰਘ ਨਾਲ ਦਿੱਲੀ ਨੂੰ ਆ ਗਏ, ਵੱਡੇ ਮਾਤ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਨਾਲ, ਸਰਸਾ ਦੇ ਕੰਡੇ ਚਲਦੇ ਮੋਰਿੰਡੇ ਪਹੁੰਚੇ। ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਪਾਤਸ਼ਾਹ ਨਾਲ ਡੇਢ ਕੁ ਹਜ਼ਾਰ ਸਿੰਘ ਸਿੰਘਣੀਆਂ ਸਨ ਪਰ ਸਰਸਾ ਦੀ ਜੰਗ ਉਪ੍ਰੰਤ ਨਦੀ ਪਾਰ ਕਰਦਿਆਂ ਗੁਰੂ ਜੀ ਨਾਲ ਕੇਵਲ 40 ਰਹੇ ਗਏ ਜਿਨ੍ਹਾਂ ’ਚ ਪੰਜ ਪਿਆਰੇ ਤੇ ਦੋ ਵੱਡੇ ਸਾਹਿਬਜ਼ਾਦੇ ਸਨ ਜੋ ਚਮਕੌਰ ਪਹੁੰਚੇ ਤੇ ਅਗਲੀ ਰਣਨੀਤੀ ਲਈ ਕੱਚੀ ਗੜ੍ਹੀ ’ਚ ਮੋਰਚੇ ਸੰਭਾਲ ਲਏ। ਅੱਠ ਤੇ ਨੌਂ ਪੋਹ ਨੂੰ ਚਮਕੌਰ ਸਾਹਿਬ ਵਿਖੇ ਘਮਸਾਨ ਦਾ ਯੁੱਧ ਹੋਇਆ ਜਿਸ ਵਿੱਚ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਭਾ. ਮੋਹਕਮ ਸਿੰਘ, ਭਾ. ਹਿੰਮਤ ਸਿੰਘ ਅਤੇ ਭਾ. ਸਾਹਿਬ ਸਿੰਘ ਸਮੇਤ 37 ਸਿੰਘ ਸ਼ਹੀਦ ਹੋ ਗਏ ਤੇ ਦਸ਼ਮੇਸ਼ ਜੀ ਤਿੰਨ ਸਿੰਘਾਂ ਭਾ. ਦਇਆ ਸਿੰਘ, ਭਾ. ਧਰਮ ਸਿੰਘ ਤੇ ਭਾ. ਮਾਨ ਸਿੰਘ ਮਾਛੀਵਾੜੇ ਦੇ ਜੰਗਲਾਂ ਵੱਲ ਚੱਲ ਪਏ। ਭਾ. ਸੰਗਤ ਸਿੰਘ ਜੀ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡਣ ਤੋਂ ਪਹਿਲਾਂ ਆਪਣੀ ਕਲਗੀ ਤੇ ਬਸਤ੍ਰ ਪਹਿਨਾਏ, ਸੰਗਤ ਸਿੰਘ ਸਮੇਤ ਬਾਕੀ ਦੇ ਸਾਰੇ ਸਿੰਘ ਇੱਥੇ ਸ਼ਹੀਦ ਹੋ ਗਏ।

ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਮਾਤ ਗੁਜਰੀ ਨੂੰ ਗੰਗੂ ਬ੍ਰਾਹਮਣ ਮੋਰਿੰਡੇ ਨੇੜੇ ਪਿੰਡ ਖੇੜੀ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਕੋਲ ਬੱਚਿਆਂ ਨੂੰ ਫੜਾ ਦਿੱਤਾ। ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਕੇ 10 ਪੋਹ ਨੂੰ ਸੂਬਾ ਸਰਹਿੰਦ ਦੇ ਹਵਾਲੇ ਕੀਤਾ। ਪਹਿਲੀ ਰਾਤ ਉਨ੍ਹਾਂ ਨੂੰ ਕਿਲ੍ਹੇ ਦੇ ਠੰਢੇ ਬੁਰਜ ਵਿੱਚ ਰੱਖਿਆ ਗਿਆ।

ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਕਚਹਿਰੀ ਵਿੱਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਕਈ ਲਾਲਚ ਤੇ ਡਰ ਦਿੱਤੇ ਗਏ, ਬੱਚੇ ਨਾ ਘਬਰਾਏ, ਜਿਸ ਉਪ੍ਰੰਤ ਦੀਵਾਨ ਸੁੱਚਾ ਨੰਦ ਨੇ ਵਜੀਰ ਖ਼ਾਂ ਨੂੰ ਭੜਕਾਇਆ ਤੇ ਕਾਜ਼ੀ ਪਾਸੋਂ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ। ਤੇਰਾਂ ਪੋਹ ਨੂੰ ਦੋਵੇਂ ਸਾਹਿਬਜ਼ਾਦਿਆਂ ਨੂੰ ਦੀਵਾਰ ਦੀਆਂ ਨੀਹਾਂ ’ਚ ਚਿਣ ਕੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਨ ਉਪ੍ਰੰਤ ਕਈ ਦਿਨਾਂ ਤੋਂ ਭੁੱਖ ਅਤੇ ਕੜਾਕੇ ਦੀ ਠੰਡ ਨਾਲ ਮਾਤ ਗੁੱਜਰ ਕੌਰ ਜੀ ਦਾ ਸਰੀਰ ਵੀ ਨਿਢਾਲ ਹੋ ਗਿਆ ਤੇ ਜ਼ਾਲਮਾਂ ਨੇ ਉਨ੍ਹਾਂ ਨੂੰ ਵੀ ਬੁਰਜ ਤੋਂ ਧੱਕਾ ਦੇ ਦਿੱਤਾ, ਮਾਤਾ ਜੀ ਵੀ ਸ਼ਹੀਦੀ ਜਾਮ ਪੀ ਗਏ।

ਚਮਕੌਰ ਦੀ ਹਵੇਲੀ ’ਚੋਂ ਨਿਕਲਣ ਤੋਂ ਬਾਅਦ ਗੁਰੂ ਜੀ ਗੁਲਾਬੇ ਮਸੰਦ ਦੇ ਘਰ ਮਾਛੀਵਾੜੇ ਠਹਿਰੇ ਜਿੱਥੋਂ ਉਨ੍ਹਾਂ ਦੇ ਮੁਸਲਮਾਨ ਸ਼ਰਧਾਲੂਆਂ ਭਾ. ਨਬੀ ਖ਼ਾਨ, ਗ਼ਨੀ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਉੱਚ ਦਾ ਪੀਰ ਬਣਾ ਕੇ ਪਿੰਡ ਹੇਹਰਾਂ ਤੱਕ ਪਹੁੰਚਾਇਆ ਤੇ ਉੱਥੋਂ ਚੱਲ ਪਿੰਡ ਦੀਨੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤ ਗੁੱਜਰ ਕੌਰ ਜੀ ਦੀ ਸ਼ਹੀਦੀ ਦਾ ਪਤਾ ਲੱਗਾ ਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਜਿੱਤ ਦੀ ਚਿੱਠੀ ਲਿਖੀ। ਓਧਰ ਗੁਰੂ ਜੀ ਚਮਕੌਰ, ਮਾਛੀਵਾੜਾ, ਕਨੇਚ, ਆਲਮਗੀਰ, ਹੇਹਰ, ਲੰਮੇ, ਰਾਇਕੋਟ, ਦੀਨਾ ਆਦਿ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤਾਂ ਪਤਾ ਲੱਗਾ ਕਿ ਸੂਬਾ ਸਰਹਿੰਦ ਭਾਰੀ ਲਾਓ-ਲਸ਼ਕਰ ਨਾਲ ਆਪ ਜੀ ਦਾ ਪਿੱਛਾ ਕਰਦਾ ਹੋਇਆ ਆ ਰਿਹਾ ਹੈ। ਗੁਰੂ ਜੀ ਨੇ ਯੁੱਧ ਨੀਤੀ ਅਨੁਸਾਰ ਖਿਦਰਾਣੇ ਦੀ ਢਾਬ ਤੇ ਮੋਰਚਾ ਬਣਾ ਉਸ ਨਾਲ ਟਾਕਰਾ ਕਰਨਾ ਵਧੇਰੇ ਯੋਗ ਸਮਝਿਆ। ਮਾਝੇ ਦੇ ਸਿੰਘਾਂ ਦਾ ਜੱਥਾ ਜਦੋਂ ਗੁਰੂ ਪਾਤਸ਼ਾਹ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਪਾਸ ਪੁੱਜਾ ਤਾਂ ਇਨ੍ਹਾਂ ਨੂੰ ਵੀ ਵਜ਼ੀਦ ਖ਼ਾਨ ਦੀ ਫੋਜ ਦੇ ਪੁੱਜਣ ਦੀ ਖ਼ਬਰ ਮਿਲੀ, ਜਿਸ ’ਤੇ ਸਿੰਘਾਂ ਨੇ ਆਪੋ-ਆਪਣੇ ਮੋਰਚੇ ਸੰਭਾ਼ਲ ਲਏ। ਸਾਰੀ ਮੁ਼ਗਲ ਫੌਜ ਵੀ ਉਸੇ ਪਾਸੇ ਝੁਕ ਗਈ। ਉਧਰ ਮਾਤਾ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫੌਜ਼ਾਂ ’ਤੇ ਹੱਲਾ ਬੋਲ ਦਿੱਤਾ, ਸੈਂਕੜੇ ਮੁ਼ਗਲ ਫੌਜੀ ਮਾਰੇ ਗਏ। ਦਸਮੇਸ਼ ਜੀ ਨੇ ਵੀ ਟਿੱਬੀ ਤੋਂ ਤੀਰਾਂ ਦੀ ਝੜੀ ਲਾ ਦਿੱਤੀ। ਬਹੁਤ ਸਾਰੇ ਦੁਸ਼ਮਣ ਜਰਨੈਲ ਗੁਰੂ ਜੀ ਦੇ ਤੀਰਾਂ ਦੀ ਭੇਟ ਚੜ੍ਹੇ। ਬਹਾਦਰ ਸਿੰਘ ਤਲਵਾਰਾਂ ਲੈ ਕੇ ਮੁ਼ਗਲਾਂ ਉੱਤੇ ਟੁੱਟ ਪਏ। ਮੁ਼ਗਲਾਂ ਦੇ ਮੈਦਾਨੋਂ ਭੱਜਣ ’ਤੇ ਗੁਰੂ ਜੀ ਨੇ ਰਣਭੂਮੀ ’ਚ ਆ ਕੇ ਵੇਖਿਆ ਕਿ ਢਾਬ ਦੇ ਕੰਢੇ ਜ਼ਖਮੀ ਹਾਲਤ ਵਿੱਚ ਮਾਤਾ ਭਾਗੋ ਬੈਠੀ ਹੋਈ ਸੀ।

ਸਹਿਕਦੇ ਹੋਏ ਭਾਈ ਮਹਾਂ ਸਿੰਘ ਜੀ ਨੂੰ ਕਲਗੀਧਰ ਨੇ ਗੋਦ ’ਚ ਲਿਆ ਤੇ ਅੰਤਮ ਇੱਛਾ ਬਾਰੇ ਪੁੱਛਿਆ ਤਾਂ ਭਰੀਆਂ ਅੱਖਾਂ ਨਾਲ ਮਹਾਂ ਸਿੰਘ ਨੇ ਕਿਹਾ,ਅੰਤ ਸਮੇਂ ਆਪ ਦੇ ਦਰਸ਼ਨ ਹੋ ਗਏ, ਹੋਰ ਕੋਈ ਇਛਾ ਆਸ ਨਹੀਂ ਰਹੀ ਜੇ ਆਪ ਤੁੱਠੇ ਹੋ ਤਾਂ ਕਿਰਪਾ ਕਰੋ ਕਿ ਬਿਖੜੇ ਹਾਲਤਾਂ ਕਾਰਨ ਅਸੀਂ ਆਪ ਜੀ ਤੋਂ ਵਿੱਛੜ ਗਏ ਸਾਂ ਉਸ ਨੂੰ ਨਾ ਚਿਤਾਰਦੇ ਹੋਏ ਸਾਨੂੰ ਬਖ਼ਸ਼ ਲਓ। ਸ਼ਹਿਨਸ਼ਾਹ ਗੁਰੂ ਨੇ ਭਾਈ ਮਹਾਂ ਸਿੰਘ ਦੀ ਭਾਵਨਾ ਪੂਰੀ ਕੀਤੀ ਅਤੇ ਭਾਈ ਮਹਾਂ ਸਿੰਘ ਗੁਰੂ ਗੋਦ ਵਿਖੇ ਹੀ ਅਕਾਲ ਚਲਾਣਾ ਕਰ ਗਏ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾ ਕੇ ਗੁਰੂ ਸਾਹਿਬ ਜੀ ਇੱਥੋਂ 20-21 ਜਨਵਰੀ 1706 ਈ. ਦੇ ਨੇੜੇ ਸਾਬੋ ਦੀ ਤਲਵੰਡੀ ਪਹੁੰਚ ਗਏ। ਇੱਥੇ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੌਂ ਮਹੀਨੇ ਨੌਂ ਦਿਨ ਠਹਿਰੇ, ਜਿਸ ਦੌਰਾਨ ਲਿਖਾਰੀ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕਰਵਾਏ ਤੇ “ਸ਼ਬਦ ਗੁਰੂ ਗ੍ਰੰਥ” ਦੇ ਅਰਥ ਸਿਖਾਏ।

ਕੋਈ ਨਿਰਮਲਾ ਭਗਵਾਰੰਗੀ ਸਾਧੜਿਆਂ ਦੀ ਟਕਸਾਲ ਨਹੀਂ ਚਲਾਈ ਸਗੋਂ ਗੁਰਮਤਿ ਪ੍ਰਚਾਰ ਦੀ ਸੇਵਾ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਸੌਂਪੀ ਜੋ ਅੱਗੇ ਸਿਖਾਉਂਦੇ ਰਹੇ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਵੀ ਦਿਲੀ ਤੋਂ ਗੁਰੂ ਜੀ ਦੇ ਸੱਦੇ ’ਤੇ ਪਹਿਲੀ ਵਾਰ ਦਮਦਮਾ ਸਾਹਿਬ ਵਿਖੇ 1706 ਦੀ ਵੈਸਾਖੀ ਨੂੰ ਪਹੁੰਚੀਆਂ ਜਦ ਚਾਰੇ ਸਾਹਿਬਜ਼ਾਦੇ ਨਜ਼ਰ ਨਾਂ ਆਏ ਤਾਂ ਪੁੱਛਣ ’ਤੇ ਗੁਰੂ ਪਾਤਸ਼ਾਹ ਨੇ ਭਰੇ ਦੀਵਾਨ ਵਿੱਚ ਬੈਠੇ ਸਿੰਘਾਂ ਵੱਲ ਇਸ਼ਾਰਾ ਕਰਕੇ ਕਿਹਾ-ਇਨ ਪੁਤਰਨ ਕੇ ਸੀਸ ਪਹਿ, ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ। ਭਾਵ ਇਹ ਚਾਰ ਹੀ ਨਹੀਂ ਸਗੋਂ ਬਾਕੀ ਹਜਾਰਾਂ ਜੀਵਤ ਮੇਰੇ ਹੀ ਸਾਹਿਬਜ਼ਾਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਇੱਥੋਂ 30 ਅਕਤੂਬਰ 1706 ਈ. ਨੂੰ ਦੱਖਣ ਵੱਲ ਚੱਲ ਪਏ। ਔਰੰਗਜ਼ੇਬ 21 ਫਰਵਰੀ,1707 ਨੂੰ ਸਪੁਰਦੇ-ਖਾਕ ਹੋ ਗਿਆ। ਬਹਾਦਰ ਸ਼ਾਹ ਨੇ ਦਿੱਲੀ ਦੇ ਤਖ਼ਤ ’ਤੇ ਬੈਠਣ ਲਈ ਮਦਦ ਮੰਗੀ ਤਾਂ ਪਾਤਸ਼ਾਹ ਨੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਜੱਥਾ ਭੇਜਿਆ। ਬਹਾਦਰ ਸ਼ਾਹ ਦੀ ਜਿੱਤ ਹੋਈ, ਉਹ ਤਖ਼ਤ ’ਤੇ ਬੈਠ ਗਿਆ। ਆਗਰੇ ਤੋਂ ਗੁਰੂ ਸਾਹਿਬ ਅਤੇ ਬਹਾਦਰ ਸਾਹ ਦੇ ਕਾਫਲੇ 13 ਮਈ, 1708 ਦੇ ਦਿਨ ਬੁਰਹਾਨਪੁਰ ਪੁੱਜੇ। ਵਜੀਰ ਖਾਨ ਦੇ ਨੁਮਾਇੰਦਿਆਂ ਦਾ ਮੇਲ ਬਾਦਸ਼ਾਹ ਨਾਲ ਬੁਰਹਾਨਪੁਰ ਹੋਇਆ ਕਿਉਂਕਿ ਬਹਾਦਰ ਸਾਹ, ਮਈ, 1708 ਦੇ ਦੋ ਹਫਤੇ ਨਰਮਦਾ ਦਰਿਆ ਵਿੱਚ ਹੜ੍ਹ ਆਏ ਹੋਣ ਕਾਰਨ ਬੁਰਹਾਨਪੁਰ ਰੁਕਿਆ ਰਿਹਾ ਸੀ।

ਵਜੀਰ ਖਾਨ-ਸੂਬਾ ਸਰਹੰਦ ਦੇ ਏਲਚੀਆਂ ਦੁਆਰਾ ਮਿਲੀ ਰਕਮ ਕਾਰਨ ਬਹਾਦਰ ਸ਼ਾਹ ਦੀ ਨੀਅਤ ਬਦਲ ਗਈ, ਉਸ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, ਹੁਣ ਉਹ ਵਜ਼ੀਰ ਖਾਂ ਖ਼ਿਲਾਫ ਕਾਰਵਾਈ ਨਹੀਂ ਕਰਨੀ ਚਾਹੁੰਦਾ ਸੀ। ਗੁਰੂ ਸਾਹਿਬ ਅਤੇ ਬਹਾਦਰ ਸਾਹ ਵਿੱਚ ਆਖਰੀ ਮੁਲਾਕਾਤ, 25 ਜੂਨ, 1708 ਮਗਰੋਂ ਬਾਲਾਪੁਰ ਵਿਖੇ ਅਗਸਤ, 1708 ’ਚ ਹੋਈ ਤਾਂ ਗੁਰੂ ਸਾਹਿਬ ਨੇ ਸਮਝ ਲਿਆ ਕਿ ਬਹਾਦਰ ਸਾਹ ਲਾਲਚ ਵੱਸ ਸੂਬਾ ਸਰਹੰਦ ਦੁਆਰਾ ਮਜ਼ਲੂਮਾਂ ਉੱਤੇ ਕੀਤੀ ਗਈ ਕਾਰਵਾਈ ਨੂੰ ਬੁਰਾ ਨਹੀਂ ਮੰਨਦਾ, ਇਸ ਬਦਨੀਤੀ ਕਰਕੇ ਉਸ ਦਾ ਸਾਥ ਛੱਡ, ਗੁਰੂ ਸਾਹਿਬ ਨੰਦੇੜ ਚਲੇ ਗਏ ਤੇ ਫੈਸਲਾ ਕੀਤਾ ਕਿ ਬਾਦਸਾਹ ਤੋਂ ਆਸ ਛੱਡ, ਆਪ ਇਨਸਾਫ ਕਾਇਮ ਕੀਤਾ ਜਾਵੇ। ਜਿੱਥੇ ਉਨ੍ਹਾਂ ਦਾ ਮੇਲ 3 ਸਤੰਬਰ 1708 ਦੇ ਦਿਨ ਮਾਧੋ ਦਾਸ ਬੈਰਾਗੀ ਨਾਲ ਗੋਦਾਵਰੀ ’ਤੇ ਹੋਇਆ ਜਿੱਥੇ ਉਹ ਤਖਤਪੋਸ਼ ਤੇ ਗੱਦੀ ਲਗਾ ਬੈਠ ਆਏ ਗਏ ਲੋਗਾਂ ਨੂੰ ਕਰਾਮਾਤ ਦੇ ਡਰਾਵਿਆਂ ਨਾਲ ਡਰਾਉਂਦਾ ਸੀ। ਲੋਕ ਉਸ ਨੂੰ ਬਲੀਦਾਨ ਲਈ ਬੱਕਰੇ ਭੇਟ ਕਰਦੇ ਸਨ। ਗੁਰੂ ਦੇ ਇਸ਼ਾਰੇ ਤੇ ਸਿੰਘਾਂ ਨੇ ਜਦ ਉਸ ਦੇ ਕੁਝ ਬੱਕਰੇ ਝਟਕਾ ਦਿੱਤੇ ਤਾਂ ਉਹ ਅੱਗ ਬਲੂਲਾ ਹੋ ਕਹਿਣ ਲੱਗਾ ਤੁਸੀਂ ਇਹ ਵੱਡਾ ਪਾਪ ਕੀਤਾ ਹੈ ਤਾਂ ਪਾਤਸ਼ਾਹ ਨੇ ਗਰਜਵੀਂ ਅਵਾਜ਼ ’ਚ ਕਿਹਾ ਕਿ ਪਾਖੰਡੀ ਸਾਧਾ! ਤੈਨੂੰ ਚਾਰ ਬੱਕਰੇ ਝਟਕਾਉਣ ਦਾ ਏਨਾਂ ਦੁੱਖ ਤੇ ਪੰਜਾਬ ’ਚ ਛੱਤਰਿਆਂ ਵਰਗੇ ਜਵਾਨ ਜ਼ਾਲਮ ਨਿਤਾ ਪ੍ਰਤੀ ਝਟਕਾਈ ਜਾ ਰਹੇ ਹਨ ਤੈਨੂੰ ਉਨ੍ਹਾਂ ਦਾ ਕੋਈ ਦੁੱਖ ਨਹੀਂ ਤਾਂ ਮਾਧੋ ਦਾਸ ਬੈਰਾਗੀ ਚਰਨੀ ਢਹਿ ਪਿਆ। ਗੁਰੂ ਨੇ ਉਸ ਨੂੰ ਸਿੰਘ ਸਜਾ ਪਾਖੰਡੀ ਸਾਧ ਤੋਂ ਬੰਦਾ ਬਹਾਦਰ ਬਣਾ, ਪੰਜਾਬ ਵੱਲ ਤੋਰਿਆ ਤੇ ਉਸ ਨੇ ਜ਼ਾਲਮਾਂ ਨੂੰ ਸੋਧਦੇ ਸਾਹਿਬਜ਼ਾਦਿਆਂ ਦੇ ਕਾਤਲਾਂ ਤੇ ਦੁਸ਼ਟਾਂ ਨੂੰ ਸਖਤ ਸਜਾਵਾਂ ਦਿੱਤੀਆਂ।

5 ਅਕਤੂਬਰ 1708 ਦੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਜਦ ਨੰਦੇੜ ਤੋਂ ਚੱਲੇ, ਉਸੇ ਦਿਨ ਸ਼ਾਮ ਨੂੰ ਗੁਰੂ ਸਾਹਿਬ ਦੇ ਆਰਾਮ ਕਰਦਿਆਂ, ਗੁਲਖ਼ਾਨ ਦੀ ਮਦਦ ਨਾਲ ਜਮਸ਼ੇਦ ਖਾਨ ਪਠਾਣ ਨੇ ਉਨ੍ਹਾਂ ਉੱਤੇ ਕਟਾਰ ਨਾਲ ਵਾਰ ਕਰ ਦਿੱਤਾ ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਪਰ ਗੁਰੂ ਜੀ ਨੇ ਮੋੜਵਾਂ ਵਾਰ ਕਰਕੇ ਜਮਸ਼ੇਦ ਖਾਨ ਨੂੰ ਢੇਰੀ ਕਰ ਦਿੱਤਾ। ਗੁਰੂ ਸਾਹਿਬ ਜੀ ਆਪ ਵੀ ਗੰਭੀਰ ਜਖ਼ਮੀ ਹੋਣ ਕਾਰਨ 7 ਅਕਤੂਬਰ ਸੰਨ 1708 ਈਸਵੀ ਨੂੰ ਸਵੇਰ ਵੇਲੇ “ਸ਼ਬਦ ਗੁਰੂ ਗ੍ਰੰਥ” ਨੂੰ ਸਦੀਵੀ ਗੁਰਗੱਦੀ ਸੌਂਪ ਇਹ ਹੁਕਮ ਕਰਦੇ ਕਿ “ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ਅਤੇ ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸ਼ਬਦ ਮੇਂ ਲੇ” ਕਹਿ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 'ਜ਼ਫ਼ਰਨਾਮਾ'- ਕਲਮ ਦੀ ਤਲਵਾਰ 'ਤੇ ਜਿੱਤ ਦਾ ਪ੍ਰਤੀਕ

ਗੁਰੂ ਗੋਬਿੰਦ ਸਿੰਘ ਜੀ ਜਿੱਥੇ ਕਿ ਬਲੀਦਾਨ ਪ੍ਰੰਪਰਾ ਦੀ ਅਦੁੱਤੀ ਮਿਸਾਲ ਹਨ, ਉਥੇ ਉਹ ਇਕ ਮਹਾਨ ਲੇਖਕ, ਮੌਲਿਕ ਚਿੰਤਕ ਤੇ ਕਈ ਭਾਸ਼ਾਵਾਂ ਦੇ ਗਿਆਤਾ ਵੀ ਸਨ। ਉਹਨਾਂ ਨੇ ਖੁਦ ਕਈ ਗ੍ਰੰਥਾਂ ਦੀ ਰਚਨਾ ਕੀਤੀ। ਉਹ ਵਿਦਵਾਨਾਂ ਦੇ ਬਹੁਤ ਕਦਰਦਾਨ ਸਨ। ਉਹਨਾਂ ਦੇ ਦਰਬਾਰ 'ਚ 52 ਵਿਦਵਾਨ ਹਮੇਸ਼ਾ ਮੌਜੂਦ ਰਹਿੰਦੇ ਸਨ। ਇਸ ਲਈ ਉਹਨਾਂ ਨੂੰ 'ਸੰਤ ਸਿਪਾਹੀ' ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਭਲੀ ਭਾਂਤ ਜਾਣਦੇ ਸਨ ਕਿ ਤਲਵਾਰ ਨਾਲੋਂ ਕਲਮ ਦੀ ਤਾਕਤ ਜ਼ਿਆਦਾ ਹੁੰਦੀ ਹੈ ਤੇ ਕਲਮ ਹੀ ਕ੍ਰਾਂਤੀ ਲਿਆਉਂਦੀ ਹੈ। ਇਸੇ ਲਈ ਹੀ ਉਹਨਾਂ ਨੇ ਆਪਣੇ ਦਰਬਾਰੀ ਵਿਦਵਾਨਾਂ ਦੀਆਂ ਰਚਨਾਵਾਂ ਦਾ ਇਕ ਗ੍ਰੰਥ ਤਿਆਰ ਕੀਤਾ ਜਿਸ ਦਾ ਨਾਮ 'ਵਿੱਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨ ਨੌਂ ਮਣ ਦੱਸਦੇ ਹਨ ਪਰ ਬਦਕਿਸਮਤੀ ਨੂੰ ਇਹ ਮਹਾਨ ਗ੍ਰੰਥ ਆਨੰਦਪੁਰ ਸਾਹਿਬ ਛੱਡਣ ਸਮੇਂ, ਸਿਰਸਾ ਨਦੀ ਪਾਰ ਕਰਦਿਆਂ, ਨਦੀ ਦੇ ਤੇਜ਼ ਵਹਾ 'ਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਗੁਰੂ ਗੋਬਿੰਦ ਸਿੰਘ ਜੀ ਭਗਤੀ ਤੇ ਸ਼ਕਤੀ ਦੇ ਇਕ ਅਦੁੱਤੀ ਪ੍ਰਤੀਕ ਸਨ। ਔਰੰਗਜ਼ੇਬ ਨੂੰ ਲਿਖਿਆ 'ਜ਼ਫਰਨਾਮਾ' ਭਾਵ ਫਤਿਹ ਦੀ ਚਿੱਠੀ ਜਿਸ ਨੂੰ ਗੁਰੂ ਸਾਹਿਬ ਦੀ ਜਿੱਤ ਦਾ ਪ੍ਰਤੀਕ ਵੀ ਕਿਹਾ ਜਾ ਸਕਦਾ ਹੈ ਜੋ ਭਾਰਤ ਵਰਸ਼ 'ਚ ਸੰਭਾਵੀ ਕ੍ਰਾਂਤੀ ਦੇ ਸੰਦੇਸ਼ ਵੱਲ ਵੀ ਇਸ਼ਾਰਾ ਕਰਦਾ ਹੈ। ਇਸੇ ਲਈ ਹੀ ਇਸ ਨੂੰ ਉਹਨਾਂ ਦੀ ਮਹਾਨ ਰਚਨਾ ਕਿਹਾ ਜਾਂਦਾ ਹੈ। ਇਸ ਦੇ ਮੰਤਵ ਤੇ ਇਤਿਹਾਸ ਨੂੰ ਸਮਝਣ ਲਈ ਇਸ ਦਾ ਵੇਰਵਾ ਨਿਮਨ-ਲਿਖਤ ਅਨੁਸਾਰ ਵਰਣਨ ਕੀਤਾ ਜਾਂਦਾ ਹੈ:-

ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ 'ਜ਼ਫਰਨਾਮੇ' ਦੇ ਮੰਤਵ ਨੂੰ ਸਪਸ਼ਟ ਕਰਨ ਲਈ ਉਹਨਾਂ ਦੁਆਰਾ ਲਿਖੇ ਗਏ ਕੁਝ ਕਾਵਿ-ਪਦਾਂ (ਸ਼ੇਅਰਾਂ) ਦਾ ਇੱਥੇ ਭਾਵ ਅਰਥ ਦੇਣਾ ਬੜਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫਰਨਾਮੇ' ਦਾ ਆਰੰਭ ਈਸ਼ਵਰ ਦੀ ਵੰਦਨਾ ਕਰਨ ਨਾਲ ਸ਼ੁਰੂ ਕੀਤਾ ਹੈ। ਉਹਨਾਂ ਨੇ ਆਪਣੇ ਬਾਰੇ 'ਚ ਲਿਖਿਆ ਹੈ ਕਿ ਮੈਂ ਪ੍ਰਮਾਤਮਾ ਦੀ ਕਸਮ ਖਾਧੀ ਹੈ ਕਿ ਜਿਹੜੀ ਤਲਵਾਰ, ਤੀਰ-ਕਮਾਨ, ਬਰਛੀ ਤੇ ਕਟਾਰ ਦਾ ਖੁਦਾ ਹੈ ਤੇ ਜੰਗ ਦੇ ਮੈਦਾਨ 'ਚ ਤੂਫਾਨ ਦੀ ਤੇਜ਼ ਚਾਲ 'ਤੇ ਦੌੜਨ ਵਾਲੇ ਘੋੜਿਆਂ ਦਾ ਖੁਦਾ ਹੈ। ਉਹਨਾਂ ਨੇ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ, ਉਹਨਾਂ ਦਾ (ਪ੍ਰਮਾਤਮਾ) ਨਾਮ ਲੈ ਕੇ, ਜਿਸ ਨੇ ਤੈਨੂੰ ਬਾਦਸ਼ਾਹਤ ਦਿੱਤੀ ਹੈ ਤੇ ਮੈਨੂੰ ਧਰਮ ਦੀ ਰੱਖਿਆ ਦੀ ਦੌਲਤ ਦਿੱਤੀ ਹੈ। ਮੈਨੂੰ ਉਹ ਸ਼ਕਤੀ ਦਿੱਤੀ ਹੈ ਕਿ ਮੈਂ ਧਰਮ ਦੀ ਰੱਖਿਆ ਕਰੂੰ ਜਿਸ ਨਾਲ ਸਚਾਈ ਦਾ ਝੰਡਾ ਉੱਚਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੱਤਰ 'ਚ ਔਰੰਗਜ਼ੇਬ ਨੂੰ ਅੱਤਿਆਚਾਰੀ, ਫਰੇਬੀ ਅਤੇ ਮੱਕਾਰ ਦੱਸਿਆ ਹੈ। ਇਸ ਦੇ ਨਾਲ ਹੀ ਉਸ ਦੀ ਇਬਾਦਤ ਨੂੰ ਢੌਂਗ ਕਿਹਾ ਹੈ ਤੇ ਉਸ ਨੂੰ ਆਪਣੇ ਪਿਤਾ ਤੇ ਭਰਾਵਾਂ ਦਾ ਹੱਤਿਆਰਾ ਵੀ ਕਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੈਭਿਮਾਨ ਅਥਵਾ ਵੀਰ ਭਾਵ ਦੀ ਜਾਣ-ਪਛਾਣ ਕਰਾਉਂਦੇ ਹੋਏ ਲਿਖਿਆ ਹੈ ਕਿ ਮੈਂ ਤੇਰੇ ਪੈਰਾਂ ਥੱਲੇ ਅਜਿਹੀ ਅੱਗ ਰੱਖਾਂਗਾ ਕਿ ਪੰਜਾਬ 'ਚ ਉਸ ਨੂੰ ਬੁਝਾਉਣ ਲਈ ਤੇ ਤੈਨੂੰ ਪੀਣ ਲਈ ਪਾਣੀ ਤੱਕ ਨਹੀਂ ਮਿਲੇਗਾ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਚੁਣੌਤੀ ਦਿੰਦਿਆਂ ਲਿਖਿਆ ਹੈ ਕਿ ਮੈਂ ਇਸ ਯੁੱਧ ਦੇ ਮੈਦਾਨ 'ਚ ਇਕੱਲਾ ਆਊਂਗਾ ਤੇ ਤੁਸੀਂ ਦੋ ਘੋੜ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਆਉਣਾ। ਫਿਰ ਲਿਖਿਆ ਹੈ ਕਿ ਮੇਰੇ ਚਾਰੇ ਬੱਚੇ (ਅਜੀਤ ਸਿੰਘ, ਜੁਝਾਰ ਸਿੰਘ, ਫਤਿਹ ਸਿੰਘ ਤੇ ਜ਼ੋਰਾਵਰ ਸਿੰਘ) ਮਾਰੇ ਗਏ ਹਨ ਪਰ ਕੁੰਡਲੀ ਮਾਰ ਕੇ ਡੱਸਣ ਵਾਲਾ ਨਾਗ ਅਜੇ ਬਾਕੀ ਹੈ' ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਦੀਆਂ 'ਜ਼ਫ਼ਰਨਾਮੇ' ਦੀਆਂ ਨਿਮਨ-ਲਿਖਤ ਸੱਤਰਾਂ ਹਨ:-

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਰ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਹ ਮਾਰ। 75

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਇਤਿਹਾਸ ਤੋਂ ਸਿੱਖਿਆ ਲੈਣ ਲਈ ਕਿਹਾ ਹੈ ਕਿ ਸਿਕੰਦਰ ਤੇ ਸ਼ੇਰ ਸ਼ਾਹ ਕਿੱਥੇ ਹਨ? ਅੱਜ ਤੈਮੂਰ ਕਿੱਥੇ ਹੈ? ਬਾਬਰ ਕਿੱਥੇ ਹੈ? ਹਮਾਯੂੰ ਕਿੱਥੇ ਹੈ ਤੇ ਅਕਬਰ ਕਿੱਥੇ ਹੈ? ਆਪਣੇ ਜ਼ਫਰਨਾਮੇ 'ਚ ਗੁਰੂ ਸਾਹਿਬ ਫਿਰ ਔਰੰਗਜ਼ੇਬ ਨੂੰ ਲਲਕਾਰਦੇ ਹੋਏ ਲਿਖਦੇ ਹਨ, 'ਅਗਰ ਤੂੰ, ਕਮਜ਼ੋਰਾਂ 'ਤੇ ਜ਼ੁਲਮ ਕਰਦਾ ਹੈ, ਉਹਨਾਂ ਨੂੰ ਸਤਾਉਂਦਾ ਹੈ ਤਾਂ ਕਸਮ ਹੈ ਕਿ ਇਕ ਦਿਨ ਆਰੇ ਨਾਲ ਚਿਰਵਾ ਦਊਂਗਾ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਯੁੱਧ ਤੇ ਸ਼ਾਂਤੀ ਬਾਰੇ ਆਪਣੀ ਨੀਤੀ ਸਪਸ਼ਟ ਕਰਦਿਆਂ ਲਿਖਿਆ ਹੈ ਕਿ:

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸ਼ਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਭਾਵ 'ਜਦੋਂ ਸਾਰੇ ਯਤਨ ਕੀਤੇ ਗਏ ਹੋਣ, ਨਿਆਂ ਦੇ ਰਸਤੇ 'ਚ ਰੁਕਾਵਟ ਹੋਵੇ, ਉਸ ਸਮੇਂ ਤਲਵਾਰ ਉਠਾਉਣਾ ਸਹੀ ਹੈ ਤੇ ਯੁੱਧ ਕਰਨਾ ਜ਼ਰੂਰੀ ਹੈ।

ਅੰਤਲੇ ਕਾਵਿ-ਪਦ 'ਚ ਈਸ਼ਵਰ 'ਚ ਪੂਰਨ ਭਰੋਸਾ ਪ੍ਰਗਟ ਕਰਦਿਆਂ ਉਹਨਾਂ ਨੇ ਲਿਖਿਆ ਹੈ, 'ਦੁਸ਼ਮਣ ਸਾਡੇ ਨਾਲ ਭਾਵੇਂ ਹਜ਼ਾਰਾਂ ਤਰ੍ਹਾਂ ਦੀ ਦੁਸ਼ਮਣੀ ਕਰੇ ਪਰ ਜਿਸ ਦਾ ਈਸ਼ਵਰ 'ਚ ਵਿਸ਼ਵਾਸ ਹੈ, ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।'

ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਜ਼ਫਰਨਾਮਾ ਕੇਵਲ ਇਕ ਪੱਤਰ ਹੀ ਨਹੀਂ ਹੈ ਬਲਕਿ ਇਹ ਇਕ 'ਵੀਰ ਕਾਵਿ' ਰਚਨਾ ਹੈ ਜਿਹੜੀ ਕਿ ਉਸ ਸਮੇਂ ਦੇ ਸਮੁੱਚੇ ਭਾਰਤ ਵਾਸੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਅਤੀਤ ਤੋਂ ਵਰਤਮਾਨ ਤੱਕ ਨਾ ਜਾਣੇ ਕਿਤਨੇ ਦੇਸ਼ ਭਗਤਾਂ ਨੇ ਗੁਰੂ ਸਾਹਿਬ ਦੇ ਇਸ ਪੱਤਰ ਤੋਂ ਪ੍ਰੇਰਨਾ ਲਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਿਅੱਕਤਿੱਤਵ ਤੇ ਆਦਰਸ਼ਾਂ ਦੀ ਝਲਕ ਬੜੇ ਸਪਸ਼ਟ ਰੂਪ 'ਚ ਇਸ ਜ਼ਫਰਨਾਮੇ 'ਚੋਂ ਪ੍ਰਗਟ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਔਰੰਗਜ਼ੇਬ ਨਾਲ ਇਕ ਸੰਧੀ ਨਹੀਂ ਹੈ ਸਗੋਂ ਉਸ ਖ਼ਿਲਾਫ਼ ਯੁੱਧ ਦਾ ਐਲਾਨ ਹੈ। ਇਸ ਦੇ ਨਾਲ ਹੀ ਇਹ ਪੱਤਰ ਸ਼ਾਂਤੀ, ਧਰਮ ਦੀ ਰੱਖਿਆ, ਵਿਸ਼ਵਾਸ ਤਥਾ ਆਤਮ ਵਿਸ਼ਵਾਸ ਦਾ ਸੰਦੇਸ਼ ਬੜੇ ਸਪਸ਼ਟ ਰੂਪ 'ਚ ਦਿੰਦਾ ਹੈ। ਉਨ੍ਹਾਂ ਦਾ ਇਹ ਪੱਤਰ ਪੀੜਤ, ਹਤਾਸ਼, ਨਿਰਾਸ਼ ਤਣਾ ਸਮ-ਾਜਿਕ ਚੇਤਨਾ ਦੀ ਘਾਟ ਨੂੰ ਨਵਾਂ ਜੀਵਨ ਤੇ ਮਾਨਵ ਦੇ ਸਵੈ-ਭਿਮਾਨ ਨੂੰ ਜਾਗਰੂਪ ਕਰਨ ਵਾਲਾ ਹੈ। ਇਹ ਪੱਤਰ ਅੱਤਿਆਚਾਰੀ ਔਰੰਗਜ਼ੇਬ ਦੇ ਕੁਕਰਮਾਂ ਨੂੰ ਉਘਾੜਦਾ ਤੇ ਉਸ ਉਪਰ ਚੰਗੀ ਨੈਤਿਕਤਾ ਤੇ ਅਧਿਆਤਮਕਤਾ ਦੀ ਜਿੱਤ ਦਾ ਪ੍ਰਗਟਾ ਕਰਦਾ ਹੈ।



'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲ ਸਮਰਾਟ, ਔਰੰਗਜ਼ੇਬ ਨੂੰ ਫਾਰਸੀ ਸ਼ਿਅਰਾਂ 'ਚ ਲਿਖੀ ਹੋਈ ਇਕ ਚਿੱਠੀ ਹੈ। ਇਸ ਤਰ੍ਹਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਇਹ ਚਿੱਠੀ ਜਿੱਥੇ ਹੋਰ ਇਤਿਹਾਸਕ ਵੇਰਵਿਆਂ ਦਾ ਜ਼ਿਕਰ ਕਰਦੀ ਹੈ, ਉਥੇ ਇਹ ਚਮਕੌਰ ਸਾਹਿਬ ਦੀ ਜੰਗ ਦਾ ਅੱਖੀਂ ਦੇਖਿਆ ਹਾਲ ਵੀ ਵਰਣਨ ਕਰਦੀ ਹੈ। ਇਸ ਦਾ ਹਰ ਸ਼ਿਅਰ ਅਣਖ, ਗੈਰਤ, ਸਵੈਮਾਣ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ।



ਪ੍ਰੋ: ਐਚ.ਐਲ.ਕਪੂਰ

'ਜ਼ਫ਼ਰਨਾਮਾ' ਉਹ ਮਹਾਨ ਵਿਜੇ-ਪੱਤਰ ਹੈ, ਜਿਸ ਨੂੰ ਪੜ੍ਹ ਕੇ, ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਹਾਰ ਮੰਨ ਲਈ ਸੀ। ਕਹਿੰਦੇ ਹਨ ਕਿ ਇਹ ਪੱਤਰ ਪੜ੍ਹ ਕੇ ਔਰ-ਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਹੀਂ ਕਰ ਸਕੀ, ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਦਿਖਾਇਆ। ਇਸ ਸਬੰਧ ਵਿਚ ਸੰਤੋਖ ਸਿੰਘ ਧੀਰ ਦੀਆਂ ਇਹ ਸੱਤਰਾਂ ਬਹੁਤ ਹੀ ਮਹੱਤਵ ਰੱਖਦੀਆਂ ਹਨ:

'ਕਲਮ ਇਕ ਹਥਿਆਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, 'ਜ਼ਫਰਨਾਮਾ' ਤੀਰ ਦੀ ਨੋਕ ਨਾਲ ਲਿਖਿਆ। ਲਿਖਿਆ ਤਾਂ ਉਂਝ 'ਜ਼ਫਰਨਾਮਾ' ਕਲਮ ਨਾਲ ਹੀ ਗਿਆ ਸੀ ਪਰ ਉਹ ਕਲਮ, ਤੀਰ ਵਾਂਗ, ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ 'ਜ਼ਫਰਨਾਮਾ' ਖੰਜਰ ਵਾਂਗ, ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ। ਅੰਤ 'ਚ ਤਲਵਾਰ ਵੀ ਕਲਮ ਤੋਂ ਹਾਰ ਜਾਂਦੀ ਹੈ, ਯਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਤੋਂ ਔਰੰਗਜ਼ੇਬ ਦੀ ਤਲਵਾਰ ਹਾਰ ਜਾਂਦੀ ਹੈ।'

ਗੁਰੂ ਸਾਹਿਬ ਨੇ ਇਹ ਵਿਜੇ-ਪੱਤਰ ਚਮਕੌਰ ਦੀ ਜੰਗ ਤੋਂ ਮਗਰੋਂ ਤੇ ਸ੍ਰੀ ਮੁਕਤਸਰ ਸਾਹਿਬ ਦੀ ਲੜਾਈ ਤੋਂ ਪਹਿਲਾਂ, ਦੀਨਾ-ਕਾਂਗੜ (ਜ਼ਿਲ੍ਹਾ ਫਰੀਦਕੋਟ) ਵਿਖੇ ਆਪਣੇ ਠਹਿਰਾਅ ਦੌਰਾਨ ਲਿਖਿਆ (ਦੀਨਾ ਤੇ ਕਾਂਗੜ ਅਸਲ ਵਿਚ ਦੋ ਜੁੜਵੇਂ ਪਿੰਡ ਹਨ)।

ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਸਾਹਿਬ, ਮਾਛੀਵਾੜਾ, ਆਲਮਗੀਰ ਤੇ ਰਾਏਕੋਟ ਤੋਂ ਹੁੰਦੇ ਹੋਏ ਦੀਨਾ-ਕਾਂਗੜ ਵਿਖੇ ਪਹੁੰਚੇ ਸਨ। ਇੱਥੇ ਰਾਇ ਜੋਧ ਦੇ ਪੋਤਰਿਆਂ, ਚੌਧਰੀ ਤਖਤ ਮੱਲ, ਲਖਮੀਰ ਤੇ ਸਮੀਰ ਨੇ ਗੁਰੂ ਸਾਹਿਬ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਸਤਿਕਾਰ ਸਹਿਤ ਆਪਣੇ ਨਿਵਾਸ ਸਥਾਨ 'ਤੇ ਲੈ ਗਏ (ਰਾਏ ਜੋਧ, ਗੁਰੂ ਘਰ ਦਾ ਇਕ ਅਨਿਨ ਸੇਵਕ ਸੀ ਅਤੇ ਇਨਸਾਫ ਦੀਆਂ ਜੰਗਾਂ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸੇ ਹੋ ਕੇ ਲੜਦਾ ਰਿਹਾ ਸੀ।)। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਲੱਗਭੱਗ ਦੋ ਮਹੀਨੇ ਠਹਿਰੇ ਸਨ ਅਤੇ ਇੱਥੋਂ ਹੀ ਔਰੰਗਜ਼ੇਬ ਵੱਲ 'ਜ਼ਫਰਨਾਮਾ' ਭੇਜਿਆ ਸੀ।

'ਜ਼ਫਰਨਾਮੇ ਦਾ ਸ਼ਾਬਦਿਕ ਅਰਥ ਹੈ 'ਜਿੱਤ ਦੀ ਚਿੱਠੀ'। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮੂਲ ਰੂਪ ਵਿਚ ਫਾਰਸੀ ਭਾਸ਼ਾ 'ਚ ਲਿਖਿਆ ਹੈ। ਇਸ 'ਚ ਮਾਮੂਲੀ ਪਰਿਵਰਤਨ ਵੀ ਹੋਏ ਹਨ। ਕਈ ਭਾਸ਼ਾਵਾਂ 'ਚ ਇਸ ਦੇ ਅਨੁਵਾਦ ਵੀ ਹੋਏ ਹਨ। ਹਿੰਦੀ 'ਚ ਇਸ ਦਾ ਅਨੁਵਾਦ ਬਾਲ ਕ੍ਰਿਸ਼ਨ ਮੁਜੰਤਰ (ਕੁਰੂਕਸ਼ੇਤਰ, 1990) ਤੇ ਜਨਜੀਵਨ ਜੋਤ ਸਿੰਘ ਆਨੰਦ (ਦੇਹਰਾਦੂਨ, 2006) ਨੇ ਕੀਤਾ। ਮਹਿੰਦਰ ਸਿੰਘ ਨੇ ਪੰਜਾਬੀ 'ਚ ਤੇ ਸੁਰਿੰਦਰਜੀਤ ਸਿੰਘ ਨੇ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਤੋਂ ਕੁਝ ਸਮਾਂ ਬਾਅਦ ਨਵਤੇਜ ਸਿੰਘ ਸਰਨ ਨੇ ਵੀ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਪੱਤਰ ਵਿਚ ਫਾਰਸੀ 'ਚ ਲਿਖੇ ਹੋਏ 111 ਕਾਵਿ-ਪਦੇ (ਸ਼ੇਅਰ) ਹਨ। ਜ਼ਫਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲੜਾਈਆਂ ਦਾ ਬੜੀ ਬੀਰਤਾ ਤੇ ਦਲੇਰੀ ਨਾਲ, ਮੁਗਲਾਂ ਦਾ ਬੜੇ ਰੋਮਾਂਚਿਕ ਢੰਗ ਨਾਲ ਟਾਕਰਾ ਕਰਨ ਦਾ ਵਰਣਨ ਕੀਤਾ ਹੈ। ਇਸ ਕਾਵਿ-ਪਦਿਆਂ ਵਾਲੀ ਚਿੱਠੀ ਵਿਚ ਇਕ-ਇਕ ਲੜਾਈ ਦਾ ਵਰਣਨ, ਕਿਸੇ ਵੀ ਮਾਨਵ 'ਚ ਨਵਾਂ ਜੀਵਨ ਭਰਨ ਦੀ ਸਮਰੱਥਾ ਰੱਖਦਾ ਹੈ। ਇਸ 'ਚ ਖਾਲਸਾ-ਪੰਥ ਦੀ ਸਥਾਪਨਾ, ਆਨੰਦਪੁਰ ਸਾਹਿਬ ਛੱਡਣਾ, ਫਤਿਹਗੜ੍ਹ ਦੀ ਘਟਨਾ, ਚਾਲੀ ਮੁਕਤਿਆਂ ਦੀ ਸ਼ਹੀਦੀ, ਦੋ ਗੁਰੂ ਪੁੱਤਰਾਂ ਦੀ ਨੀਂਹਾਂ 'ਚ ਚਿਣਵਾਈ ਤੇ ਦੋ ਪੁੱਤਰਾਂ ਦੀ ਚਮਕੌਰ ਦੀ ਗੜ੍ਹੀ 'ਚ ਸ਼ਹੀਦੀ ਦਾ ਵਰਣਨ ਹੈ। ਇਸ 'ਚ ਮਰਾਠਿਆਂ 'ਤੇ ਰਾਜਪੂਤਾਂ ਦੀ ਜਿੱਤ ਤੇ ਔਰੰਗਜ਼ੇਬ ਦੀ ਕਰਾਰੀ ਹਾਰ ਦਾ ਵਰਣਨ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਉਹਨਾਂ ਨੇ ਪੰਜਾਬ 'ਚ ਉਸ (ਔਰੰਗਜ਼ੇਬ) ਦੀ ਹਾਰ ਦੀ ਪੂਰੀ ਵਿਵਸਥਾ ਕਰ ਦਿੱਤੀ ਹੈ।

ਇਹ ਇਤਿਹਾਸਕ ਪੱਤਰ, ਸਮਕਾਲੀ ਪ੍ਰਸਥਿਤੀਆਂ ਅਤੇ ਇਤਿਹਾਸ ਨੂੰ ਵੀ ਆਪਣੀ ਬੁੱਕਲ ਵਿਚ ਸਾਂਭੀ ਬੈਠਾ ਹੈ। ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਗੁਰੂ ਸਾਹਿਬ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ, ਸਗੋਂ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਆਪਣੇ ਪਿਤਾ ਗੁਰੂ ਤੇਗ ਬਹਾਦਰ ਤੇ ਆਪਣੇ ਚਾਰੇ ਪੁੱਤਰਾਂ ਦੇ ਬਲੀਦਾਨ ਦੇ ਬਾਅਦ 1706 ਈਸਵੀ ਨੂੰ ਖਿਦਰਾਣਾ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੂੰ ਇਕ ਪੱਤਰ (ਜ਼ਫਰਨਾਮਾ) ਦੇ ਕੇ ਮੁਗਲ ਸਮਰਾਟ ਔਰੰਗਜ਼ੇਬ ਦੇ ਪਾਸ ਭੇਜਿਆ। ਇਹ ਚਿੱਠੀ 20 ਫਰਵਰੀ, 1707 ਈਸਵੀ ਨੂੰ ਔਰੰਗਜ਼ੇਬ ਦੇ ਹੱਥਾਂ ਵਿਚ ਸੀ। ਇਸੇ ਤਰ੍ਹਾਂ ਹੀ ਮਾਛੀਵਾੜਾ ਤੋਂ ਵੀ ਗੁਰੂ ਸਾਹਿਬ ਨੇ ਇਕ ਚਿੱਠੀ ਜਿਸ ਨੂੰ 'ਫਤਿਹਨਾਮਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਔਰੰਗਜ਼ੇਬ ਵੱਲ ਭੇਜੀ ਸੀ।

ਉਹਨਾਂ ਦਿਨਾਂ 'ਚ ਔਰੰਗਜ਼ੇਬ ਦੱਖਣ ਭਾਰਤ ਦੇ ਅਹਿਮਦਨਗਰ 'ਚ ਆਪਣੇ ਜੀਵਨ ਦੇ ਆਖਰੀ ਦਿਨਾਂ ਦੀ ਉਡੀਕ ਕਰ ਰਿਹਾ ਸੀ। ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦਿੱਲੀ, ਆਗਰਾ ਤੋਂ ਹੁੰਦੇ ਹੋਏ ਲੰਬਾ ਪੈਂਡਾ ਕਰਕੇ ਅਹਿਮਦਨਗਰ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪੱਤਰ ਤੋਂ ਔਰੰਗਜ਼ੇਬ ਨੂੰ ਉੱਤਰ ਭਾਰਤ, ਖਾਸ ਤੌਰ 'ਤੇ ਪੰਜਾਬ ਦੀ ਵਾਸਤਵਿਕ ਸਥਿਤੀ ਦਾ ਪਤਾ ਲੱਗਿਆ। ਕਹਿੰਦੇ ਹਨ ਕਿ 'ਜ਼ਫਰਨਾਮਾ' ਪੜ੍ਹ ਕੇ ਅੱਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀ ਰੂਹ ਤੜਪ ਉੱਠੀ ਅਤੇ ਉਸ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਦ ਖਾਂ ਨੂੰ ਫਰਮਾਨ ਜਾਰੀ ਕੀਤਾ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਰਵੇਸ਼ ਹਨ ਅਤੇ ਉਹਨਾਂ ਨੂੰ ਹੁਣ ਹੋਰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ ਤੇ ਜਿਸ ਰਜ਼ਾ ਵਿਚ ਉਹ ਰਹਿਣਾ ਚਾਹੁਣ ਰਹਿਣ ਦਿੱਤਾ ਜਾਵੇ।' ਇਸ ਤਰ੍ਹਾਂ ਪੰਜਾਬ ਦੇ ਸੂਬੇਦਾਰ ਦੇ ਗਲਤ ਸੂਚਨਾਵਾਂ ਦੇਣ ਨਾਲ ਔਰੰਗਜ਼ੇਬ ਨੂੰ ਬੜਾ ਦੁੱਖ ਹੋਇਆ ਤੇ ਨਾਲ ਹੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਤੇ ਪ੍ਰਤਿਸ਼ਠਤਾ ਦਾ ਅਨੁਭਵ ਵੀ ਹੋਇਆ। ਇਸ ਦੇ ਨਾਲ ਹੀ ਔਰੰਗਜ਼ੇਬ ਨੇ ਜ਼ਬਰਦਾਰ ਅਤੇ ਮੁਹੰਮਦਯਾਰ ਮਨਸਬਦਾਰ ਨੂੰ ਇਕ ਸ਼ਾਹੀ ਫੁਰਮਾਨ ਦੇ ਕੇ ਦਿੱਲੀ ਭੇਜਿਆ। ਇਸ ਫੁਰਮਾਨ 'ਚ ਵੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਕਿਸੇ ਪ੍ਰਕਾਰ ਦਾ ਕਸ਼ਟ ਨਾ ਪਹੁੰਚਾਇਆ ਜਾਵੇ ਸਗੋਂ ਉਹਨਾਂ ਨੂੰ ਪੂਰਾ ਸਨਮਾਨ ਦਿੱਤਾ ਜਾਵੇ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫੀ ਦੇਰ ਤੱਕ ਇਹ ਪਤਾ ਹੀ ਨਾ ਲੱਗਾ ਕਿ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਅਹਿਮਦਾਨਗਰ 'ਚ ਔਰੰਗਜ਼ੇਬ ਨੂੰ ਜ਼ਫਰਨਾਮਾ ਦੇਣ 'ਚ ਸਫਲ ਹੋਏ ਜਾਂ ਨਹੀਂ। ਅਖੀਰ ਗੁਰੂ ਸਾਹਿਬ ਉਡੀਕ ਕਰਕੇ ਅਹਿਮਦਨਗਰ ਵੱਲ ਆਪ ਹੀ ਚੱਲ ਪਏ। ਅਕਤੂਬਰ 1706 ਈਸਵੀ 'ਚ ਗੁਰੂ ਸਾਹਿਬ ਨੇ ਦੱਖਣੀ ਭਾਰਤ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ। ਉਹਨਾਂ ਨੇ ਮਾਰਵਾੜ ਦੇ ਰਸਤੇ ਤੋਂ ਦੱਖਣ ਨੂੰ ਜਾਣ ਦਾ ਵਿਚਾਰ ਬਣਾਇਆ। ਇਸ ਮਾਰਗ 'ਤੇ ਰਾਜਸਥਾਨ ਦੇ ਅਨੇਕ ਰਾਜਿਆਂ ਨੇ ਉਹਨਾਂ ਦਾ ਸਵਾਗਤ ਕੀਤਾ। ਬਾਪੌਰ ਨਾਮਕ ਸਥਾਨ 'ਤੇ ਉਹਨਾਂ ਦੀ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨਾਲ ਭੇਂਟ ਹੋਈ ਜੋ ਪੰਜਾਬ ਵੱਲ ਵਾਪਸ ਆ ਰਹੇ ਸਨ। ਇੱਥੇ ਗੁਰੂ ਸਾਹਿਬ ਨੂੰ ਸਾਰੇ ਸਮਾਚਾਰਾਂ ਦੀ ਜਾਣਕਾਰੀ ਹੋਈ। ਯਾਤਰਾ ਦੇ ਦੌਰਾਨ ਹੀ 20 ਫਰਵਰੀ, 1707 ਈਸਵੀ ਨੂੰ ਹੀ ਅਹਿਮਦਨਗਰ ਨੂੰ ਜਾਂਦਿਆਂ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੀ ਅਹਿਮਦਨਗਰ 'ਚ ਹੀ ਮੌਤ ਦੀ ਖ਼ਬਰ ਮਿਲੀ। ਇਸ ਤਰ੍ਹਾਂ ਗੁਰੂ ਸਾਹਿਬ ਦੀ ਔਰ-ਗਜ਼ੇਬ ਨਾਲ ਭੇਟ ਨਾ ਹੋ ਸਕੀ।

ਸੋ 'ਜ਼ਫ਼ਰਨਾਮਾ' ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਦਾ ਇਕ ਮਹਾਨ ਕਾਰਨਾਮਾ ਕਿਹਾ ਜਾ ਸਕਦਾ ਹੈ ਕਿਉਂਕਿ 'ਜ਼ਫਰਨਾਮਾ' ਵਰਗਾ ਵੰਗਾਰਵਾਂ ਪੱਤਰ ਸ਼ਾਇਦ ਹੀ ਕਿਸੇ ਹੋਰ ਬੀਰ-ਨਾਇਕ ਨੇ ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨੂੰ ਲਿਖਿਆ ਹੋਵੇ। ਇਸ ਪੱਤਰ ਵਿਚੋਂ ਰੂਹਾਨੀਅਤ, ਅਡੋਲਤਾ, ਦਲੇਰੀ, ਜਾਂਬਾਜ਼ੀ, ਨਿਰਵੈਰਤਾ, ਸਚਾਈ ਆਦਿ ਸਦਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ। ਹੋਰ ਗੁਣਾਂ ਤੋਂ ਇਲਾਵਾ ਉਹ ਇਕ ਨਿਪੁੰਨ ਸਾਹਿਤਕਾਰ, ਮਨੋਵਿਗਿਆਨੀ ਤੇ ਮਨੋਵਿਸ਼ਲੇਸ਼ਕ ਵੀ ਸਨ। ਸਭ ਤੋਂ ਵੱਧ ਕੇ, ਉਹਨਾਂ ਨੇ ਕਦੇ ਵੀ ਜੋਸ਼ ਨੂੰ ਹੋਸ਼ 'ਤੇ ਭਾਰੂ ਨਹੀਂ ਹੋਣ ਦਿੱਤਾ। 'ਜ਼ਫਰਨਾਮਾ' ਗੁਰੂ ਸਾਹਿਬ ਦੇ ਇਹਨਾਂ ਗੁਣਾਂ ਦੀ ਇਕ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਗੁਰੂ ਸਾਹਿਬ ਕਈ ਥਾਈਂ, ਸ਼ਿਸ਼ਟਾਚਾਰ ਵਜੋਂ ਔਰੰਗਜ਼ੇਬ ਦੀ ਤਾਰੀਫ਼ ਵੀ ਕਰਦੇ ਹਨ।

'ਜ਼ਫਰਨਾਮਾ' ਫਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦਾ ਹੈ। ਇਹ ਪੱਤਰ, ਜਿੱਥੇ ਔਰੰਗਜ਼ੇਬ ਨੂੰ ਸ਼ਰਮਸਾਰ ਕਰਦਾ ਹੈ, ਉਥੇ ਉਸ ਦੇ ਵਿਰਾਟ 'ਕੱਦ' ਨੂੰ ਬੌਣਾ ਵੀ ਬਣਾਉਂਦਾ ਹੈ। ਗੱਲ ਕੀ ਬਾਦਸ਼ਾਹ ਨੂੰ ਉਸ ਦੀਆਂ ਕਰਤੂਤਾਂ ਚੇਤੇ ਕਰਵਾਉਂਦਿਆਂ, ਫਿਟਕਾਰਾਂ ਪਾਈਆਂ ਗਈਆਂ ਹਨ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ ਬੇਈਮਾਨ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਇਸ ਦੀ ਮਿਸਾਲ ਨਿਮਨ-ਲਿਖਤ ਸ਼ਿਅਰ ਤੋਂ ਮਿਲਦੀ ਹੈ:

ਨਦਾਨਮ ਕਿ ਈਂ ਮੁਰਦਿ ਪੈਮਾਂ ਸ਼ਿਕਨ।
ਕਿ ਦੌਲਤ ਪ੍ਰਸਤਸਤੋ ਫੀਮਾਂ ਫਿਗਨ। 45

ਉਕਤ ਸ਼ਿਅਰ ਦਾ ਪੰਜਾਬੀ ਕਾਵਿ-ਅਨੁਵਾਦ ਇਸ ਪ੍ਰਕਾਰ ਪੇਸ਼ ਹੈ:

ਪਤਾ ਨਹੀਂ ਸੀ ਹੋਏਂਗਾ, ਤੂੰ ਮਾਇਆ ਦਾ ਕੀਟ,
ਝੂਠਾ ਕੌਲ ਕਰਾਰ ਦਾ, ਬੇ-ਈਮਾਨ ਬਦ-ਨੀਤ'। 45
ਅਨੁਵਾਦਕ- ਸ਼ਹਰਯਾਰ

ਗੁਰੂ ਸਾਹਿਬ ਉਦੋਂ ਗੱਲ ਨੂੰ ਸਿਰੇ ਹੀ ਲਾ ਦਿੰਦੇ ਹਨ, ਜਦੋਂ ਉਹ ਅਗਲੇ ਸ਼ਿਅਰ 'ਚ ਲਿਖਦੇ ਹਨ:

ਨ ਈਮਾਂ ਪ੍ਰਸਤੀ ਨ ਔਜ਼ਾਇ ਦੀ (ਸ਼ਰ੍ਹਾ ਸ਼ਰੀਅਤ)।
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀ। 46

ਭਾਵ- ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈ। ਨਾ ਤੈਨੂੰ ਪ੍ਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ।

ਸੋ, ਉਕਤ ਸ਼ਿਅਰ ਅਤੇ ਇਹੋ ਜਿਹੇ ਹੋਰ ਕਈ ਸ਼ਿਅਰ, ਸਪਸ਼ਟ ਰੂਪ 'ਚ, ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਦਸ਼ਾਹ ਔਰੰਗਜ਼ੇਬ 'ਤੇ ਜਿੱਤ ਦਰਜ ਕਰਦੇ ਹਨ। 42 ਸਾਲ ਦੇ ਅਧਿਆਤਮਕ ਤਥਾ ਸੂਰਬੀਰਤਾ ਦੇ ਧਨੀ ਮਹਾਂਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 90 ਸਾਲ ਦੇ ਕਰੂਰ ਤੇ ਜ਼ਾਲਮ ਔਰੰਗਜ਼ੇਬ ਨਾਲ ਭੇਂਟ ਹੁੰਦੀ ਤਾਂ ਕੀ ਹੁੰਦਾ, ਕਹਿਣਾ ਕਠਿਨ ਹੈ?

ਇਕ ਵਿਦਵਾਨ ਨੇ ਲਿਖਿਆ ਹੈ ਕਿ 'ਵਿਸ਼ਵਾਸ, ਅਵਿਸ਼ਵਾਸ ਨੂੰ ਮਿਲਣ ਚੱਲਿਆ ਸੀ ਪ੍ਰੰਤੂ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਅਵਿਸ਼ਵਾਸ ਦਮ ਤੋੜ ਚੁੱਕਿਆ ਸੀ। ਜੂਨ 1707 ਈਸਵੀ ਨੂੰ ਜਾਜੂ ਨਾਮਕ ਸਥਾਨ 'ਤੇ ਸ਼ਹਿਜ਼ਾਦਾ ਮੁਅਜ਼ਮ ਨੂੰ 'ਬਹਾਦਰ ਸ਼ਾਹ' ਦੇ ਨਾਮ 'ਤੇ ਸਮਰਾਟ ਬਣਾਇਆ ਗਿਆ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਰਾਜਸੀ ਸਨਮਾਨ ਕੀਤਾ। '

ਜ਼ਫ਼ਰਨਾਮਾ' ਤਥਾ 'ਵਿਜੇ ਪੱਤਰ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੱਤਿਆਚਾਰੀ ਤੇ ਕਰੂਰ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖਿਆ ਗਿਆ ਹੈ।

ਭਾਰਤ ਦੇ ਗੌਰਵਮਈ ਇਤਿਹਾਸ 'ਚ ਦੋ ਪੱਤਰ ਅੰਤਰ ਰਾਸ਼ਟਰੀ ਮਸ਼ਹੂਰੀ ਰੱਖਦੇ ਹਨ। ਪਹਿਲਾ ਪੱਤਰ ਹੈ ਛਤਰਪਤੀ ਸ਼ਿਵਾ ਜੀ ਦੁਆਰਾ ਰਾਜਾ ਜੈ ਸਿੰਘ ਨੂੰ ਲਿਖਿਆ ਗਿਆ ਸੀ ਤੇ ਦੂਸਰਾ ਪੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰੀ ਤੇ ਕਰੂਰ ਮੁਗਲ ਸ਼ਾਸਕ ਔਰੰਗਜ਼ੇਬ ਨੂੰ ਲਿਖਿਆ ਗਿਆ 'ਜ਼ਫ਼ਰਨਾਮਾ' ਅਰਥਾਤ 'ਵਿਜੈ ਪੱਤਰ' ਹੈ। ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਅਧਿਆਤਮਕਤਾ, ਕੂਟਨੀਤੀ ਤੇ ਸੂਰਬੀਰਤਾ ਦੀ ਅਦੁੱਤੀ ਤ੍ਰਿਵੇਣੀ ਹੈ।

# ਜੇਐਨਯੂ ਦੀ ਗੁੰਡਾਗਰਦੀ ਪਿੱਛੇ ਕੌਣ?



ਰਵੀਸ਼ ਕੁਮਾਰ

**ਵਿਸ਼ੇਸ਼ ਰਿਪੋਰਟ**

ਜਦ ਜੇਐਨਯੂ ਵਿਚ ਨਕਾਬਪੋਸ਼ ਆ ਸਕਦੇ ਹਨ ਤਾਂ ਉਹ ਕਿਤੇ ਵੀ ਆ ਸਕਦੇ ਹਨ। ਰਾਤ ਦੇ ਹਨੇਰੇ ਵਿਚ ਰਾਡਾਂ, ਤਲਵਾਰਾਂ ਤੇ ਹੋਰ ਤਿੱਖੇ ਹਥਿਆਰਾਂ ਦੇ ਨਾਲ ਜਦ ਅਪਰਾਧੀ ਨਕਾਬ ਪਾ ਲੈਣ ਤਾਂ ਤੁਸੀਂ ਟਾਰਚ ਕੱਢ ਕੇ ਰੱਖੋ। ਅਪਰਾਧੀ ਤਾਂ ਨਹੀਂ ਭਾਲ ਸਕੋਗੇ, ਪਰ ਘੱਟੋ ਘੱਟ ਰਾਤ ਦੇ ਹਨੇਰੇ ਵਿਚ ਪਲੰਘ ਦੇ ਹੇਠਾਂ ਕੋਨੇ ਵਿਚ ਛੁਪ ਕੇ ਲੋਕਤੰਤਰ ਨੂੰ ਭਾਲ ਸਕੋਗੇ, ਜਿਸ ਨੂੰ ਹਿੰਸਾ ਦੀਆਂ ਇਹਨਾਂ ਤਸਵੀਰਾਂ ਦੇ ਰਾਹੀਂ ਖਤਮ ਕੀਤਾ ਜਾ ਰਿਹਾ ਹੈ। ਤੁਹਾਡੇ ਅੰਦਰ ਜੇਐਨਯੂ ਨੂੰ ਖਤਮ ਕੀਤਾ ਜਾ ਰਿਹਾ ਹੈ ਤਾਂ ਕਿ ਤੁਸੀਂ ਨਕਾਬਪੋਸ਼ ਗੁੰਡਿਆਂ ਨੂੰ ਦੇਸ਼ਭਗਤ ਸਮਝਣ ਲਗ ਜਾਵੋ।

5 ਸਾਲਾਂ ਦੇ ਦੌਰਾਨ ਗੋਦੀ ਮੀਡੀਆ ਤੇ ਸ਼ੋਸ਼ਲ ਮੀਡੀਆ ਦੇ ਰਾਹੀਂ ਇਕ ਚੰਗੀ ਯੂਨੀਵਰਸਿਟੀ ਨੂੰ ਇਸ ਢੰਗ ਨਾਲ ਖਤਮ ਕਰ ਦਿੱਤਾ ਕਿ ਬਹੁਤ ਸਾਰੇ ਨਕਾਬਪੋਸ਼ ਗੁੰਡਿਆਂ ਨੂੰ ਦੇਖਦੇ ਹੋਏ ਨਹੀਂ ਦੇਖਿਆ ਜਾ ਰਿਹਾ। ਕੋਈ 90 ਸਾਲ ਪਹਿਲਾਂ ਲੋਕ ਇਸ ਤਰ੍ਹਾਂ ਨਹੀਂ ਦੇਖ ਸਕੇ ਸਨ, ਜਦ ਕਪਟੀ ਪ੍ਰਾਪੇਗੰਡੇ ਦਾ ਪ੍ਰਭਾਵ ਉਹਨਾਂ ’ਤੇ ਹਾਵੀ ਹੋ ਗਿਆ ਸੀ। ਉਹ ਦੇਸ ਕੁਝ ਹੋਰ ਸੀ, ਇਹ ਦੇਸ ਭਾਰਤ ਹੈ। ਆਮ ਤੌਰ ’ਤੇ ਭਾਰਤ ਦੀ ਦੂਸਰੇ ਨੰਬਰ ਦੀ ਇਸ ਯੂਨੀਵਰਸਿਟੀ ਦੇ ਹੋਸਟਲ ਵਿਚ ਅਰਾਮ ਨਾਲ ਰਾਡਾਂ ਲੈ ਕੇ ਨਕਾਬਪੋਸ਼ ਵੜ ਆਏ। ਇਸ ਨੂੰ ਦੇਖ ਕੇ ਕਿਸੇ ਦਾ ਦਿਲ ਕੰਬ ਜਾਣਾ ਚਾਹੀਦਾ ਹੈ। ਪਰ ਗੱਲ ਹੋ ਰਹੀ ਹੈ ਨਕਸਲ ਦੀ, ਦੇਸ਼ ਵਿਰੋਧੀ ਦੀ ਤੇ ਜਿਹਾਦੀਆਂ ਦੀ। ਤੁਸੀਂ ਜੋ ਸਾਹਮਣੇ ਤੋਂ ਦੇਖ ਰਹੇ ਹੋ ਉਹ ਛੱਡ ਕੇ ਨਕਸਲ ਤੇ ਐਂਟੀ ਨਕਸਲ ਨੂੰ ਹੀ ਸੁਣਨ ਤੇ ਦੇਖਣ ਲੱਗਦੇ ਹੋ। ਤੁਸੀਂ ਤੱਥਾਂ ਨੂੰ ਛੱਡ ਦਿੰਦੇ ਹੋ। ਜੋ ਇਮੇਜ ਤੁਹਾਡੇ ਦਿਮਾਗ ਵਿਚ ਵਟਸਐਪ ਯੂਨੀਵਰਸਿਟੀ ਨੇ ਬਣਾਇਆ ਹੈ, ਉਹੀ ਕੁਝ ਤੁਸੀਂ ਜੇਐਨਯੂ ਬਾਰੇ ਦੇਖਣ ਲਗ ਜਾਂਦੇ ਹੋ। ਤੁਸੀਂ ਚੈਕ ਕਰੋ ਕੀ ਅਜੇ ਤੱਕ ਤੁਹਾਨੂੰ ਨਕਾਬਪੋਸ਼ ਗੁੰਡੇ ਯਾਦ ਹਨ ਜਾਂ ਭੁੱਲ ਕੇ ਤੁਸੀਂ ਨਕਸਲ ਬਨਾਮ ਰਾਸ਼ਟਰਵਾਦ ਦੀ ਬਹਿਸ ਵਿਚ ਉਲਝ ਗਏ ਹੋ? ਇਸ ਤਰ੍ਹਾਂ ਦੇ ਬਹੁਤ ਸਾਰੇ ਲੋਕ ਇਕ ਵਾਰ ਫਿਰ ਜੇਐਨਯੂ ਨਾਲ ਨਫ਼ਰਤ ਕਰਨ ਲਗਦੇ ਹਨ ਤੇ ਨਕਾਬਪੋਸ਼ ਗੁੰਡਿਆਂ ਨੂੰ ਦੇਖ ਕੇ ਖੁਸ਼ ਹੋਣ ਲਗਦੇ ਹਨ। ਸੱਚ ਸੱਚ ਦਸੋ ਕੀ ਤੁਹਾਨੂੰ ਵਟਸਐਪ ਯੂਨੀਵਰਸਿਟੀ ਵਿਚ ਜੇਐਨਯੂ ਨੂੰ ਲੈ ਕੇ ਅਜਿਹੇ ਮੈਸੇਜ ਮਿਲੇ ਹਨ, ਜਿਸ ਵਿਚ ਜੇਐਨਯੂ ਨੂੰ ਜਿਹਾਦੀਆਂ ਦਾ ਅੱਡਾ ਦੱਸਿਆ ਜਾ ਰਿਹਾ ਹੈ ਤੇ ਬੰਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਦਰਸ਼ਕ ਦੇ ਲਈ ਇਹ ਸਮਾਂ ਇਮਤਿਹਾਨ ਦਾ ਹੈ। ਜਦ ਤੱਕ ਤੁਸੀਂ ਇਕ ਮੁੱਦੇ ਨੂੰ ਠੀਕ ਤਰ੍ਹਾਂ ਸਮਝ ਨਹੀਂ ਪਾਉਂਦੇ ਤਾਂ ਦੂਸਰੀ ਘਟਨਾ ਸਾਹਮਣੇ ਆ ਜਾਂਦੀ ਹੈ। ਤੁਸੀਂ ਪਹਿਲੇ ਵਾਲਾ ਛੱਡ ਦੂਸਰੇ ਵਾਲੇ ਮੁੱਦੇ ਵਿਚ ਉਲਝ ਜਾਂਦੇ ਹੋ, ਤਦ ਤੀਸਰਾ ਮਸਲਾ ਆ ਜਾਂਦਾ ਹੈ। ਇਸ ਲਈ ਨਾ ਤੁਸੀਂ ਘਟਨਾ ਸਮਝ ਸਕਦੇ ਹੋ ਤੇ ਨਾ ਹੀ ਘਟਨਾ ਪਿੱਛੇ ਲੁੱਕਿਆ ਸੱਚ ਸਮਝ ਪਾਉਂਦੇ ਹੋ। ਉਹੀ ਸਮਝਦੇ ਹੋ ਜੋ ਗੋਦੀ ਮੀਡੀਆ ਤੇ ਵਟਸਐਪ ਯੂਨੀਵਰਸਿਟੀ ਤੁਹਾਨੂੰ ਦੱਸਦੀ ਹੈ। ਕੁਝ ਸਮਾਂ ਪਹਿਲਾਂ ਐਤਵਾਰ ਦੌਰਾਨ ਜਾਮੀਆ ਦੀ ਲਾਇਬਰੇਰੀ ਵਿਚ ਪੁਲੀਸ ਦਾ ਹਮਲਾ ਹੋਇਆ ਤੇ ਬੀਤੇ ਐਤਵਾਰ ਨੂੰ ਹੀ ਜੇਐਨਯੂ ਦੇ ਹੋਸਟਲ ਵਿਚ ਹਮਲਾ ਹੋਇਆ। ਤੁਰੰਤ ਹੀ ਇਸ ਖ਼ਬਰ ਨੂੰ ਬੇਲੈਂਸ ਕੀਤਾ ਜਾਣ ਲੱਗਾ ਕਿ ਇਹ ਲੈਫਟ ਬਨਾਮ ਰਾਈਟ ਦਾ ਝਗੜਾ ਹੈ। ਨਕਾਬਪੋਸ਼ ਗਾਇਬ ਹੋ ਗਏ, ਉਹ ਅਜੇ ਤੱਕ ਗ੍ਰਿਫ਼ਤਾਰ ਨਹੀਂ ਹੋ ਸਕੇ। ਅਜਿਹੀ ਹੀ ਥਿਊਰੀ ਜਾਮੀਆ ਦੇ ਵਕਤ ਲਾਗੂ ਕੀਤੀ ਗਈ। ਤੁਸੀਂ ਜਾਮੀਆ ਵਿਚ ਚੱਲੀ ਗੋਲੀ ਨਾਲ ਜੁੜੀਆਂ ਖ਼ਬਰਾਂ ਦੇ ਹਵਾਲੇ ਨਾਲ ਇਸ ਥਿਊਰੀ ਦੀ ਗੇਮ ਨੂੰ ਸਮਝੋ। ਅਸੀਂ ਤੁਹਾਨੂੰ ਸਮਝਾਉਂਦੇ ਹਾਂ। 15 ਦਸੰਬਰ ਨੂੰ ਜਾਮੀਆ ਮਿਲੀਆ ਕੈਂਪਸ ਵਿਚ ਪੁਲੀਸ ਵੜਦੀ ਹੈ ਤੇ ਵਿਦਿਆਰਥੀਆਂ ਦੀ ਕੁੱਟਮਾਰ ਕਰਦੀ ਹੈ। 16 ਦਸੰਬਰ ਨੂੰ ਦਿੱਲੀ ਪੁਲੀਸ ਕਹਿੰਦੀ ਹੈ ਕਿ ਉਸ ਵੱਲੋਂ ਕੋਈ ਗੋਲੀ ਨਹੀਂ ਚਲਾਈ ਗਈ। ਉਸੇ ਦਿਨ ਨਿਰਪੱਖ ਮੀਡੀਏ ਵਲੋਂ ਰਿਪੋਰਟ ਆਉਂਦੀ ਹੈ ਕਿ ਤਿੰਨ ਲੋਕਾਂ ਨੂੰ ਗੋਲੀ ਲੱਗੀ ਹੈ। ਦੋ ਸਫਦਰਜੰਗ ਵਿਚ ਭਰਤੀ ਹਨ ਤੇ ਇਕ ਹੋਲੀ ਫੈਮਿਲੀ ਵਿਚ। ਅਗਲੇ ਦਿਨ 17 ਸਤੰਬਰ ਦੀ ਖਬਰ ਵਿਚ ਹੋਲੀ ਫੈਮਿਲੀ ਦੇ ਡਾਇਰੈਕਟਰ ਕਹਿੰਦੇ ਹਨ ਕਿ ਤਮੀਮ ਨੂੰ ਗੋਲੀ ਨਹੀਂ ਲੱਗੀ। ਇੰਡੀਅਨ ਐਕਸਪ੍ਰੈੱਸ ਵਿਚ ਖਬਰ ਛਪਦੀ ਹੈ ਕਿ ਦਿੱਲੀ ਪੁਲੀਸ ਹੁਣ ਮੰਨਦੀ ਹੈ ਕਿ ਗੋਲੀ ਚੱਲੀ ਹੈ, ਜਾਂਚ ਹੋਵੇਗੀ ਕਿ ਇਹ ਪੁਲੀਸ ਨੇ ਗੋਲੀ ਚਲਾਈ ਜਾਂ ਕਿਸੇ ਅਣਪਛਾਤੇ ਨੇ। 18 ਦਸੰਬਰ ਨੂੰ ਵੀਡੀਓ ਆਉਂਦਾ ਹੈ ਕਿ ਦੋ ਪੁਲੀਸ ਵਾਲੇ ਗੋਲੀ ਚਲਾ ਰਹੇ ਹਨ ਤੇ ਨਾਲ ਇਕ ਪੁਲੀਸ ਅਫ਼ਸਰ ਉਹਨਾਂ ਨੂੰ ਗੋਲੀ ਚਲਾਉਣ ਦਾ ਆਰਡਰ ਦੇ ਰਿਹਾ ਹੈ। ਇੰਡੀਅਨ ਐਕਸਪ੍ਰੈੱਸ ਦੀ ਖਬਰ ਛਪਦੀ ਹੈ ਕਿ ਪੁਲੀਸ ਨੇ ਕਿਹਾ ਹੈ ਕਿ ਉਸ ਨੇ ਗੋਲੀ ਨਹੀਂ ਚਲਾਈ, ਪਰ ਇਲਾਕੇ ਵਿਚ ਖਾਲੀ ਗੋਲੀਆਂ ਮਿਲੀਆਂ ਹਨ। 5 ਜਨਵਰੀ ਨੂੰ ਇੰਡੀਅਨ ਐਕਸਪ੍ਰੈੱਸ ਤੇ ਹੋਰ ਅਖਬਾਰਾਂ ਵਿਚ ਇਹ ਖਬਰ ਛਪਦੀ ਹੈ ਕਿ ਕੇਸ ਡਾਇਰੀ ਦੇ ਹਵਾਲੇ ਨਾਲ ਤਿੰਨ ਗੋਲੀਆਂ ਚੱਲੀਆਂ। ਦੋ ਪੁਲੀਸ ਵਾਲਿਆਂ ਨੇ ਚਲਾਈਆਂ ਤੇ ਉਹਨਾਂ ਨਾਲ ਹੀ ਐਸਪੀ ਰੈਂਕ ਦੇ ਅਫ਼ਸਰ ਸਨ। ਜਾਮੀਆ ਨੂੰ ਲੈ ਕੇ ਦਿੱਲੀ ਪੁਲੀਸ ਦਾ ਪਹਿਲੇ ਦਿਨ ਦਾਅਵਾ ਸੀ ਕਿ ਗੋਲੀ ਚੱਲੀ ਨਹੀਂ ਤੇ ਕਈ ਦਿਨ ਬੀਤਣ ਦੇ ਬਾਅਦ ਖਬਰ ਛਪਦੀ ਹੈ ਕਿ ਪੁਲੀਸ ਨੇ ਗੋਲੀ ਚਲਾਈ। ਯੂਨੀ-ਵਰਸਿਟੀ ਵਿਦਿਆਰਥੀਆਂ ’ਤੇ ਗੋਲੀ ਚੱਲਦੀ ਹੈ ਤੇ ਇਹ ਗੱਲ ਚਰਚਾ ਦਾ ਵਿਸ਼ਾ ਨਹੀਂ ਬਣਦੀ, ਕਿਉਂਕਿ ਇਸ ਦੀ ਥਾਂ ’ਤੇ ਦੂਸ-ਰੀਆਂ ਊਲ ਜਲੂਲ ਘਟਨਾਵਾਂ ਜਗ੍ਹਾ ਲੈ ਲੈਂਦੀਆਂ ਹਨ। ਇਸ ਵਾਰ ਜਦੋਂ ਜੇਐਨਯੂ ਦੇ ਵਿਦਿਆਰਥੀਆਂ ਉੱਪਰ ਹਮਲਾ ਹੋਇਆ ਤਾਂ ਗੋਦੀ ਮੀਡੀਆ ਇਹ ਖਬਰ ਚਲਾ ਰਿਹਾ ਕਿ ਜੇਐਨਯੂ ਵਿਚ ਲੈਫਟ ਦੇ ਗੁੰਡਿਆਂ ਨੇ ਹਮਲਾ ਕੀਤਾ ਹੈ। ਗੋਦੀ ਮੀਡੀਆ ਦੀ ਇਸ ਖਬਰ ’ਤੇ ਸੁਆਲ ਹੋਣਾ ਚਾਹੀਦਾ ਹੈ ਕਿ ਲੈਫਟ ਦੇ ਗੁੰਡੇ ਜੇਐਨਯੂ ਵਿਦਿਆਰਥੀ ਸੰਘ ਦੇ ਪ੍ਰਧਾਨ ਆਈਸੀ ਘੋਸ਼ ਨੂੰ ਮਾਰਨ ਦੇ ਲਈ ਨਕਾਬ ਪਾ ਕੇ ਆਉਣਗੇ? ਇਕ ਵੀਡੀਓ ਵਿਚ ਇਹ ਦਿਖਾਈ ਦੇ ਰਿਹਾ ਹੈ ਕਿ ਨਕਾਬਪੋਸ਼ ਗੁੰਡੇ ਅਰਾਮ ਨਾਲ ਰਾਡਾਂ ਲੈ ਕੇ ਜੇਐਨਯੂ ਤੋਂ ਟਹਿਲਦੇ ਹੋਏ ਬਾਹਰ ਆ ਰਹੇ ਹਨ ਤੇ ਨਾ ਹੀ ਉਹਨਾਂ ਨੂੰ ਜੇਐਨਯੂ ਗੇਟ ਦੀ ਸੁਰੱਖਿਆ ਰੋਕਦੀ ਹੈ ਤੇ ਨਾ ਹੀ ਦਿੱਲੀ ਪੁਲੀਸ। ਦੋਨਾਂ ਦੇ ਹੁੰਦੇ ਲੈਫਟ ਦੇ ਗੁੰਡੇ ਅਰਾਮ ਨਾਲ ਜਾ ਰਹੇ ਹਨ, ਜਿਨ੍ਹਾਂ ਨੂੰ ਸਰਕਾਰ ਸਮਰਥਕ ਨੇਤਾ ਲੈਫਟ ਅੱਤਵਾਦੀ ਆਖਦੀ ਹੈ। ਕੀ ਤੁਹਾਨੂੰ ਲਗਦਾ ਹੈ ਕਿ ਆਇਸ਼ੀ ਨੂੰ ਉਹਨਾਂ ਦੇ ਵਿਦਿਆਰਥੀ ਸੰਗਠਨ ਦੇ ਮੈਂਬਰਾਂ ਨੇ ਮਾਰਿਆ ਹੋਵੇਗਾ, ਉਸ ਦੇ ਸਿਰ ’ਤੇ 15 ਟਾਂਕੇ ਲੱਗੇ ਹਨ। ਇਹ ਸਹੀ ਹੈ ਕਿ ਜੇਐਨਯੂ ਕੈਂਪ ਵਿਚ ਹਮਲੇ ਤੋਂ ਦੋ ਤਿੰਨ ਦਿਨ ਪਹਿਲਾਂ ਤਣਾਅ ਦਾ ਮਾਹੌਲ ਸੀ। ਹੁਣ ਇਕ ਵੀਡੀਓ ਦਿਖਾਇਆ ਜਾ ਰਿਹਾ ਹੈ, ਜੋ ਦਿਨ ਦੇ ਵਕਤ ਦਾ ਹੈ। ਘਟਨਾ ਤੋਂ ਬਹੁਤ ਪਹਿਲਾਂ ਦਾ ਹੈ। ਇਸ ਵੀਡੀਓ ਫੁਟੇਜ ਨੂੰ ਲੈ ਕੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਨਕਾਬਪੋਸ਼ ਹਨ, ਲੈਫਟ ਦੇ ਗੁੰਡੇ ਹਨ। ਹੁਣ ਖੁਦ ਦੇਖੋ ਇਸ ਵੀਡੀਓ ਨੂੰ। ਇਸ ਵੀਡੀਓ ਵਿਚ ਜੋ ਵਿਦਿਆਰਥੀ ਦੌੜਦੇ ਨਜ਼ਰ ਆ ਰਹੇ ਹਨ, ਸਾਰੇ ਲੋਕਾਂ ਨੇ ਆਪਣਾ ਚਿਹਰਾ ਨਹੀਂ ਢੱਕਿਆ ਹੈ, ਕਈਆਂ ਦਾ ਚਿਹਰਾ ਦੇਖਿਆ ਜਾ ਸਕਦਾ ਹੈ। ਇਕ ਦੋ ਦੇ ਸਿਰ ’ਤੇ ਹੁਡੀ ਹੈ। ਚਾਰ ਪੰਜ ਨੇ ਮਫਰਲ ਨਾਲ ਚਿਹਰਾ ਢੱਕਿਆ ਹੈ। ਇਕ ਨੇ ਪੂਰੀ ਤਰ੍ਹਾਂ ਲਪੇਟਿਆ ਹੈ। ਕਿਸੇ ਨੇ ਨਕਾਬ ਨਹੀਂ ਪਾਇਆ ਹੈ। ਉਨ੍ਹਾਂ ਦੇ ਹੱਥਾਂ ਵਿਚ ਹਥਿਆਰ ਨਹੀਂ ਹਨ। ਆਇਸ਼ੀ ਦੇ ਹੱਥ ਵਿਚ ਹਥਿਆਰ ਨਹੀਂ ਹੈ। ਦੋਸ਼ ਹੈ ਕਿ ਇਨ੍ਹਾਂ ਦੇ ਨਾਲ ਆਇਸ਼ੀ ਘੋਸ਼ ਹੈ। ਇਸ ਤੋਂ ਸਾਬਤ ਨਹੀਂ ਹੁੰਦਾ ਕਿ ਸ਼ਾਮ ਦੇ ਹਮਲਾਵਰ ਇਹੀ ਹਨ? ਜਾਂ ਇਸ ਵਕਤ ਦੀ ਘਟਨਾ ਦਾ ਸ਼ਾਮ ਦੀ ਘਟਨਾ ਨਾਲ ਕੋਈ ਸੰਬੰਧ ਹੈ। ਜੇਕਰ ਇਹ ਹਮਲਾਵਰ ਸਨ ਤੇ ਲੈਫਟ ਦੇ ਸਨ ਤਾਂ ਜੇਐਨਯੂ ਪ੍ਰਸਾਸ਼ਣ ਤੇ ਪੁਲੀਸ ਨੇ ਕੰਟਰੋਲ ਕਿਉਂ ਨਹੀਂ ਕੀਤਾ? ਕੀ ਏਬੀਵੀਪੀ ਨੇ ਇਸ ਦੀ ਸ਼ਿਕਾਇਤ ਜੇਐਨਯੂ ਪ੍ਰਸ਼ਾਸ਼ਣ ਨੂੰ ਕੀਤੀ ਸੀ? ਕੀ ਹੁਣ ਕਿਹਾ ਜਾਏਗਾ ਕਿ ਆਇਸ਼ੀ ਘੋਸ਼ ਆਪਣੇ ਨਾਲ ਗੁੰਡੇ ਲੈ ਕੇ ਜਾ ਰਹੀ ਹੈ ਤਾਂ ਕਿ ਉਹ ਬਾਅਦ ਵਿਚ ਉਸ ਦਾ ਸਿਰ ਪਾੜ ਦੇਣ। ਇਕ ਟੀਚਰ ਦਾ ਸਿਰ ਭੰਨ ਦੇਣ। ਇਹ ਸਮੁੱਚੀ ਜਾਂਚ ਦਾ ਵਿਸ਼ਾ ਹੈ। ਸੁਆਲ ਇਹ ਹੈ ਕਿ ਨਕਾਬਪੋਸ਼ ਗੁੰਡੇ ਹਥਿਆਰਾਂ ਨਾਲ ਕਿਥੋਂ ਆਏ? ਇਸ ਸੁਆਲ ਨੂੰ ਹਟਾਉਣ ਦੇ ਲਈ ਕਿੰਨੀ ਮਿਹਨਤ ਕੀਤੀ ਜਾ ਰਹੀ ਹੈ। ਮੈਂ ਇਸ ਹਮਲੇ ਵਿਚ ਘਾਇਲ ਮਹਾਂ ਵਿਦਵਾਨ ਭੂਗੋਲ ਦੀ ਪ੍ਰੋਫੈਸਰ ਸੁਚਾਰਿਤਾ ਸੈਨ ਜੋ ਜੇਐਨਯੂ ਵਿਚ 1997 ਤੋਂ ਪੜ੍ਹਾ ਰਹੀ ਹੈ, ਨਾਲ ਗੱਲ ਕੀਤੀ। ਉਸ ਨੇ ਦੱਸਿਆ ਕਿ ਕੈਂਪਸ ਵਿਚ ਝਗੜਾ ਵਧ ਰਿਹਾ ਸੀ ਤਾਂ ਸ਼ਾਂਤੀ ਦੇ ਲਈ ਸਿਖਿਅਕ ਸੰਘ ਨੇ ਇਕ ਕਾਲ ਦਿੱਤੀ ਕਿ ਸਾਬਰਮਤੀ ਟੀ-ਪੁਆਇੰਟ ’ਤੇ ਜਮ੍ਹਾ ਹੋ ਕੇ ਸ਼ਾਂਤੀ ਦੇ ਲਈ ਅਪੀਲ ਕੀਤੀ ਜਾਵੇ ਤੇ ਹਿੰਸਾ ਦੀ ਨਿੰਦਾ ਕੀਤੀ ਜਾਵੇ। ਸਾਬਰਮਤੀ ਹੋਸਟਲ ਦਾ ਨਾਮ ਹੈ। ਉੱਥੇ ਤਕਰੀਬਨ 40 ਦੇ ਕਰੀਬ ਅਧਿਆਪਕ ਸਨ ਤੇ 200-300 ਵਿਦਿਆਰਥੀ ਸਨ। ਪ੍ਰੋ. ਸੈਨ ਨੇ ਦੇਖਿਆ ਭੀੜ ਸਾਹਮਣਿਓ ਆ ਰਹੀ ਹੈ। ਪ੍ਰੋ. ਸੈਨ ਤੇ ਔਰਤ ਪ੍ਰੋਫੈਸਰਾਂ ਨੇ ਤੈਅ ਕੀਤਾ ਕਿ ਅੱਗੇ ਜਾ ਕੇ ਘੇਰਾ ਬਣਾਉਂਦੇ ਹਾਂ ਤਾਂ ਕਿ ਕੋਈ ਹਮਲਾ ਨਾ ਕਰੇ। ਪਰ ਉਸ ਹਿੰਸਕ ਨਕਾਬਪੋਸ਼ ਭੀੜ ਨੇ ਉਨ੍ਹਾਂ ’ਤੇ ਹੱਲਾ ਬੋਲ ਦਿੱਤਾ। ਜੇਐਨਯੂ ਦੀ ਸੁਰੱਖਿਆ ਅਧਿਕਾਰੀਆਂ ਨੇ ਨਾ ਵਿਦਿਆਰਥੀਆਂ ਨੂੰ ਬਚਾਇਆ ਤੇ ਨਾ ਹੀ ਆਪਣੇ ਪ੍ਰੋਫੈਸਰਾਂ ਨੂੰ। ਵਾਈਸ ਚਾਂਸਲਰ ਨੇ ਇਸ ਘਟਨਾ ਦੀ ਗਿਣੇ ਮਿੱਥੇ ਸ਼ਬਦਾਂ ਵਿਚ ਨਿਖੇਧੀ ਕਰਕੇ ਆਪਣੀ ਜ਼ਿੰਮੇਵਾਰੀ ਪੂਰੀ ਕਰ ਲਈ। ਇਸ ਸੁਆਲ ਬਹੁਤ ਜ਼ਰੂਰੀ ਹੈ ਕਿ ਜੇਕਰ ਜੇਐਨਯੂ ਵਿਚ ਪੁਲੀਸ ਕੁਝ ਨਹੀਂ ਕਰ ਸਕੀ ਤਾਂ ਜੇਐਨਯੂ ਦੀ ਆਪਣੀ ਸੁਰੱਖਿਆ ਫੋਰਸ ਕਿੱਥੇ ਹੈ? ਘਟਨਾ ਦੇ ਦੌਰਾਨ ਕਿਸੇ ਗੁੰਡੇ ਨੂੰ ਕਿਉਂ ਨਹੀਂ ਫੜਿਆ ਗਿਆ। ਇਹ ਗੁੰਡੇ ਅਰਾਮ ਨਾਲ ਯੂਨੀਵਰਸਿਟੀ ਵਿਚੋਂ ਕਿੱਦਾ ਨਿਕਲ ਗਏ। ਕੀ ਤੁਹਾਨੂੰ ਪਤਾ ਹੈ ਕਿ ਜੇਐਨਯੂ ਦੀ ਲਾਇਬਰੇਰੀ ਦਾ ਬਜਟ 4 ਕਰੋੜ ਹੈ ਤੇ ਸੁਰੱਖਿਆ ਦਾ ਬਜਟ 2017-18 ਦੇ ਅਨੁਸਾਰ 17-18 ਕਰੋੜ ਹੈ।

ਜੇਐਨਯੂ ਵਿਚ ਦਿੱਲੀ ਪੁਲੀਸ ਅੰਦਰ ਹੁੰਦੇ ਹੋਏ ਵੀ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਦਾ ਇਤਜ਼ਾਰ ਕਰਦੀ ਰਹੀ। ਨਕਾਬਪੋਸ਼ ਆਏ ਤੇ ਫਰਾਰ ਹੋ ਗਏ। ਕੀ ਤੁਸੀਂ ਇਸ ਲੁਕਵੇ ਏਜੰਡੇ ਨੂੰ ਸਮਝ ਸਕਦੇ ਹੋ? ਜਿਸ ਲੜਕੀ ਨੇ ਚਿਹਰੇ ’ਤੇ ਨਕਾਬ ਪਾਇਆ ਹੋਇਆ ਹੈ, ਉਸ ਦੇ ਹੱਥ ਵਿਚ ਤਖਤੀ ਦਾ ਟੁਕੜਾ ਹੈ, ਕਲੋਜ਼ਅੱਪ ਕਰੋ ਚਿਹਰਾ ਸਾਫ ਨਜ਼ਰ ਆ ਜਾਂਦਾ ਹੈ, ਪਰ ਪੁਲੀਸ ਅਜੇ ਤੱਕ ਪਤਾ ਨਹੀਂ ਲਗਾ ਸਕੀ ਕਿ ਇਹ ਕੌਣ ਹੈ? ਸ਼ੋਸ਼ਲ ਮੀਡੀਆ ਵਿਚ ਇਸ ਸੰਬੰਧ ਵਿਚ ਏਬੀਵੀਪੀ ਨਾਲ ਸੰਬੰਧ ਦੱਸਣ ਵਾਲੇ ਕੀ ਮੈਸੇਜ ਚਲ ਰਹੇ ਹਨ। ਕੀ ਪੁਲੀਸ ਨੂੰ ਇਸ ਬਾਰੇ ਵੀ ਪਤਾ ਨਹੀਂ ਹੈ? ਜਿਹੜੇ ਰਾਡਾਂ ਲੈ ਕੇ ਏਬੀਵੀਪੀ ਦੇ ਲੋਕ ਸਾਫ-ਸਾਫ ਦਿਖ ਰਹੇ ਹਨ, ਜਿਨ੍ਹਾਂ ’ਤੇ ਦੋਸ਼ ਲਗ ਰਹੇ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ? ਇਕ ਦਾ ਨਾਮ ਵਿਕਾਸ ਪਟੇਲ ਦੱਸਿਆ ਜਾ ਰਿਹਾ ਹੈ, ਉਹ ਏਬੀਵੀਪੀ ਦਾ ਅਹਿਮ ਮੈਂਬਰ ਹੈ। ਪਿਛਲੇ ਸਾਲ ਇਹ ਜੇਐਨਯੂ ਦਾ ਸੀਨੀਅਰ ਮੀਤ ਪ੍ਰਧਾਨ ਸੀ। ਹੁਣ ਇਹ ਜੇਐਨਯੂ ਦਾ ਸਾਬਕਾ ਵਿਦਿਆਰਥੀ ਹੈ। ਰਾਡ ਦੇ ਨਾਲ ਖਲੌਤਾ ਹੈ। ਇਸ ਦੀ ਤਸਵੀਰ ਨੂੰ ਜ਼ੂਮ ਕਰੋ, ਉਸ ਨੇ ਨੀਲੇ ਤੇ ਪੀਲੇ ਰੰਗ ਦੀ ਸਵੈਟ ਸ਼ਰਟ ਪਹਿਨੀ ਹੋਈ ਹੈ। ਇਹ ਕਈ ਤਸਵੀਰਾਂ ਵਿਚ ਦਿੱਖਦਾ ਹੈ। ਏਬੀਵੀਪੀ ਦੂਸਰੇ ਪਾਸੇ ਦੱਸ ਰਹੀ ਹੈ ਕਿ ਉਹ ਇਸ ਹਮਲੇ ਵਿਚ ਸ਼ਾਮਲ ਨਹੀਂ ਹੈ। ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਬੀਤੇ ਐਤਵਾਰ ਬਹੁਤ ਸਾਰੇ ਵਟਸਐਪ ਗਰੁੱਪ ਦੇ ਸਕਰੀਨ ਸ਼ਾਟ ਘੁੰਮਣ ਲੱਗੇ। ਇਨ੍ਹਾਂ ਵਿਚ ਇਕ ਗਰੁੱਪ ਹੈ ’ਫਰੈਂਡਜ਼ ਆਫ਼ ਆਰਐਸਐਸ’ ਦੂਸਰਾ ਗਰੁੱਪ ਹੈ ’ਯੂਨਿਟੀ ਅਗੇਂਸਟ ਲੈਫਟ’। ਇਹਨਾਂ ਮੈਸੇਜਾਂ ਦੀ ਜਦ ਪੜਤਾਲ ਕੀਤੀ ਗਈ ਤਾਂ ਇਨ੍ਹਾਂ ਦੀ ਗੱਲਬਾਤ ਦਸ ਰਹੀ ਸੀ ਕਿ ਜੇਐਨਯੂ ’ਤੇ ਬਾਹਰੀ ਹਮਲੇ ਦੀ ਸਾਜ਼ਿਸ਼ ਰਚੀ ਗਈ ਸੀ। ਸਮਾਂ ਸਾਢੇ ਪੰਜ ਵਜੇ ਦਾ ਹੈ, ਜਦ ਯੋਗੇਂਦਰ ਸ਼ੋਰੀਆ ਇਕ ਲਿੰਕ ਪਾਉਂਦਾ ਹੈ ਕਿ ਇਸ ਗਰੁੱਪ ਵਿਚ ਸ਼ਾਮਲ ਹੋ ਕੇ ਲੈਫਟ ਟੇਰਰ ਦੇ ਖਿਲਾਫ਼ ਇਕਜੁਟ ਹੋਵੋ। ਫਿਰ ਤਿੰਨ ਮਿੰਟ ਬਾਅਦ 5.35 ਮਿੰਟ ’ਤੇ ਮੈਸੇਜ ਭੇਜਦਾ ਹੈ ਕਿ ਹੁਣ ਪਕੜ ਕੇ ਇਨ੍ਹਾਂ ਲੋਕਾਂ ਨੂੰ ਗੋਲੀ ਮਾਰਨੀ ਚਾਹੀਦੀ ਹੈ। 5.39 ਮਿੰਟ ’ਤੇ ਵਿਕਾਸ ਪਟੇਲ ਦਾ ਮੈਸੇਜ ਆਉਂਦਾ ਹੈ ਕਿ ਦਿੱਲੀ ਯੂਨੀਵਰਸਿਟੀ ਦੇ ਲੋਕਾਂ ਐਂਟਰੀ ਤੁਸੀਂ ਖਜ਼ਾਨ ਸਿੰਘ ਸਵੀਮਿੰਗ ਸਾਈਡ ਤੋਂ ਕਰਵਾਓ। ਅਸੀਂ ਲੋਕ 25-30 ਹਾਂ। ਯੋਗੇਂਦਰ ਸ਼ੋਰੀਆ ਭਾਰਦਵਾਜ ਵੀ ਏਬੀਵੀਪੀ ਨਾਲ ਜੁੜਿਆ ਹੋਇਆ ਹੈ, ਜਿਸ ਨੇ ਟਵਿੱਟਰ ਤੇ ਫੇਸਬੁਕ ਪ੍ਰੋਫਾਈਲ ਹੁਣ ਡਲੀਟ ਕਰ ਦਿੱਤੀ ਹੈ। ਖਜ਼ਾਨ ਸਿੰਘ ਸਵੀਮਿੰਗ ਸਾਈਡ ਤੋਂ ਐਂਟਰੀ ਦੀ ਗੱਲ ’ਤੇ ਸੰਦੀਪ ਸਿੰਘ ਕਹਿੰਦੇ ਹਨ ਕਿ ਮਾਲ ਗੇਟ ਵੀ ਹੈ, ਜਿਸ ਦਾ ਜੁਆਬ ਆਉਂਦਾ ਹੈ, ਯੋਗੇਂਦਰ ਸ਼ੋਰੀਆ ਦਾ ਆਈਸੀ ਐਸਐਸਆਰ ਤੋਂ ਵੀ ਐਂਟਰੀ ਹੈ। ਸੰਦੀਪ ਪੀਐਚਡੀ ਦਾ ਵਿਦਿਆਰਥੀ ਹੈ। ਸੰਦੀਪ ਨੇ ਪ੍ਰੋਫਾਈਲ ਡਿਲੀਟ ਨਹੀਂ ਕੀਤੀ। ਦਿੱਲੀ ਪੁਲੀਸ ਦੇ ਪ੍ਰਤੀਨਿਧ ਮਨਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਐਤਵਾਰ ਸ਼ਾਮ ਜੇਐਨਯੂ ਵਿਚ ਕੁੱਲ 34 ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਸੱਟਾਂ ਲੱਗੀਆਂ ਤੇ ਸਾਰਿਆਂ ਨੂੰ ਸੋਮਵਾਰ ਡਿਸਚਾਰਜ ਕਰ ਦਿੱਤਾ। ਹੁਣ ਏਬੀਵੀਪੀ ਦਾਅਵਾ ਕਰਦੀ ਹੈ ਕਿ ਉਸ ਦੇ 25 ਤੋਂ ਜ਼ਿਆਦਾ ਵਿਦਿਆਰਥੀ ਘਾਇਲ ਹੋਏ ਹਨ ਤਾਂ ਕੀ ਸਾਰੇ ਵਿਦਿਆਰਥੀ ਏਬੀਵੀਪੀ ਦੇ ਹਨ?

ਆਸ ਹੈ ਕਿ ਏਬੀਵੀਪੀ ਆਪਣੇ 25 ਘਾਇਲ ਵਿਦਿਆਰਥੀਆਂ ਨੂੰ ਮੀਡੀਆ ਸਾਹਮਣੇ ਪੇਸ਼ ਕਰੇਗੀ। ਇੱਥੇ ਜ਼ਿਕਰਯੋਗ ਹੈ ਕਿ ਏਬੀਵੀਪੀ ਨੇ ਆਪਣੀ ਪ੍ਰੈੱਸ ਰਿਲੀਜ਼ ਵਿਚ ਕਿਹਾ ਸੀ ਕਿ ਹਮਲਾਵਰ ਖੱਬੇ ਪੱਖੀ ਵਿਦਿਆਰਥੀ ਸੰਗਠਨਾਂ ਨਾਲ ਜੁੜੇ ਹੋਏ ਸਨ, ਜਿਸ ਕਾਰਨ ਏਬੀਵੀਪੀ ਦੇ ਵਰਕਰ ਜ਼ਖ਼ਮੀ ਹੋ ਗਏ। ਥੀਮ ਐਂਡ ਥਿਊਰੀ ਦੇ ਨਾਮ ’ਤੇ ਜੇਐਨਯੂ ਦੇ ਮਾਮਲੇ ਨੂੰ ਉਲਝਾਇਆ ਜਾ ਰਿਹਾ ਹੈ। ਯੋਗੇਂਦਰ ਯਾਦਵ ਦੇ ਨਾਲ ਵੀ ਬਹੁਤ ਬੁਰਾ ਹੋਇਆ। ਯੋਗੇਂਦਰ ਏਸੀ ਕਮਰੇ ਵਾਲੇ ਬੁੱਧੀਜੀਵੀ ਨਹੀਂ ਹਨ। ਜਾਮੀਆ ਦੇ ਵਕਤ ਵੀ ਯੋਗੇਂਦਰ ਨੇ ਆਪਣੀ ਜ਼ਿੰਮੇਵਾਰੀ ਸਮਝੀ ਤੇ ਉੱਥੇ ਤੁਰੰਤ ਗਏ। ਉਹ ਜੇਐਨਯੂ ਦੀ ਖਬਰ ਸੁਣਦੇ ਹੋਏ ਆਏ। ਕੀ ਤੁਹਾਨੂੰ ਲਗਦਾ ਹੈ ਕਿ ਲੈਫਟ ਦੇ ਵਿਦਿਆਰਥੀ ਯੋਗੇਂਦਰ ਨੂੰ ਮਾਰ ਰਹੇ ਹਨ?







# ਬਾਬਾ ਸੋਹਣ ਸਿੰਘ ਭਕਨਾ : ਗਦਰ ਪਾਰਟੀ ਦੇ ਸੰਸਥਾਪਕ



ਕਰਨਬੀਰ ਸਿੰਘ
91-98888-18301

27 ਨਵੰਬਰ 1916 ਦਾ 'ਮੌਰਨਿੰਗ ਉਰੇਗੌਨੀਅਨ' ਅਖਬਾਰ ਆਪਣੇ ਪਹਿਲੇ ਪੰਨੇ ਤੇ 21 ਫਰਵਰੀ 1915 ਨੂੰ ਅਸਫਲ ਹੋ ਚੁੱਕੇ ਗਦਰ ਅੰਦੋਲਨ ਦੇ ਘਟਨਾਕ੍ਰਮ ਬਾਰੇ ਵੇਰਵਾ ਇਸ ਤਰਾਂ ਦਿੰਦਾਂ ਹੈ- ਉਪੰਜਾਬ ਦਾ ਵਿਦਰੋਹ ਬੁਰੀ ਤਰਾਂ ਕੁਚਲ ਦਿੱਤਾ ਗਿਆ ਹੈ। ਹਰਦਿਆਲ ਜਲਾਵਤਨ ਹੋ ਗਿਆ ਹੈ। ਪੋਰਟਲੈਂਡ ਅਤੇ ਸੇਂਟ ਜੌਨਸ ਦੇ ਨਾਮ ਇਸ ਵਿਦਰੋਹ ਦੀ ਪਿੱਠਭੂਮੀ ਵਿੱਚ ਸ਼ਾਮਿਲ ਹਨ। ਜਰਮਨੀ 'ਤੇ ਕ੍ਰਾਂਤੀਕਾਰੀਆਂ ਦੀ ਸਹਾਇਤਾ ਕਰਨ ਦਾ ਦੋਸ਼ ਲੱਗਿਆ ਹੈ। ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਬੈਠੇ ਕ੍ਰਾਂਤੀਕਾਰੀ ਅਜੇ ਵੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਪ੍ਰਚਾਰ ਕਰ ਰਹੇ ਹਨ ਅਤੇ ਉਨ੍ਹਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਇਸੇ ਹੀ ਬਿਰਤਾਂਤ ਵਿੱਚ ਇਹ ਦੱਸਿਆ ਜਾਦਾਂ ਹੈ ਕਿ ਸੋਹਣ ਸਿੰਘ ਜੋ ਕਿ ਲਿੰਟਨ ਤੋਂ ਸਨ ਨੂੰ ਫਾਂਸੀ ਦੇ ਦਿੱਤੀ ਗਈ ਹੈ।

ਅਮਰੀਕਾ ਦੇ ਉਰੇਗਾਨ ਸਟੇਟ ਤੋਂ ਛਪਣ ਵਾਲਾ ਇਹ ਅਖਬਾਰ ਲਗਭਗ ਦੋ ਸਾਲ ਬਾਅਦ ਬਾਬਾ ਸੋਹਣ ਸਿੰਘ ਭਕਨਾ ਬਾਰੇ ਲਿਖ ਰਿਹਾ ਸੀ। ਬਾਬਾ ਜੀ ਅਮਰੀਕਾ ਤੋਂ ਵਾਪਿਸ ਆਉਂਦੇ ਹੋਏ 24 ਅਕਤੂਬਰ, 1914 ਨੂੰ ਕੱਲਕੱਤੇ ਦੀ ਬੰਦਰਗਾਹ ਤੇ ਗ੍ਰਿਫਤਾਰ ਕਰ ਲਏ ਗਏ ਸਨ। ਉਨ੍ਹਾਂ ਨੂੰ 1915 ਵਿੱਚ ਕਰਤਾਰ ਸਿੰਘ ਸਰਾਭੇ ਸਮੇਤ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਪਰ ਬਾਅਦ ਵਿੱਚ ਇਹ ਸਜ਼ਾ ਉਮਰ ਕੈਦ ਵਿੱਚ ਤਬਦੀਲ ਹੋ ਗਈ ਸੀ।

ਇਸ ਤਰਾਂ ਦੇ ਹੋਰ ਵੀ ਬਹੁਤ ਸਾਰੇ ਅਤੀਤ ਦੇ ਦਸਤਾਵੇਜ਼ ਹਨ ਜਿਹੜੇ ਅਜੇ ਤੱਕ ਵਰਤਮਾਨ ਦੀਆਂ ਬਰੂਹਾਂ ਤੱਕ ਨਹੀਂ ਪਹੁੰਚੇ। ਇਹ ਮੀਲ ਦੇ ਪੱਥਰ ਇਤਿਹਾਸਿਕ ਦਸਤਾਵੇਜ਼, ਉਮਰਾਂ ਲੰਘਾਂ ਕੇ ਵੀ ਸਮੇਂ ਦੇ ਉਸੇ ਦੌਰ ਵਿੱਚ ਬੈਠੇ ਹਨ, ਜਿਥੋਂ ਇੰਨ੍ਹਾਂ ਦੀ ਸ਼ੁਰੂਆਤ ਹੋਈ ਸੀ।

ਬਚਪਨ ਤੋਂ ਹੀ ਇਹ ਪੜ੍ਹਦੇ ਆਏ ਹਾਂ ਕਿ ਸੋਹਣ ਸਿੰਘ ਭਕਨਾ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਸਨ। ਪਰ ਹਕੀਕਤ ਇਹ ਹੈ ਕਿ ਸੋਹਣ ਸਿੰਘ ਹੀ ਗਦਰ ਪਾਰਟੀ ਦੇ ਸੰਸਥਾਪਕ ਅਤੇ ਬਾਨੀ ਪ੍ਰਧਾਨ ਸਨ। 1913 ਵਿੱਚ ਗਦਰ ਪਾਰਟੀ ਦੀ ਸਥਾਪਨਾ ਹੁੰਦੀ ਹੈ। ਇਹ ਕੋਈ ਅਚਾਨਕ ਜਾਂ ਆਪ ਮੁਹਾਰੇ ਵਾਪਰੀ ਘਟਨਾ ਨਹੀਂ ਸੀ ਸਗੋਂ ਇਸਦਾ ਕਾਰਣ ਮਗਰਲੇ ਦਸ ਸਾਲਾਂ ਦੇ ਪਿਛੋਕੜ ਵਿੱਚ ਛੁਪੇ ਰਾਜਨੀਤਕ ਤੇ ਆਰਥਿਕ ਘਟਨਾਕ੍ਰਮ ਸਨ ਜਿਹੜੇ ਅਮਰੀਕਾ ਤੇ ਕਨੇਡਾ ਦੀ ਧਰਤੀ ਤੇ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਨੇ ਅੱਖੀਂ ਵੇਖੇ ਅਤੇ ਪਿੰਡੇ ਹੰਢਾਏ ਸਨ। ਇੰਨ੍ਹਾ ਸਾਰੇ ਹਾਲਾਤਾਂ ਨੂੰ ਬਾਬਾ ਜੀ ਆਪਣੀਆਂ ਰਚਨਾਵਾਂ ਜੀਵਨ ਸੰਗਰਾਮ ਅਤੇ ਮੇਰੀ ਰਾਮ ਕਹਾਣੀ ਵਿੱਚ ਇਤਿਹਾਸਿਕ ਹਵਾਲਿਆਂ ਸਮੇਤ ਬਿਆਨ ਕਰਦੇ ਹਨ।ਮੇਰੀ ਰਾਮ ਕਹਾਣੀ ਬਾਬਾ ਜੀ ਨੇ 1929-30 ਵਿੱਚ ਜ੍ਹੇਲ ਵਿੱਚ ਲਿਖੀ ਸੀ ਜਿਹੜੀ ਬਾਅਦ ਵਿੱਚ ਅਕਾਲੀ ਤੇ ਪ੍ਰਦੇਸੀ ਅਖਬਾਰ ਵਿੱਚ ਕਿਸ਼ਤਵਾਰ ਰੂਪ ਵਿੱਚ ਛਪਦੀ ਰਹੀ। ਜੇਲ ਦੀ ਬੰਦ ਕੋਠੜੀ ਵਿੱਚ ਲਿਖੀ ਗਈ ਬਾਬਾ ਜੀ ਦੀ ਮੇਰੀ ਰਾਮ ਕਹਾਣੀ ਇਕ ਅਜਿਹਾ ਪ੍ਰਮਾਣਿਕ ਇਤਿਹਾਸਿਕ ਦਸਤਾਵੇਜ਼ ਹੈ ਜਿਹੜਾ ਗਦਰ ਪਾਰਟੀ ਦੀ ਸਥਾਪਨਾ, ਵਿਚਾਰਧਾਰਾ, ਸਫਲਤਾ-ਅਸਫਲਤਾ ਨੂੰ ਪ੍ਰਚਾਰੀਆਂ ਗਈਆਂ ਧਾਰਨਾਵਾਂ ਨਾਲੋਂ ਨਿਖੇੜਦਾ ਹੈ।ਇਹ ਇਤਿਹਾਸ ਦੇ ਹਰ ਉਸ ਪੈਮਾਨੇ ਤੇ ਖਰਾ ਉਤਰਦਾ ਹੈ ਜਿਹੜਾ ਤੱਥਾਂ ਤੇ ਅਧਾਰਿਤ ਇਤਿਹਾਸ ਨੂੰ ਹੀ ਸਹੀ ਇਤਿਹਾਸ ਮੰਨਦਾ ਹੈ।

ਤੇ ਇਹ ਸਾਰੀ ਰਚਨਾ ਬਾਬਾ ਜੀ ਕੇਵਲ ਆਪਣੀ ਯਾਦਸ਼ਕਤੀ ਦੇ ਸਹਾਰੇ ਜ੍ਹੇਲ ਵਿੱਚ ਬਿਨਾਂ ਕਿਸੇ ਸਰੋਤ ਦੀ ਮਦਦ ਤੋਂ ਗੁਪਤ ਤਰੀਕੇ ਨਾਲ ਲਿਖਦੇ ਹਨ।

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਆਪਣੇ ਨਾਨਕੇ ਪਿੰਡ ਖੁਤਰਾਏ ਖੁਰਦ, ਗੁਰੂ ਕਾ ਬਾਗ ਨੇੜੇ ਅੰਮ੍ਰਿਤਸਰ ਵਿੱਚ 1870 ਦੇ ਆਰੰਭਿਕ ਦਿਨਾਂ ਵਿੱਚ ਹੋਇਆ। ਪ੍ਰਚਲਿਤ ਰਵਾਇਤ ਮੁਤਬਿਕ ਉਨ੍ਹਾਂ ਦਾ ਜਨਮ ਦਿਨ 4 ਜਨਵਰੀ ਨੂੰ ਮਨਾਇਆ ਜਾਦਾਂ ਹੈ। ਪਿਤਾ ਸ. ਕਰਮ ਸਿੰਘ 65 ਏਕੜ ਜ਼ਮੀਨ ਦੇ ਇਕਲੌਤੇ ਵਾਰਿਸ ਸਨ। ਉਨ੍ਹਾਂ ਦਾ ਪਹਿਲਾ ਵਿਆਹ ਹਰ ਕੌਰ ਨਾਲ ਹੋਇਆ ਸੀ। ਕੋਈ ਔਲਾਦ ਨਾ ਹੋਣ ਕਰਕੇ ਹਰ ਕੌਰ ਨੇ ਆਪ ਹੀ ਆਪਣੀ ਸਕੀਰੀ ਵਿੱਚੋਂ ਸਾਕ ਲਿਆਦਾਂ ਤੇ ਉਨ੍ਹਾਂ ਦਾ ਦੂਸਰਾ ਵਿਆਹ ਕਰਵਾਇਆ। ਸੋਹਣ ਸਿੰਘ, ਮਾਤਾ ਰਾਮ ਕੌਰ ਦੀ ਕੁੱਖੋਂ ਪੈਦਾ ਹੋਏ ਸਨ।ਆਪਣੀ ਜੀਵਨੀ ਵਿੱਚ ਉਹ ਲ਼ਿਖਦੇ ਹਨ ਕਿ ਮੈਂ ਭਾਗਾਂ ਵਾਲਾ ਸਾਂ ਜਿਸਨੂੰ ਦੋ ਮਾਵਾਂ ਦਾ ਪਿਆਰ ਮਿਲਿਆ।

ਹਾਲੇ ਸੋਹਣ ਸਿੰਘ ਮਸਾਂ ਇਕ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਜੀ ਦੀ ਮੌਤ ਹੋ ਗਈ। ਦੋ ਮਾਵਾਂ ਦੇ ਲਾਡ ਪਿਆਰ ਨੇ ਬਾਲ ਸੋਹਣ ਸਿੰਘ ਨੂੰ ਖੇਡਣ-ਮੱਲਣ, ਕੁਸ਼ਤੀਆਂ ਕਰਨ, ਘੋੜਿਆਂ ਦੇ ਸ਼ੌਕ ਤੋਂ ਹੀ ਬਾਹਰ ਨਾ ਆਉਣ ਦਿੱਤਾ। 15-16 ਸਾਲ ਦੀ ਉਮਰ ਵਿੱਚ ਲਾਹੌਰ ਦੇ ਪਿੰਡ ਜੰਡਿਆਲੇ ਦੇ ਵਸਨੀਕ ਖੁਸ਼ਹਾਲ ਸਿੰਘ ਹੁਰਾਂ ਦੀ ਪੁੱਤਰੀ ਬਿਸ਼ਨ ਕੌਰ ਨਾਲ ਵਿਆਹ ਹੋਇਆ ਪਰ ਪਰਿਵਾਰਿਕ ਜਿੰਮੇਵਾਰੀਆਂ ਤੋਂ ਲਾਪਰਵਾਹ ਹੀ ਰਹੇ। ਜ਼ਮੀਨ ਜਾਇਦਾਦ ਕਾਰਣ ਪੈਸੇ ਵਲੋਂ ਹੱਥ ਖੁੱਲਾ ਰਿਹਾ। ਖਾਣ ਪੀਣ ਵਾਲੇ ਚਾਰੂ ਯਾਰਾਂ ਦੀਆਂ ਮਹਿਫਲਾਂ ਸੋਹਣ ਸਿੰਘ ਆਮ ਲਗਾਇਆ ਕਰਦਾ ਸੀ। ਆਲਮ ਇਹ ਸੀ ਕਿ ਪੁਲਿਸ ਦੀ ਪਕੜ੍ਹ ਤੋਂ ਡਰਨ ਵਾਲੇ ਚੋਰ-ਡਾਕੂ ਵੀ ਸੋਹਣ ਸਿੰਘ ਦੀ ਪਨਾਹ ਮੰਗਦੇ ਸਨ। ਆਲੇ ਦੁਆਲੇ ਦੇ ਪਿੰਡਾਂ ਵਿੱਚ ਗੱਲਾਂ ਹੁੰਦੀਆਂ ਸਨ ਕਿ ਕਰਮ ਸਿੰਘ ਦੇ ਪੁੱਤ ਨੇ ਸ਼ੇਰਗਿੱਲਾਂ ਦੀ ਨੱਕ ਵਢਾ ਦਿੱਤੀ ਹੈ। ਸ਼ਿਕਾਰ ਦੇ ਸ਼ੌਕ, ਤਵਾਇਫਾਂ ਦੀਆਂ ਮਹਿਫਲਾਂ ਵਿੱਚ ਜਾਣਾ ਅਤੇ ਚੋਰ ਯਾਰਾਂ ਦੇ ਖਰਚਿਆਂ ਨੇ ਸੋਹਣ ਸਿੰਘ ਦੀ ਅੱਧੀ ਜ਼ਮੀਨ ਗਹਿਣੇ ਕਰਵਾ ਦਿੱਤੀ।ਦੋਵੇਂ ਮਾਵਾਂ ਤੇ ਪਤਨੀ ਬੇਬੱਸ ਹੋ ਕੇ ਇਸ ਉਜਾੜੇ ਦਾ ਮੂਕ ਦਰਸ਼ਕ ਬਣ ਕੇ ਤਮਾਸ਼ਾ ਵੇਖਦੀਆਂ ਸਨ।

1897 ਵਿੱਚ ਜੇਠ ਦੇ ਮਹੀਨੇ ਦੀ ਇਕ ਸਵੇਰ ਨੂੰ ਇਕ ਘਟਨਾ ਵਾਪਰੀ ਜਿਸਦੇ ਕਾਰਣ ਸੋਹਣ ਸਿੰਘ ਦੇ ਜੀਵਨ ਵਿੱਚ ਇਕ ਸਾਰਥਿਕ ਮੋੜ ਆਇਆ। ਮੁਹਾਵੇ ਵਾਲੇ ਨਾਮਧਾਰੀ ਬਾਬਾ ਕੇਸਰ ਪਿੰਡ ਵਿੱਚ ਇਕ ਜਗ੍ਹਾ ਕਥਾ ਕਰ ਰਹੇ ਸਨ। ਸੋਹਣ ਸਿੰਘ ਗਲੀ ਵਿੱਚੋਂ ਲੰਘ ਰਿਹਾ ਸੀ। ਸ਼ਬਦਾਂ ਦੀ ਅਵਾਜ਼ ਦੀ ਮਧੁਰਤਾ ਸੁਣਕੇ ਸੋਹਣ ਸਿੰਘ ਅੰਦਰ ਜਾ ਕੇ ਸੁਣਨ ਲੱਗ ਪਿਆ। ਸਮਾਪਤੀ ਹੋਈ ਤਾਂ ਬਾਬਾ ਕੇਸਰ ਨੂੰ ਆਪਣੇ ਘਰ ਰਾਤ ਦੇ ਖਾਣੇ ਦਾ ਸੱਦਾ ਦੇ ਆਇਆ। ਪਿੰਡ ਵਾਲੇ ਹੈਰਾਨ ਸਨ ਪਰ ਘਰ ਦੀਆਂ ਔਰਤਾਂ ਨੂੰ ਚਾਅ ਚੜ੍ਹ ਗਿਆ। ਬਾਬਾ ਕੇਸਰ ਨੇ ਰਾਤ ਦਾ ਦੀਵਾਨ ਲਾਇਆ, ਖਾਣਾ ਖਾਧਾ ਤੇ ਸੌਂ ਗਏ। ਘਰ ਦੀਆਂ ਔਰਤਾਂ ਨੇ ਸੋਹਣ ਸਿੰਘ ਦੀਆਂ ਆਦਤਾਂ ਬਾਰੇ ਦੱਸਿਆ ਤਾਂ ਸਵੇਰੇ ਜਾਣ ਲੱਗਿਆ ਬਸ ਇੰਨਾਂ ਕਹਿ ਗਏ ਕਿ ਪੁੱਤਰਾ ਜੋ ਕਰਨਾ ਕਰੀਂ ਜਾ, ਪਰ ਕਦੇ-ਕਦੇ ਡੇਰੇ ਤੇ ਫੇਰਾ ਮਾਰਨ ਆ ਜਾਇਆ ਕਰੀਂ।



ਸੋਹਣ ਸਿੰਘ ਨੂੰ ਮੁਰਸ਼ਦ ਮਿਲ ਗਿਆ।ਭਕਨੇ ਤੋਂ ਮੁਹਾਵਾ ਦੋ ਕੋਹਾਂ ਦੀ ਵਾਟ ਤੋਂ ਥੌੜਾ ਜਿਆਦਾ ਸੀ। ਆਉਣਾ ਜਾਣਾ ਤੇ ਕਥਾ ਸੁਣਨਾ ਨੇਮ ਬਣ ਗਿਆ। ਪੁਰਾਣੇ ਸੰਗੀ ਸਾਥੀਆਂ ਤੋਂ ਵੀ ਹੌਲੀ-ਹੌਲੀ ਕਿਨਾਰਾ ਕਰ ਲਿਆ। ਬਾਬਾ ਕੇਸਰ ਦੀ ਸਖਸ਼ੀਅਤ ਦੀ ਪੁੱਠ ਨੇ ਸੋਹਣ ਸਿੰਘ ਨੂੰ ਧੁਰ ਅੰਦਰ ਤੱਕ ਬਦਲ ਦਿੱਤਾ। ਮਹਿਫਲਾਂ ਲਗਾਉਣ ਵਾਲਾ ਡੇਰੇ ਦੇ ਸਤਿਸੰਗਾਂ ਦੀ ਲੰਗਰ ਦੀ ਸੇਵਾ ਦਾ ਜਿੰਮਾਂ ਆਪਣੇ ਸਿਰ ਲੈਣ ਲਗ ਪਿਆ। ਆਪਣੇ ਖੇਤਾਂ ਵਿੱਚ ਆਪ ਹੱਲ ਚਲਾਉਣ ਲੱਗ ਪਿਆ। ਨਾਮਧਾਰੀ ਬਾਬਾ ਰਾਮ ਸਿੰਘ ਤੇ ਕੂਕਿਆਂ ਦੀਆਂ ਕੁਰਬਾਨੀਆਂ ਤੋ ਪ੍ਰਭਾਵਿਤ ਹੋਇਆ ਸੋਹਣ ਸਿੰਘ ਸਮਕਾਲ ਦੇ ਅੰਗਰੇਜ਼ ਪ੍ਰਬੰਧ ਦੇ ਸ਼ੋਸ਼ਣ ਕਰਨ ਵਾਲੇ ਨਿਜ਼ਾਮ ਦੀਆਂ ਰਮਜ਼ਾਂ ਤੋਂ ਚੰਗੀ ਤਰਾਂ ਵਾਕਿਫ ਹੋ ਗਿਆ। ਸਰਦਾਰ ਅਜੀਤ ਸਿੰਘ ਵਲੋਂ ਚਲਾਈ ਗਈ 1907 ਦੀ 'ਪਗੜੀ ਸੰਭਾਲ ਜੱਟਾ' ਲਹਿਰ ਦੇ ਪਰਚੇ ਵੀ ਸੋਹਣ ਸਿੰਘ ਦੇ ਹੱਥਾਂ ਤੱਕ ਪਹੁੰਚੇ।ਇੰਨਾਂ ਨੇ ਵੀ ਉਸਦੇ ਦੇ ਮਨ ਤੇ ਅਸਰ ਕੀਤਾ। ਖੇਤਾਂ ਵਿੱਚ ਮਿਹਨਤ ਕਰਕੇ ਵੀ ਜਦੋਂ ਉਪਜ ਨੇ ਪੂਰਾ ਨਾ ਪਾਇਆ ਤਾਂ 3000 ਰੁਪਏ ਦਾ ਕਰਜ਼ਾ ਉਤਾਰਨ ਦੇ ਲਈ ਵਿਦੇਸ਼ ਦਾ ਰੁੱਖ ਕਰਨ ਦੀ ਬਾਬਾ ਕੇਸਰ ਕੋਲੋਂ ਮੰਨਜੂਰੀ ਮੰਗੀ। ਬਾਬਾ ਜੀ ਨੇ ਜਾਣ ਲਈ ਹਾਂ ਕਹਿ ਦਿੱਤੀ।

ਘਰ ਵਿੱਚ ਤਿੰਨ ਔਰਤਾਂ ਨੂੰ ਸੋਗੀ ਮਾਹੌਲ ਵਿੱਚ ਛੱਡ ਕੇ 3 ਫਰਵਰੀ, 1909 ਨੂੰ ਸੋਹਣ ਸਿੰਘ ਨੇ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਵੱਲ ਚਾਲੇ ਪਾਏ।ਜਹਾਜ਼ 4 ਅਪਰੈਲ, 1909 ਨੂੰ ਸਿਆਟਲ ਦੀ ਬੰਦਰਗਾਹ ਤੇ ਪੁੱਜਿਆ। ਅਮਰੀਕਾ ਦੇ ਉਰੇਗਾਨ ਸਟੇਟ ਦੇ ਪੋਰਟਲੈਂਡ ਸ਼ਹਿਰ ਦੀ ਇਕ ਲੱਕੜ ਮਿੱਲ ਵਿੱਚ ਕੰਮ ਕਰਦਾ ਕੇਹਰ ਸਿੰਘ ਬੇਗਾਨੀ ਧਰਤੀ ਤੇ ਸੋਹਣ ਸਿੰਘ ਦਾ ਇਕੋ ਇਕ ਜਾਣਕਾਰ ਸੀ। ਉਸਨੇ ਆਪਣੇ ਦੋਸਤ ਨੂੰ ਪੋਰਟ-ਲੈਂਡ ਵਿੱਚ ਕੋਲੰਬੀਆਂ ਨਦੀ ਦੇ ਕੰਢੇ ਸਥਿਤ ਮੋਨਾਰਕ ਮਿਲ ਵਿੱਚ ਕੰਮ ਦਿਵਾ ਦਿੱਤਾ। ਉਸ ਸਮੇਂ ਭਾਰਤ ਦੀ ਕਰੰਸੀ ਦੇ ਹਿਸਾਬ ਨਾਲ ਰੋਜ਼ ਦਾ 15 ਰੁਪਏ ਮਿਹਨਤਾਨਾ ਸੀ। ਸ਼ੁਰੂਆਤੀ ਦਿਨਾਂ ਦੀਆਂ ਕਠਿਨਾਈਆਂ ਤੋਂ ਬਾਅਦ ਸੋਹਣ ਸਿੰਘ ਨੇ ਜਾਨ ਹੂਲ ਕੇ ਕੰਮ ਕੀਤਾ ਤੇ ਅਗਲੇ ਦੋ ਸਾਲਾਂ ਵਿੱਚ ਆਪਣਾ ਸਾਰਾ ਕਰਜ਼ਾ ਉਤਾਰ ਕੇ ਸੁਰਖਰੂ ਹੋ ਗਿਆ।

ਪਰ ਅਮਰੀਕਾ ਦੀ ਧਰਤੀ ਨੇ ਦਿਲ ਦਿਮਾਗ ਤੇ ਇਕ ਹੋਰ ਭਾਰ ਪਾ ਦਿੱਤਾ। ਨਸਲੀ ਵਿਤਕਰੇ ਤੋਂ ਬਿਨਾਂ ਇਥੇ ਆ ਕੇ ਪਤਾ ਲੱਗਿਆ ਕਿ ਅਜ਼ਾਦੀ ਵੀ ਕਿਸੇ ਸ਼ੈਅ ਦਾ ਨਾਮ ਹੁੰਦਾਂ ਹੈ। ਕੋਈ ਅਜ਼ਾਦ ਕੌਮ ਵੀ ਹੁੰਦੀਂ ਹੈ, ਤੇ ਕਿਸੇ ਨੂੰ ਗੁਲਾਮ ਕੌਮ ਵੀ ਕਿਹਾ ਜਾਦਾਂ ਹੈ। ਸੋਹਣ ਸਿੰਘ, ਅਮਰੀਕਾ ਤਾਂ ਅੰਗਰੇਜ਼ ਮਹਾਰਾਣੀ ਦਾ ਬਸ਼ਿੰਦਾਂ ਬਣਕੇ ਆਇਆ ਸੀ, ਪਰ ਇਥੇ ਆਣ ਕੇ ਉਸਨੂੰ ਅਹਿਸਾਸ ਹੋਇਆ ਕਿ ਉਹ ਤਾਂ ਅੰਗਰੇਜ਼ ਦਾ ਗੁਲਾਮ ਭਾਰਤੀ ਹੈ। ਹੋਟਲਾਂ, ਰੈਸਟੋਰੈਂਟਾਂ, ਟਰਾਮਾਂ ਵਿੱਚ 'ਡੈਮ ਹਿੰਦੂ ਸਲੇਵ' ਦੇ ਸੰਬੋਧਨ ਪ੍ਰਦੇਸ ਵਿੱਚ ਦੇਸ ਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਲੱਗੇ। ਤੇ ਇਹ ਸਭ ਕਾਸੇ ਦਾ ਇਕੱਲੇ ਸੋਹਣ ਸਿੰਘ ਨੇ ਹੀ ਸਾਹਮਣਾ ਨਹੀਂ ਕੀਤਾ ਸਗੋਂ ਸਾਰੇ ਭਾਰਤੀ ਜੋ ਇਥੇ ਮਜ਼ਦੂਰੀ ਕਰ ਰਹੇ ਸਨ ਨੇ ਵੀ ਬਰਦਾਸ਼ਤ ਕੀਤਾ।ਭਾਰਤੀਆਂ ਨੂੰ ਸਣੇ ਪੱਗੜੀਧਾਰੀ ਪੰਜਾਬੀ ਸਿੱਖਾਂ ਦੇ ਅਮਰੀਕਾ ਵਿੱਚ 'ਹਿੰਦੂ' ਕਿਹਾ ਜਾਦਾਂ ਸੀ। 'ਹਿੰਦੂ ਸਲੇਵ' ਜਿਥੇ ਕਿਤੇ ਵੀ ਕੰਮ ਕਰਦੇ, ਉਨ੍ਹਾਂ ਨੂੰ ਅਮਰੀਕੀ ਆਪਣੇ ਤੋਂ ਹੇਠਲੇ ਦਰਜ਼ੇ ਦਾ ਹੀ ਮੰਨਦੇ। ਗੁਲਾਮੀ ਦੀਆਂ ਤਨਜ਼ਾਂ ਨੇ ਗੁਲਾਮਾਂ ਅੰਦਰ ਅਜ਼ਾਦੀ ਦੀ ਚਿਣਗ ਭਖਾਉਣੀ ਸ਼ੁਰੂ ਕਰ ਦਿੱਤੀ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੰਤ ਤੱਕ ਛੇ ਹਜ਼ਾਰ ਤੋਂ ਜਿਆਦਾ ਭਾਰਤੀ ਅਮਰੀਕਾ ਪੁੱਜ ਚੁੱਕੇ ਸਨ। ਇੰਨ੍ਹਾਂ ਵਿੱਚੋਂ ਅੱਧੇ ਤੋਂ ਜਿਆਦਾ ਉਰੇਗਾਨ, ਕੈਲੇਫੋਰਨੀਆਂ ਅਤੇ ਵਸ਼ਿੰਗਟਨ ਵਿੱਚ ਸਨ। ਸੋਹਣ ਸਿੰਘ ਤੇ ਪੰਡਿਤ ਕਾਂਸ਼ੀ ਰਾਮ ਦੋਵੇਂ ਉਰੇਗਾਨ ਸਟੇਟ ਵਿੱਚ ਜਾਣਿਆ ਪਛਾਣਿਆ ਨਾਮ ਬਣ ਚੁੱਕੇ ਸਨ। ਕਾਂਸ਼ੀ ਰਾਮ ਇਕ ਸਫਲ ਠੇਕੇਦਾਰ ਸਨ। ਦੋਹਾਂ ਨੇ ਮਿਲਕੇ ਸੇਂਟ ਜੌਨਸ ਦੇ ਹਿੰਦੀਆਂ ਖਿਲਾਫ ਹੋਏ ਦੰਗਿਆਂ ਵਿੱਚ ਹਥਿਆਰਬੰਦ ਅਤੇ ਕਾਨੂੰਨੀ ਲੜਾਈ ਲੜੀ ਸੀ। 1912 ਦੇ ਸ਼ੁਰੂਆਤੀ ਦਿਨਾਂ ਵਿੱਚ ਦੋਵਾਂ ਦੀ ਮੁਲਾਕਤ ਵੈਨਕੂਵਰ ਤੋਂ ਆਏ ਗੁਰੂ ਦੱਤ ਕੁਮਾਰ ਅਤੇ ਹਰਨਾਮ ਸਿੰਘ ਕਾਹਰੀ ਸਾਹਰੀ ਨਾਲ ਹੋਈ।ਫੈਸਲਾ ਹੋਇਆ ਕਿ ਅਮਰੀਕਾ ਤੇ ਕਨੇਡਾ ਵਿੱਚ ਰਹਿੰਦੇ ਭਾਰਤੀਆਂ ਦੀ ਇਕ ਰਾਜਨੀਤਕ ਸੰਸਥਾਂ 'ਹਿੰਦੀ ਅਸੋਸੀਏਸ਼ਨ' ਬਣਾਈ ਜਾਏ ਅਤੇ ਅੰਗਰੇਜ਼ੀ ਰਾਜ ਦੇ ਚਿੱਠੇ ਖੋਲਦਾ ਹਿੰਦੋਸਤਾਨ ਨਾਮ ਦਾ ਇਕ ਅਖਬਾਰ ਕੱਢਿਆ ਜਾਏ। ਪਰ ਗੁਰੁ ਦੱਤ ਕੁਮਾਰ ਦੀ ਬਿਮਾਰੀ ਕਾਰਣ ਅਖਬਾਰ ਨਾ ਨਿਕਲ ਸਕਿਆ। ਅਸੋਸੀਏਸ਼ਨ ਵੀ ਮੀਟਿੰਗਾਂ ਕਰਨ ਤੋਂ ਇਲਾਵਾ ਕੁਝ ਹੋਰ ਕਾਮਯਾਬੀ ਹਾਸਿਲ ਨਾ ਕਰ ਸਕੀ।

ਸੋਹਣ ਸਿੰਘ ਦੀ ਲਿੰਟਨ ਸ਼ਹਿਰ ਵਾਲੀ ਮੋਨਾਰਕ ਮਿੱਲ ਕ੍ਰਿਸਮਿਸ ਦੀਆਂ ਛੁੱਟੀਆਂ ਕਰਕੇ ਥੌੜੇ ਦਿਨਾਂ ਲਈ ਬੰਦ ਹੋ ਗਈ। ਊਧਮ ਸਿੰਘ ਕਸੇਲ ਨਾਲ ਉਹ ਆਪਣੇ ਦੋਸਤ ਕੇਸਰ ਸਿੰਘ ਠੱਠਗੜ੍ਹ ਕੋਲ ਅਸਟੋਰੀਆ ਆ ਗਏ। ਜਿਸ ਮਿੱਲ ਵਿੱਚ ਕੇਸਰ ਸਿੰਘ ਨੇ ਇੰਨ੍ਹਾਂ ਨੂੰ ਕੰਮ ਦਿਵਾਇਆ, ਉਸ ਵਿੱਚ ਕੋਈ 200 ਦੇ ਕਰੀਬ ਪੰਜਾਬੀ ਕੰਮ ਕਰਦੇ ਸਨ।ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਸੋਚ ਵਿਚਾਰਾਂ ਹੋਈਆਂ। ਮੁਲਾਕਾਤਾਂ, ਮੀਟਿੰਗਾਂ ਵਿੱਚ ਬਦਲ ਗਈਆਂ।ਇਕ ਸਭਾ ਕਾਇਮ ਹੋਈ। ਅਸਟੋਰੀਆ ਵਿਖੇ ਕੇਸਰ ਸਿੰਘ, ਕਰੀਮ ਬਖਸ਼, ਮੁਨਸ਼ੀ ਰਾਮ, ਤੇ ਸੋਹਣ ਸਿੰਘ ਨੂੰ ਕ੍ਰਮਵਾਰ ਪ੍ਰਧਾਨ, ਮੀਤ ਪ੍ਰਧਾਨ, ਖਚਾਂਨਚੀ ਤੇ ਸਕੱਤਰ ਬਣਾਇਆ ਗਿਆ।ਇਸ ਮੀਟਿੰਗ ਵਿੱਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਿਲ ਸੀ ਜੋ ਉਸ ਸਮੇਂ ਆਪਣੀ ਗਰਾਂਈ ਰੁਲੀਆ ਸਿੰਘ ਕੋਲ ਛੁੱਟੀਆਂ ਕੱਟਣ ਆਇਆ ਸੀ।

ਵਾਪਿਸ ਲਿੰਟਨ ਆ ਕੇ ਸੋਹਣ ਸਿੰਘ ਨੇ ਕਾਂਸ਼ੀ ਰਾਮ ਤੇ ਹੋਰ ਸਾਥੀਆਂ ਨੂੰ ਸਾਰਾ ਬਿਰਤਾਂਤ ਸੁਣਾਇਆ। ਸਾਰਿਆਂ ਨੇ ਖੁਸ਼ੀ ਜ਼ਾਹਿਰ ਕੀਤੀ। ਸੋਹਣ ਸਿੰਘ ਨੇ ਫਿਰ ਅਖਬਾਰ ਦੀ ਗੱਲ ਕੀਤੀ ਤਾਂ ਕੈਲੇਫੋਰਨੀਆਂ ਤੋਂ ਆਏ ਠਾਕੁਰ ਦਾਸ ਨੇ ਲਾਲਾ ਹਰਦਿਆਲ ਬਾਰੇ ਦੱਸਿਆ। ਸੋਹਣ ਸਿੰਘ ਨੇ ਹਰਦਿਆਲ ਬਾਰੇ ਸੁਣਿਆ ਸੀ। ਕਾਂਸ਼ੀ ਰਾਮ ਨੂੰ ਕਿਹਾ ਗਿਆ ਕਿ ਹਰਦਿਆਲ ਹੁਰਾਂ ਨੂੰ ਲਿਖੋ ਕਿ ਵਤਨ ਦੇ ਭਰਾਵਾਂ ਨੇ ਉਨ੍ਹਾਂ ਨੂੰ ਇਕ ਵੱਡੀ ਜਿੰਮੇਵਾਰੀ ਦੇਣੀ ਹੈ, ਜਲਦੀ ਮਿਲਣ ਦੀ ਖੇਚਲ ਕਰੋ। ਖਤੋ-ਕਿਤਾਬਤ ਹੋਈ। ਹਰਦਿਆਲ ਦੇ ਸਟੈਂਡਫੋਰਡ ਯੂਨੀਵਰਸਿਟੀ ਦੇ ਰੁਝੇਵਿਆਂ ਨੇ ਉਨ੍ਹਾਂ ਨੂੰ ਮਈ 1913 ਤੱਕ ਨਾ ਆਉਣ ਦਿੱਤਾ।ਮਈ ਵਿੱਚ ਆਉਣ ਤੇ ਹਰਦਿਆਲ ਦਾ ਭਰਵਾਂ ਸੁਆਗਤ ਹੋਇਆ। ਸੋਹਣ ਸਿੰਘ ਨੇ ਕਾਂਸ਼ੀ ਰਾਮ, ਊਧਮ ਸਿੰਘ, ਰਾਮ ਰੱਖਾ ਤੇ ਹੋਰ ਸਾਥੀਆਂ ਦੀ ਮਦਦ ਨਾਲ ਹਰਦਿਆਲ ਦੀਆਂ ਸੇਂਟ ਜੋਨਸ, ਵੀਨਾ, ਬਰਾਈਡਲ ਵੇਲ ਅਤੇ ਲਿੰਟਨ ਵਿੱਚ ਆਪਣੇ ਸਾਥੀਆਂ ਨਾਲ ਮੀਟਿੰਗਾਂ ਕਰਵਾਈਆਂ। ਫੈਸਲਾ ਕੀਤਾ ਗਿਆ ਕਿ ਅਸਟੋਰੀਆ ਵਿਖੇ ਸਾਰੇ ਸਾਥੀਆਂ ਦਾ ਇਕੱਠ ਕੀਤਾ ਜਾਵੇ ਤੇ ਹਿੰਦੀ ਅਸੋਸੀਏਸ਼ਨ ਦੇ ਢਾਂਚੇ ਦਾ ਪੁਨਰ ਗਠਨ ਕੀਤਾ ਜਾਵੇ। 2 ਜੂਨ 1913 ਨੂੰ ਅਸਟੋਰੀਆ ਦੀ ਲੱਕੜ ਮਿੱਲ ਵਿੱਚ ਹੋਈ ਮੀਟਿੰਗ ਇਤਿਹਾਸਿਕ ਹੋ ਨਿਬੜੀ। ਮੀਟਿੰਗ ਵਿੱਚ ਕਾਂਸ਼ੀ ਰਾਮ, ਕੇਸਰ ਸਿੰਘ ਠੱਠਗੜ੍ਹ, ਰਾਮ ਚੰਦਰ, ਨਵਾਬ ਖਾਨ ਤੇ ਹੋਰ ਭਾਰਤੀਆਂ ਦੇ ਭਰਵੇਂ ਇਕੱਠ ਨੂੰ ਹਰਦਿਆਲ ਨੇ ਸੰਬੋਧਨ ਕੀਤਾ। ਸੋਹਣ ਸਿੰਘ ਨੇ ਇਸ ਸਭਾ ਦੀ ਪ੍ਰਧਾਨਗੀ ਕੀਤੀ। ਨਵੀਂ ਜਥੇਬੰਦੀ ਦਾ ਨਾਮ 'ਹਿੰਦੀ ਅਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਰੱਖਿਆ ਗਿਆ। ਸੋਹਣ ਸਿੰਘ ਨੂੰ ਸਰਵ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਕੇਸਰ ਸਿੰਘ ਠੱਠਗੜ੍ਹ ਨੂੰ ਮੀਤ ਪ੍ਰਧਾਨ, ਹਰਦਿਆਲ ਨੂੰ ਜਨਰਲ ਸੈਕਟਰੀ ਅਤੇ ਕਾਂਸ਼ੀ ਰਾਮ ਨੂੰ ਖਚਾਂਨਚੀ ਦੀ ਜਿੰਮੇਵਾਰੀ ਦਿੱਤੀ ਗਈ। ਗਦਰ ਅਖਬਾਰ ਛਾਪਣ ਦਾ ਕੰਮ ਹਰਦਿਆਲ ਨੂੰ ਸੋਂਪਿਆ ਗਿਆ। ਬਾਅਦ ਵਿੱਚ ਇਹੀ ਪਾਰਟੀ, ਗਦਰ ਪਾਰਟੀ ਵਜੋਂ ਪ੍ਰਸਿੱਧ ਹੋਈ।

1 ਨਵੰਬਰ 1913 ਨੂੰ ਗਦਰ ਅਖਬਾਰ ਦਾ ਪਹਿਲਾ ਅੰਕ ਨਿਕਲਿਆ। ਇਸ ਅਖਬਾਰ ਦੇ ਨਿਕਲਣ ਨਾਲ ਪਾਰਟੀ ਨੇ ਆਪਣੀ ਪਹੁੰਚ ਜਿਥੇ ਵੀ ਪ੍ਰਵਾਸੀ ਪੰਜਾਬੀ ਵੱਸਦਾ ਸੀ ਤੱਕ ਕਰ ਲਈ। ਸੋਹਣ ਸਿੰਘ ਨੇ ਆਪਣੀ ਨੌਕਰੀ ਛੱਡ ਦਿੱਤੀ ਤੇ ਜਥੇਬੰਦਕ ਤੌਰ ਅਮਰੀਕਾ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਦਾ ਕੰਮ ਬਾਖੂਬੀ ਕੀਤਾ। ਇਸੇ ਅਣਥੱਕ ਸਿਰੜ ਦਾ ਸਿੱਟਾ ਸੀ ਜਦੋਂ ਜੁਲਾਈ 1914 ਵਿੱਚ ਪਹਿਲਾ ਵਿਸ਼ਵ ਯੁੱਧ ਛਿੜਿਆ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਗਦਰੀ ਵਤਨ ਪਰਤੇ। ਇਸੇ ਹੀ ਸਮੇਂ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਵਾਪਰੀ।ਅਜ਼ਾਦੀ ਦਾ ਸੰਗਰਾਮ 1917 ਵਿੱਚ ਸ਼ੁਰੂ ਕਰਨ ਦਾ ਹੌਕਾ ਦਿੱਤਾ ਗਿਆ ਸੀ ਪਰ ਬਦਲੇ ਹੋਏ ਹਾਲਾਤਾਂ ਵਿੱਚ ਪਾਰਟੀ ਨੇ ਆਪਣੇ ਮੈਬਰਾਂ ਨੂੰ ਜਲਦੀ ਤੋਂ ਜਲਦੀ ਵਤਨ ਪਰਤਣ ਲਈ ਕਿਹਾ। ਸੋਹਣ ਸਿੰਘ ਆਪ 24 ਅਕਤੂਬਰ 1914 ਨੂੰ ਜਪਾਨੀ ਜਹਾਜ਼ ਨੈਮ ਸਾਂਗ ਰਾਹੀਂ ਕੱਲਕੱਤੇ ਪਹੁੰਚ ਗਏ।ਇਥੇ ਆ ਕੇ ਆਪ ਦੀ ਗ੍ਰਿਫਤਾਰੀ ਹੋ ਗਈ।

ਗਦਰ ਪਾਰਟੀ ਦੇ ਸਰੰਚਨਾਤਮਕ ਢਾਂਚੇ ਦੀ ਸਭ ਤੋਂ ਵੱਡੀ ਕੰਮਜ਼ੋਰੀ ਇਹ ਸੀ ਕਿ ਇਸਦੇ ਕੰਮ ਕਾਰ ਬਾਰੇ ਬਹੁਤ ਸਾਰੀ ਜਾਣਕਾਰੀ ਅੰਗਰੇਜ਼ੀ ਸਰਕਾਰ ਤੱਕ ਪੁੱਜ ਗਈ ਸੀ।ਕਰਤਾਰ ਸਿੰਘ ਸਰਾਭੇ, ਹਰਨਾਮ ਸਿੰਘ ਟੁੰਡੀਲਾਟ ਤੇ ਰਾਸ ਬਿਹਾਰੀ ਬੋਸ ਦੀ ਯੋਜਨਾਬੰਦੀਂ ਨਾਲ 21 ਫਰਵਰੀ 1915 ਦੀ ਬਗਾਵਤ ਤੈਅ ਹੋਈ, ਉਹ ਵੀ ਮੁਖਬਰੀ ਕਾਰਣ ਫੇਲ ਹੋ ਗਈ। ਵਾਇਸਰਾਏ ਲ਼ਾਰਡ ਹਾਰਡਿੰਗ ਨੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਸੋਹਣ ਸਿੰਘ ਦੀ ਸਜ਼ਾ ਫਾਸੀਂ ਤੋਂ ਇਕ ਦਿਨ ਪਹਿਲਾਂ 15 ਨਵੰਬਰ, 1915 ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ।ਸਜ਼ਾ ਦੀ ਸ਼ੁਰੂਆਤ ਅੰਡੇਮਾਨ ਦੀ ਕਾਲਾ ਪਾਣੀ ਕਹਾਉਦੀਂ ਜ੍ਹੇਲ ਤੋਂ ਹੋਈ। ਇਥੇ ਨਰਕ-ਕੁੰਭੀਂ ਜੇਲ੍ਹ ਵਿੱਚ 6 ਸਾਲ ਗੁਜ਼ਾਰੇ। ਭੁੱਖ ਹੜਤਾਲਾਂ ਰੱਖੀਆਂ, ਕੋਹਲੂ ਦੀ ਸਜ਼ਾ ਝੱਲੀ, ਜ੍ਹੇਲਰ ਦੇ ਅਣਮਨੁੱਖੀ ਵਤੀਰੇ ਦੇ ਵਿਰੋਧ ਵਿੱਚ ਗਦਰੀਆਂ ਦੀ ਅਗਵਾਈ ਕੀਤੀ। 1921 ਵਿੱਚ ਸੋਹਣ ਸਿੰਘ ਤੇ ਕੁਝ ਹੋਰ ਸਾਥੀਆਂ ਨੂੰ ਕੋਇੰਬਟੂਰ ਜ੍ਹੇਲ ਵਿੱਚ ਲਿਆਦਾਂ ਗਿਆ। ਇਥੇ ਵੀ ਸੋਹਣ ਸਿੰਘ, ਜਵਾਲਾ ਸਿੰਘ, ਚੂਹੜ ਸਿੰਘ ਅਤੇ ਹਰੀ ਸਿੰਘ ਨੇ ਮੋਪਲਾ ਵਿਦਰੋਹੀਆਂ ਦੇ ਹੱਕ ਵਿੱਚ ਭੁੱਖ ਹੜਤਾਲ ਕੀਤੀ। ਮਾਮਲੇ ਨੂੰ ਦਬਾਉਣ ਲਈ, ਇਥੋਂ ਇੰਨ੍ਹਾਂ ਗਦਰੀਆਂ ਨੂੰ ਯਰਵਦਾ ਜ੍ਹੇਲ ਬਦਲ ਦਿੱਤਾ ਗਿਆ। ਇਥੇ ਵੀ ਆਪਣੀ ਪਗੜ੍ਹੀ ਬੰਨਣ ਦੇ ਅਧਿਕਾਰ ਨੂੰ ਲੈ ਕੇ ਗਦਰੀਆਂ ਨੂੰ ਭੁੱਖ ਹੜਤਾਲ ਕਰਨੀ ਪਈ। 1928 ਵਿੱਚ ਸੋਹਣ ਸਿੰਘ ਨੂੰ ਲਾਹੌਰ ਜ੍ਹੇਲ ਵਿੱਚ ਭੇਜ ਦਿੱਤਾ ਗਿਆ।ਇਥੇ ਵੀ ਉਹ ਭਗਤ ਸਿੰਘ ਅਤੇ ਸਾਥੀਆਂ ਦੀ ਭੁੱਖ ਹੜਤਾਲ ਵਿੱਚ ਸ਼ਾਮਿਲ ਹੋਏ। ਭਗਤ ਸਿੰਘ ਨੇ ਸੋਹਣ ਸਿੰਘ ਨੂੰ ਆਪ ਸੁਨੇਹਾ ਭੇਜਿਆ ਕਿ ਭੁੱਖ ਹੜਤਾਲ ਛੱਡ ਦਿਉ। 1930 ਵਿੱਚ ਜਦੋਂ ਆਪਦੀ ਉਮਰ ਕੈਦ ਖਤਮ ਹੋਈ ਤਾਂ ਸਰਕਾਰ ਨੇ ਰਿਹਾਅ ਕਰਨ ਤੋਂ ਆਨਾ-ਕਾਨੀ ਕੀਤੀ। ਪਰ ਸੋਹਣ ਸਿੰਘ ਦੀ ਲੰਮੀ ਭੁੱਖ ਹੜਤਾਲ ਨੇ ਅੰਗਰੇਜ਼ ਹਕੂਮਤ ਨੂੰ 17 ਜੂਨ, 1930 ਨੂੰ ਰਿਹਾਅ ਕਰਨ ਲਈ ਮਜ਼ਬੂਰ ਕਰ ਦਿੱਤਾ।

ਸੋਹਣ ਸਿੰਘ ਭਕਨਾ, 60 ਸਾਲਾਂ ਦਾ ਬਾਬਾ ਭਕਨਾ ਬਣਕੇ ਬਾਹਰ ਆਇਆ। ਦੋਵੇਂ ਮਾਵਾਂ ਤੇ ਬਾਬਾ ਕੇਸਰ ਇਸ ਦੁਨੀਆਂ ਤੋਂ ਜਾ ਚੁੱਕੀਆਂ ਸਨ। ਪਤਨੀ ਆਪਣੇ ਪੇਕੇ ਚਲੀ ਗਈ ਸੀ। ਬਾਬਾ ਜੀ ਨੂੰ ਆਪਣਾ ਘਰ ਵੀ ਲੋਕਾਂ ਦੀ ਮਦਦ ਨਾਲ ਲੱਭਣਾ ਪਿਆ। ਪਰ ਇਸ ਬਾਬੇ ਨੇ ਆਉਦਿਆਂ ਫਿਰ ਅੰਗਰੇਜ਼ੀ ਹਕੂਮਤ ਦੇ ਖਿਲਾਫ ਪ੍ਰਚਾਰ ਸ਼ੁਰੂ ਕਰ ਦਿੱਤਾ। ਥੋੜ੍ਹਾ ਸਮਾਂ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ, ਪਰ ਫਿਰ ਛੱਡ ਦਿੱਤੀ। ਨੌਜਵਾਨਾਂ ਨੇ ਬਾਬਾ ਜੀ ਦੀ ਅਗਵਾਈ ਹੇਠ ਭਗਤ ਸਿੰਘ ਦੀ ਫਾਂਸੀ ਤੋਂ ਬਾਅਦ ਕਰਾਚੀ ਆਉਣ ਤੇ ਮਹਾਤਮਾ ਗਾਂਧੀ ਦਾ ਵਿਰੋਧ ਕੀਤਾ। ਕਮਿਊਨਿਸਟ ਪਾਰਟੀ ਤੇ ਕਿਸਾਨ ਜਥੇਬੰਦੀ ਵਿੱਚ ਕੰਮ ਕੀਤਾ। ਆਪਣੇ ਗਦਰੀ ਸਾਥੀਆਂ ਦੀ ਰਿਹਾਈ ਲਈ ਜ਼ੋਰਦਾਰ ਅਵਾਜ਼ ਉਠਾਈ ਤੇ ਕਈਆਂ ਦੀ ਰਿਹਾਈ ਸੰਭਵ ਕਰਵਾਈ। 1940 ਵਿੱਚ ਆਧਰਾਂ ਪ੍ਰਦੇਸ਼ ਵਿੱਚ ਕੁਲ ਹਿੰਦ ਕਿਸਾਨ ਸਭਾ ਦੇ ਸ਼ੈਸ਼ਨ ਦੀ ਪ੍ਰਧਾਨਗੀ ਕੀਤੀ। ਦੂਜੇ ਵਿਸ਼ਵ ਯੁੱਧ ਸਮੇਂ ਫਿਰ ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। 1943 ਵਿੱਚ ਰਿਹਾ ਕੀਤਾ ਗਿਆ।1954 ਵਿੱਚ ਕੁਲ ਹਿੰਦ ਕਿਸਾਨ ਸਭਾ ਦਾ ਸ਼ੈਸ਼ਨ ਮੋਗਾ ਵਿਖੇ ਹੋਇਆ। ਇਥੇ ਵੀ ਬਾਬਾ ਜੀ ਨੇ ਜੌਸ਼ੀਲਾ ਭਾਸ਼ਣ ਕੀਤਾ। 1962 ਵਿੱਚ ਚੀਨੀ ਹਮਲੇ ਦਾ ਵਿਰੋਧ ਕੀਤਾ। ਕਮਿਊਨਿਸਟ ਏਕਤਾ ਦੇ ਰਹਿੰਦੇ ਦਮ ਤੱਕ ਹਮਾਇਤੀ ਰਹੇ। ਪੰਡਿਤ ਜਵਾਹਰ ਲਾਲ ਨਹਿਰੂ ਬਾਬਾ ਜੀ ਦੀ ਬਹੁਤ ਇੱਜ਼ਤ ਕਰਦੇ ਸਨ।ਹਿੰਦੋਸਤਾਨ ਦੀ ਤਰੱਕੀ ਅਤੇ ਮਾਨਵਤਾ ਦੀ ਖੈਰ ਮੰਗਣ ਵਾਲੇ ਬਾਬਾ ਸੋਹਣ ਸਿੰਘ ਭਕਨਾ 20 ਦਿਸੰਬਰ, 1968 ਨੂੰ ਇਸ ਦੁਨੀਆਂ ਤੋਂ ਚਲੇ ਗਏ।

ਬਾਬਾ ਸੋਹਣ ਸਿੰਘ ਭਕਨਾ ਉਪਰ ਲੇਖਕ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਇਤਿਹਾਸ ਵਿਭਾਗ ਤੋਂ ਪੀ. ਐਚ. ਡੀ. (Sohan Singh Bhakna: Role in Ghadar and Left Movements) ਦੀ ਡਿਗਰੀ ਹਾਸਿਲ ਕੀਤੀ ਹੈ।ਬਾਬਾ ਜੀ ਬਾਰੇ ਵਿਸਥਾਰ ਪੂਰਵਕ ਪੜ੍ਹਨ ਲਈ ਪਾਠਕ ਲੇਖਕ ਦਾ ਥੀਸਜ਼ ਇਸ ਵੈਬ ਲਿੰਕ ਤੋਂ ਡਾਊਨਲੋਡ ਕਰ ਸਕਦੇ ਹਨ।

# ਬਸਪਾ ਵੱਲੋ ਸੂਬਾ ਪੱਧਰੀ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਸਿੱਖ ਲਈ ਇਨਸਾਫ ਹਿਤ ਜਿਲ੍ਹਾ ਪੱਧਰੀ ਰਾਸ਼ਟਰਪਤੀ ਦੇ ਨਾਮ ਮੈਮੋਰੰਡਮ ਦਿੱਤੇ

## ਮੋਟਰ ਵਹੀਕਲ ਐਕਟ ਅਤੇ ਪੰਜਾਬ ਦੇ ਬਿਜਲੀ ਦੇ ਬਿੱਲਾਂ ਦਾ ਮੁੱਦਾ ਵੀ ਚੁੱਕਿਆ








ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਦੇ ਨਾਮ ਜਾਰੀ ਬਿਆਨ ਵਿੱਚ ਉੱਤਰ ਪ੍ਰਦੇਸ਼ ਭਾਜਪਾ ਸਰਕਾਰ ਅਤੇ ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਖਿਲਾਫ ਬੋਲਦਿਆ ਕਿਹਾ ਕਿ ਦੋਹਾਂ ਸਰਕਾਰਾਂ ਨੇ ਸਿੱਖ ਭਾਈਚਾਰੇ ਉੱਪਰ ਕਹਿਰ ਦਾ ਜੁਲਮ ਕਮਾਇਆ ਹੈ। ਭਾਰਤ ਦੇ ਮਾਨਯੋਗ ਰਾਸ਼ਟਰਪਤੀ ਨੂੰ ਇਸ ਮੌਕੇ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਦਖਲ ਅੰਦਾਜੀ ਕਰਨੀ ਚਾਹੀਦੀ ਹੈ।

ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਵਿੱਚ ਧਾਰਮਿਕ ਤੌਰ ’ਤੇ ਆਰਟੀਕਲ 25 ਤੋਂ 30 ਤੱਕ ਸਾਰੇ ਧਰਮਾਂ ਦੇ ਸਾਰੇ ਲੋਕਾਂ ਨੂੰ ਸ਼ਾਂਤੀਪੂਰਵਕ ਆਪਣੀਆਂ ਰਸਮਾਂ, ਰਿਵਾਜ਼, ਸੰਸਕ੍ਰਿਤੀ ਤੇ ਧਾਰ ਮਿਕ ਪ੍ਰੋਗਰਾਮ ਕਰਨ ਦੀ ਪੂਰਨ ਰੂਪ ਵਿੱਚ ਆਜ਼ਾਦੀ ਹੈ, ਜਿਹੜੀ ਕਿ ਮੌਲਿਕ ਅਧਿਕਾਰਾਂ ਆਰਟੀਕਲ 13 ਤੋਂ 24 ਤੱਕ ਦੀ ਉਲੰਘਣਾ ਨਾ ਕਰਦੀ ਹੋਵੇ। ਪਰ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਨਾਗਰਿਕਤਾ ਸੋਧ ਬਿੱਲ (ਸੀਏਏ) ਲਿਆ ਕੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਘੱਟ ਗਿਣਤੀ ਨਾਲ ਸੰਵਿਧਾਨ ਦੀ ਮੂਲ ਭਾਵਨਾ ਨਾਲ ਖਿਲਵਾੜ ਕਰਦੇ ਹੋਏ ਕਾਲਾ ਕਾਨੂੰਨ ਪਾਸ ਕੀਤਾ। ਬਹੁਜਨ ਸਮਾਜ ਪਾਰਟੀ ਨੇ ਲੋਕ ਸਭਾ ਤੇ ਰਾਜ ਸਭਾ ਵਿੱਚ ਇਸ ਨਾਗਰਿਕਤਾ ਸੋਧ ਬਿੱਲ ਦਾ ਸਖਤ ਵਿਰੋਧ ਹੀ ਨਹੀਂ ਕੀਤਾ, ਸਗੋਂ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀਦੇ ਨਿਰਦੇਸ਼ਾਂ ਤਹਿਤ ਸੰਸਦੀ ਬੋਰਡ ਨੇ ਆਪ ਜੀ ਨੂੰ ਸੀਏਏ ਵਾਪਸੀ ਲਈ ਮੈਮੋਰੰਡਮ ਵੀ ਦਿੱਤਾ ਸੀ।

ਮੌਜੂਦਾ ਹਾਲਾਤ ਵਿੱਚ ਉੱਤਰ ਪ੍ਰਦੇਸ਼ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਪੀਲੀਭੀਤ ਜ਼ਿਲ੍ਹੇ ਵਿੱਚ ਦੇਸ਼ ਦੇ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਧੱਕਾ ਕੀਤਾ ਹੈ। ਸਿੱਖ ਭਾਈਚਾਰੇ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਕੀਰਤਪੁਰ ਸਾਹਿਬ ਪੀਲੀਭੀਤ ਤੋਂ ਨਗਰ ਕੀਰਤਨ ਸ਼ਾਂਤੀਪੂਰਵਕ ਕੱਢਿਆ ਗਿਆ ਸੀ। ਨਗਰ ਕੀਰਤਨ ਸਿੱਖ ਭਾਈਚਾਰੇ ਦੀ ਅਹਿਮ ਰਸਮ ਹੈ, ਜੋ ਕਿ ਹਰੇਕ ਇਤਿਹਾਸਕ ਦਿਹਾੜੇ ’ਤੇ ਪੂਰੀ ਕੀਤੀ ਜਾਂਦੀ ਹੈ। ਸਿੱਖ ਭਾਈਚਾਰੇ ਦੇ ਪ੍ਰੇਰਣਾ ਸਰੋਤ ਨਗਰ ਕੀਰਤਨ ਮੌਕੇ ਉੱਤਰ ਪ੍ਰਦੇਸ਼ ਦੇ ਪੀਲੀਭੀਤ ਜ਼ਿਲ੍ਹੇ ਦੇ ਪ੍ਰਸ਼ਾਸਨ ਨੇ ਭਾਰਤੀ ਜਨਤਾ ਪਾਰਟੀ ਦੇ ਇਸ਼ਾਰੇ ’ਤੇ ਕੋਝਾ ਹਮਲਾ ਕੀਤਾ ਹੈ ਅਤੇ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਤੇ ਮੌਲਿਕ ਅਧਿਕਾਰਾਂ (ਆਰਟੀਕਲ 25-30) ਦਾ ਹਨਨ ਵੀ ਕੀਤਾ ਹੈ।



ਨਗਰ ਕੀਰਤਨ ਮੌਕੇ ਐਸਐਚਓ ਸ੍ਰੀ ਸੰਜੀਵ ਕੁਮਾਰ ਉਪਾਧਿਆਏ ਨੇ ਕਾਲੀ ਨਗਰ ਸਰਕਲ ਦੇ ਐਸਡੀਐਮ ਹਰੀ ਓਮ ਸ਼ਰਮਾ ਦੇ ਇਸ਼ਾਰੇ ’ਤੇ ਧਾਰਾ 144 ਦੀ ਉਲੰਘਣਾ ਦੇ ਕੇਸ ਹੇਠ 55 ਸਿੱਖਾਂ ’ਤੇ ਸੈਕਸ਼ਨ ਆਈਪੀਸੀ 188 ਤਹਿਤ ਪਰਚਾ ਦਰਜ ਕੀਤਾ ਅਤੇ ਕੀਰਤਨ ਵਿੱਚ ਸ਼ਾਮਲ ਪੰਥ ਦੇ ਕੇਸਰੀ ਨਿਸ਼ਾਨ ਝੂਲ ਰਹੀ ਗੱਡੀ ਵੀ ਕਬਜ਼ੇ ਵਿੱਚ ਲੈ ਲਈ। 31 ਦਸੰਬਰ ਨੂੰ ਜ਼ਿਲ੍ਹਾ ਐਸਪੀ ਸ੍ਰੀ ਰਾਜੀਵ ਦੀਕਸ਼ਤ ਨੇ 55 ਸਿੱਖਾਂ ’ਤੇ ਦਰਜ ਪਰਚੇ ਵਾਪਸ ਲੈਣ ਤੋਂ ਕੋਰਾ ਇਨਕਾਰ ਕੀਤਾ ਹੈ।

ਬਹੁਜਨ ਸਮਾਜ ਪਾਰਟੀ ਪੰਜਾਬ, ਭਾਰਤੀ ਜਨਤਾ ਪਾਰਟੀ ਦੀ ਇਸ ਘਿਨੌਣੀ ਕਾਰਵਾਈ ਦੀ ਸਖਤ ਨਿੰਦਾ ਕਰਦੀ ਹੈ ਅਤੇ ਆਪਜੀ ਤੋਂ ਨਿੱਜੀ ਦਖਲਅੰਦਾਜ਼ੀ ਦੀ ਮੰਗ ਕਰਦੀ ਹੈ ਕਿ 55 ਸਿੱਖਾਂ ’ਤੇ ਦਰਜ ਕੀਤੇ ਪਰਚੇ ਤੁਰੰਤ ਰੱਦ ਕੀਤੇ ਜਾਣ ਜੀ। ਇਸ ਤੋਂ ਇਲਾਵਾ 30 ਦਸੰਬਰ 2019 ਨੂੰ ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ ਸੇਓਪੁਰ ਜ਼ਿਲ੍ਹੇ ਦੀ ਤਹਿਸੀਲ ਕਰਹਾਲ ਦੇ ਕੁਝ ਪਿੰਡਾਂ ’ਚ ਕਈ ਦਹਾਕਿਆਂ ਤੋਂ ਵਸਦੇ ਸਿੱਖਾਂ ਦੇ ਘਰ ਬੁਲਡੋਜ਼ਰ ਨਾਲ ਢਾਹ ਦਿੱਤੇ। 200 ਏਕੜ ਫਸਲਾਂ ਜੇਸੀਬੀ ਨਾਲ ਉਜਾੜ ਦਿੱਤੀਆਂ। ਸਿੱਖਾਂ ਦੇ ਪਰਿਵਾਰ ਕਹਿਰ ਦੀ ਠੰਡ ’ਚ ਦਿਨ-ਰਾਤ ਨੀਲੇ ਆਸਮਾਨ ਦੇ ਹੇਠਾਂ ਹਨ। ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ, ਜਿਸਦੇ ਮੁੱਖ ਮੰਤਰੀ ਸ੍ਰੀ ਕਮਲਨਾਥ ਹਨ, ਉਨ੍ਹਾਂ ਦੀ ਸਰਕਾਰ ਦੇ ਪ੍ਰਸ਼ਾਸਨ ਨੇ ਅਜਿਹਾ ਕਾਰਾ ਕੀਤਾ ਹੈ। ਸ੍ਰੀ ਕਮਲਨਾਥ ਉੱਪਰ 1984 ਦੇ ਸਿੱਖ ਕਤਲੇਆਮ ਦਾ ਵੀ ਦੋਸ਼ ਪਿਛਲੇ ਸਮਿਆਂ ਤੋਂ ਲੱਗਦਾ ਆ ਰਿਹਾ ਹੈ। ਅਜਿਹੇ ਹਾਲਾਤ ਵਿੱਚ ਮਾਨਯੋਗ ਰਾਸ਼ਟਰਪਤੀ ਜੀ ਆਪ ਜੀ ਦਾ ਦਖਲ ਬਣਦਾ ਹੈ ਤਾਂ ਜੋ ਸਿੱਖ ਭਾਈਚਾਰੇ ਨੂੰ ਇਨਸਾਫ ਮਿਲ ਸਕੇ ਅਤੇ ਸਿੱਖ ਭਾਈਚਾਰੇ ਦਾ ਉਜਾੜਾ ਰੁਕ ਸਕੇ।

ਕੇਂਦਰ ਸਰਕਾਰ ਨੇ ਮੋਟਰ ਵਹੀਕਲ ਐਕਟ ਤਹਿਤ ਚਲਾਨ ਜੁਰਮਾਨੇ ਵਿੱਚ ਭਾਰੀ ਵਾਧਾ ਕੀਤਾ ਹੈ। ਇਸ ਐਕਟ ਨੂੰ ਪੰਜਾਬ ਵਿੱਚ ਵੀ ਲਾਗੂ ਕੀਤਾ ਗਿਆ। ਸੂਬੇ ਵਿੱਚ ਵੱਡੀ ਗਿਣਤੀ ਅਜਿਹੀ ਹੈ, ਜੋ ਕਿ ਗਰੀਬੀ ਤੇ ਆਰਥਿਕ ਤੰਗੀ ਦੀ ਮਾਰ ਝੱਲ ਰਹੀ ਹੈ।

ਅਜਿਹੇ ਹਾਲਾਤਾਂ ਵਿੱਚ ਮੋਟੇ ਜੁਰਮਾਨੇ ਪਾ ਕੇ ਉਨ੍ਹਾਂ ਨੂੰ ਹੋਰ ਆਰਥਿਕ ਮੰਦਹਾਲੀ ਵੱਲ ਧੱਕਿਆ ਜਾ ਰਿਹਾ ਹੈ। ਇਸ ਕਰਕੇ ਚਲਾਨ ਦੀਆਂ ਵਧੀਆਂ ਦਰਾਂ ਨੂੰ ਤੁਰੰਤ ਵਾਪਸ ਲਿਆ ਜਾਵੇ। ਇਸ ਤੋਂ ਇਲਾਵਾ ਪੰਜਾਬ ਵਿੱਚ ਬਿਜਲੀ ਦੀਆਂ ਦਰਾਂ ਵਿੱਚ ਹਰ ਸਾਲ ਕੀਤੇ ਗਏ ਵਾਧੇ ਨੂੰ ਵੀ ਵਾਪਸ ਲਿਆ ਜਾਵੇ।

ਇਸ ਮੌਕੇ ਪੰਜਾਬ ਸੂਬਾ ਉਪ ਪ੍ਰਧਾਨ ਹਰਜੀਤ ਸਿੰਘ ਲੌਂਗੀਆ, ਸੂਬਾ ਜਨਰਲ ਸਕੱਤਰ ਸ਼੍ਰੀ ਨਛੱਤਰ ਪਾਲ, ਠੇਕੇਦਾਰ ਭਗਵਾਨ ਦਾਸ ਸਿੱਧੂ, ਸ਼੍ਰੀ ਬਲਦੇਵ ਮਹਿਰਾ, ਸ਼੍ਰੀ ਕੁਲਦੀਪ ਸਿੰਘ ਸਰਦੂਲਗੜ੍ਹ, ਸ਼੍ਰੀ ਕੁਲਦੀਪ ਸਿੰਘ ਅਟਵਾਲ, ਸ਼੍ਰੀ ਸਵਿੰਦਰ ਸਿੰਘ ਛੱਜਲਵੱਡੀ, ਡਾਕਟਰ ਮੱਖਣ ਸਿੰਘ, ਸ਼੍ਰੀ ਤੀਰਥ ਰਾਜਪੁਰਾ, ਸ਼੍ਰੀ ਬਲਵਿੰਦਰ ਕੁਮਾਰ, ਸ਼੍ਰੀ ਰਜਿੰਦਰ ਸਿੰਘ ਨੰਨ੍ਹੇਰੀਆ, ਸ਼੍ਰੀ ਗੁਰਮੇਲ ਸਿੰਘ ਜੀ ਕੇ, ਡਾਕਟਰ ਸੁਖਬੀਰ ਸਲਾਰਪੁਰ, ਐਡਵੋਕਟ ਸ਼ਿਵ ਕਲਿਆਣ, ਸ਼੍ਰੀ ਲਾਲ ਸਿੰਘ ਸੁਲਹਾਣੀ, ਸ ਬਲਜੀਤ ਸਿੰਘ ਭਾਰਾਪੁਰ, ਸ਼੍ਰੀ ਪਰਮਜੀਤ ਮੱਲ, ਸ਼੍ਰੀ ਪੀ ਡੀ ਸ਼ਾਂਤ, ਸ਼੍ਰੀ ਰਾਜੇਸ਼ ਕੁਮਾਰ, ਸ਼੍ਰੀ ਜਗਦੀਪ ਗੋਗੀ, ਸ਼੍ਰੀ ਸੰਤੋਸ਼ ਕੁਮਾਰੀ, ਸ਼੍ਰੀ ਸੰਤ ਰਾਮ ਮੱਲੀਆਂ, ਆਦਿ ਹਾਜ਼ਰ ਸਨ।

---

### ਬਸਪਾ ਪੰਜਾਬ ਵੱਲੋ ਜਾਰੀ 5.1.2020

### ਜੈ ਭੀਮ ਜੈ ਭਾਰਤ, ਸਾਥੀਓ,

ਬਹੁਜਨ ਸਮਾਜ ਪਾਰਟੀ ਪੰਜਾਬ ਆਪ ਸਭ ਦੀਆ ਉਸਾਰੂ ਕੋਸਿਸ਼ਾਂ ਨਾਲ ਨਿਰੰਤਰ ਵਿਕਾਸ ਲਈ ਸੰਘਰਸ਼ ਸ਼ੀਲ ਹੈ। ਬਸਪਾ ਪੰਜਾਬ ਦਾ ਵਿਕਾਸ ਵਿਰੋਧੀ ਪਾਰਟੀਆਂ ਤੋਂ ਜਰਿਆ ਨਹੀਂ ਜਾਂਦਾ। ਜਦੋਂ ਤੋ ਨਵੀਂ ਸੂਬਾ ਕਮੇਟੀ ਬਣੀ ਹੈ ਕੋਈ ਨਾ ਕੋਈ ਮੁੱਦਾ ਬੜੇ ਰੋੜੇ ਦੇ ਰੂਪ ਵਿਚ ਵਿਰੋਧੀ ਤਾਕਤਾਂ ਪਾਰਟੀ ਦੇ ਵਿਕਾਸ ਦੇ ਰਾਹ ਵਿਚ ਸੁੱਟੀ ਰੱਖਦੀਆ ਹਨ। ਮੌਜੂਦਾ ਬਸਪਾ ਲੀਡਰਸ਼ਿਪ ਅਤੇ ਵਰਕਰ, ਬਾਮਸੇਫ ਅਤੇ ਬੀ ਵੀ ਐਫ ਦੇ ਸਾਥੀਆ ਦੇ ਸਹਿਜੋਗ ਨਾਲ ਹਰ ਵੱਡੀ ਮੁਸ਼ਕਿਲ ਨਾਲ ਟਾਕਰਾ ਕਰਦੇ ਹੋਏ ਅੱਗੇ ਵੱਧ ਰਹੇ ਹਾਂ।

### ਉਦਾਹਰਨ ਰੂਪ ਵਿਚ ਪੂਰੇ

ਪੰਜਾਬ ਵਿਚ ਸੰਗਠਨ ਦੀ ਰੂਪ ਰੇਖਾ* ਸੂਬਾ ਕਮੇਟੀ, ਜਿਲ੍ਹਾ ਜੋਨ ਕਮੇਟੀ, ਅਤੇ ਵਿਧਾਨ ਸਭਾ ਕਮੇਟੀ ਦਾ ਨਿਰਮਾਣ 90% ਤੋ ਜਿਆਦਾ ਪੂਰਾ ਹੋ ਚੁੱਕਾ ਹੈ।

ਸੈਕਟਰ ਨਿਰਮਾਣ ਦਾ ਕੰਮ ਫਗਵਾੜਾ ਜਿਮਨੀ ਚੋਣ ਤੋ ਬਾਅਦ ਸ਼ੁਰੂ ਕੀਤਾ, ਜੋਂ ਕਿ ਮੌਜੂਦਾ ਆਰਥਿਕ ਸਹਿਜੋਗ ਦਿਵਸ ਕਾਰਨ ਰੋਕਿਆ ਗਿਆ ਹੈ। ਹਾਲਾਂਕਿ ਪਾਰਟੀ ਵੱਲੋ ਹਰ ਵਿਧਾਨ ਸਭਾ ਹਲਕੇ ਵਿੱਚ ਸੌ ਸੌ ਜੁਝਾਰੂ ਜਜ਼ਬੇ ਵਾਲੇ ਬਸਪਾ ਵਰਕਰਾਂ ਦੀ ਨਿਸ਼ਾਨਦੇਹੀ ਦਾ ਕੰਮ ਚਲ ਰਿਹਾ ਹੈ, ਜਿਸਨੂੰ 15 ਮਾਰਚ ਤੱਕ ਪੂਰਾ ਕਰ ਲਿਆ ਜਾਵੇਗਾ।

ਸਿਰਫ ਛੇ ਮਹੀਨਿਆਂ ਵਿਚ ਹੀ ਪੰਜਾਬ ਦੀਆਂ ਤੀਹ ਤੋਂ ਜਿਆਦਾ ਸੀਟਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ, ਜਿੱਥੇ ਬਸਪਾ ਪੰਜਾਬ ਇਕ ਨੰਬਰ ਦੀ ਲੜਾਈ ਲੜੇਗੀ ਅਤੇ ਆਉਣ ਵਾਲੇ ਸਾਲ ਦੇ ਖਤਮ ਹੁੰਦੇ ਹੁੰਦੇ ਇਹ ਗਿਣਤੀ ਵਧੇਗੀ।

ਫਗਵਾੜਾ ਜਿਮਨੀ ਚੋਣ ਤੋ ਬਾਅਦ ਬਸਪਾ ਮਜਬੂਤ ਧਿਰ ਬਣਕੇ ਉਭਰੀ ਕਿ ਪੰਜਾਬ ਦੀ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਨਾਲੋਂ ਵੀ ਲਗਭਗ ਛੇ ਗੁਣਾ ਜਿਆਦਾ ਵੋਟਾਂ ਕਢੀਆਂ। ਹਾਲਾਂਕਿ ਬਸਪਾ ਪੰਜਾਬ ਇਸ ਨਾਲ ਸੰਤੁਸਟ ਨਹੀਂ ਹੈ। ਸੰਗਠਨ ਵਿੱਚ ਪਛਾਣੀਆਂ ਕਮੀਆਂ ਨੂੰ ਦੂਰ ਕਰਨ ਦੇ ਉਪਰਾਲੇ ਭਵਿੱਖ ਵਿਚ ਬਸਪਾ ਪੰਜਾਬ ਨੂੰ ਹੋਰ ਮਜਬੂਤ ਕਰਨ ਲਈ ਪੁਰਜੋਰ ਸਫਲ ਯਤਨ ਜਾਰੀ ਰਹਿਣਗੇ, ਜਿਸ ਲਈ ਆਪ ਸਭ ਦਾ ਸਹਿਜੋਗ ਜਰੂਰੀ ਹੈ।

### ਸੰਘਰਸ਼ ਦੇ ਮਾਮਲੇ ਵਿਚ

ਪਿਛਲੇ ਛੇ ਮਹੀਨਿਆਂ ਵਿਚ ਬਸਪਾ ਪੰਜਾਬ ਨੇ ਸੰਘਰਸ਼ ਦੇ ਮੁੱਦੇ ਉਪਰ ਅਹਿਮ ਪ੍ਰਾਪਤੀਆਂ ਕੀਤੀਆਂ। ਕਈ ਮਾਮਲਿਆਂ ਵਿਚ ਸਰਕਾਰ ਨੂੰ ਘੇਰਿਆ। ਮੁਕਤਸਰ ਵਿੱਚ ਔਰਤ ਨੂੰ ਕੁਟਣ ਦਾ ਮਾਮਲਾ, ਸਰਕਾਰ ਬਸਪਾ ਨੇ ਘੇਰੀ। ਲੁਧਿਆਣਾ ਜੇਲ੍ਹ ਵਿਚ ਕੈਦੀਆਂ ਉਪਰ ਗੋਲੀਬਾਰੀ ਤੇ ਲਾਠੀਚਾਰਜ, ਸਰਕਾਰ ਬਸਪਾ ਨੇ ਘੇਰੀ। ਪੀ ਸੀ ਐਸ ਦੇ ਪੇਪਰ ਵਿੱਚ ਵਿਦਿਆਰਥੀਆਂ ਦੇ ਘੱਟ ਕੀਤੇ ਮੌਕੇ ਬਹਾਲ ਕਰਾਏ। ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਪੋਰਟਲ ਖੁਲਵਾਇਆ। ਰੂਸ ਵਿੱਚ ਫਸੇ ਛੱਬੀ ਨੌਜਵਾਨ ਨਾਲ ਧੋਖਾ ਕੀਤੇ ਗਏ ਏਜੰਟ ਨੂੰ ਗ੍ਰਿਫਤਾਰ ਕਰਵਾਇਆ ਅਤੇ ਨੌਜਵਾਨਾਂ ਦੇ ਵਾਪਸ ਪਰਤਣ ਵਿਚ ਬਸਪਾ ਸਹਾਈ ਹੋਈ। ਸਭ ਤੋਂ ਵੱਡੀ ਲੜਾਈ ਬਸਪਾ ਪੰਜਾਬ ਦੇ ਵਰਕਰਾਂ ਨੇ ਤੁਗਲਕਾਬਾਦ ਮੁੱਦੇ ਉਪਰ ਸ਼੍ਰੀ ਗੁਰੂ ਰਵਿਦਾਸ ਜੀ ਦੇ ਸਨਮਾਨ ਵਿਚ ਸੰਗਤ ਅਤੇ ਸੰਤ ਸਮਾਜ ਦੀ ਅਗਵਾਈ ਵਿਚ ਲੜੀ। ਚੰਗਲੀਵਾਲਾ ਸੰਗਰੂਰ ਦਾ ਮਾਮਲਾ ਹੋਇਆ, ਸਰਕਾਰ ਬਸਪਾ ਨੇ ਘੇਰੀ, ਆਦਿ।

ਮੌਜੂਦਾ ਸਾਲ ਦੇ ਸ਼ੁਰੂ ਵਿਚ ਹੀ ਜਦੋਂ ਸਾਰੀਆਂ ਪਾਰਟੀਆਂ ਇਕ ਦੂਜੇ ਨੂੰ ਵਧਾਈਆਂ ਦੇਣ ਵਿਚ ਮਸਤ ਸਨ ਉਦੋਂ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਲੀਡਰਸ਼ਿਪ ਸਿੱਖ ਸਮਾਜ ਦਾ ਹਿੱਤ ਬਹੁਜਨ ਸਮਾਜ ਪਾਰਟੀ ਨਾਲ ਸੁਰੱਖਿਅਤ ਲਈ ਅੰਦੋਲਨ ਦੀ ਰੂਪ ਰੇਖਾ ਉਲੀਕ ਕੇ ਪੀਲੀਭੀਤ ਅਤੇ ਮੱਧਪ੍ਰਦੇਸ਼ ਦੇ ਸਿੱਖ ਲਈ ਹਾਅ ਦਾ ਨਾਹਰਾ ਮਾਰਨ ਲਈ ਪੰਜਾਬ ਦੀਆ ਸੜਕਾਂ ਤੇ ਕਹਿਰ ਦੀ ਠੰਡ ਵਿੱਚ ਸੰਗਰਸ਼ ਕਰ ਰਹੀ ਸੀ, ਪੂਰੇ ਪੰਜਾਬ ਵਿਚ ਸਰਕਾਰ ਬਸਪਾ ਨੇ ਘੇਰੀ।

ਅਸੀ ਆਪਣੇ ਵਰਕਰਾਂ, ਸਮਰਥਕ ਸਾਥੀਆਂ ਨੂੰ ਭਰੋਸਾ ਦਿੰਦੇ ਹਾ ਕਿ ਬਸਪਾ ਹਰ ਮੁੱਦੇ ਉਪਰ ਲੜਾਈ 2020 ਵਿਚ ਵੀ ਲੜੇਗੀ ਅਤੇ ਸੰਘਰਸ਼ ਵਿਚ ਨਜਰ ਆਵੇਗੀ।

### ਸੰਗਰੂਰ ਮਾਮਲਾ

ਬਸਪਾ ਵਿਸ਼ਾਲ ਰਾਜਨੀਤਿਕ ਅਤੇ ਦੇਸ਼ ਦੀ ਤੀਸਰੇ ਸਥਾਨ ਦੀ ਰਾਸ਼ਟਰੀ ਪਾਰਟੀ ਹੈ। ਪੰਜਾਬ ਵਿੱਚ ਬਸਪਾ ਦਾ ਵਿਸ਼ਾਲ ਰਾਜਨੀਤਿਕ ਸੰਗਠਨ ਹੈ ਅਤੇ ਸਾਨ ਮੱਤਾ ਇਤਹਾਸ ਹੈ।

ਵੱਡੇ ਪਰਿਵਾਰ ਵਿਚ ਛੋਟੀਆਂ ਵੱਡੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਪਿਛਲੇ ਛੇ ਮਹੀਨਿਆਂ ਵਿਚ ਅਸੀ ਸਭ ਨੂੰ ਜੋੜਨ ਦਾ ਕੰਮ ਕੀਤਾ ਹੈ, ਤੋੜਨ ਦਾ ਨਹੀਂ। ਜੇਕਰ ਕੋਈ ਟੁੱਟਣ ਦੀ ਕੋਸ਼ਿਸ਼ ਵੀ ਕਰੇਗਾ, ਯਾ ਕਿਸੀ ਮਨ ਮੁਟਾਵ ਵਿਚ ਫਸ ਜਾਵੇਗਾ, ਅਸੀ ਨੰਗੇ ਪੈਰੀ ਜਾਕੇ ਪਾਰਟੀ ਤੇ ਮਿਸਨ ਦੀ ਪੂਰਤੀ ਹਿਤ ਉਸ ਨੂੰ ਮਨਾਉਣ ਦਾ ਯਤਨ ਕਰਾਂਗੇ। ਦਸੰਬਰ ਦੇ ਸ਼ੁਰੂ ਵਿਚ ਦੋ ਮੈਂਬਰੀ ਕਮੇਟੀ ਤੋ ਬਾਅਦ ਦਸੰਬਰ ਅੰਤ ਵਿਚ ਸੰਗਰੂਰ ਮਾਮਲੇ ਵਿਚ ਪਾਰਟੀ ਨੇ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ, ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਅਸੀ ਭਰੋਸਾ ਦਿੰਦੇ ਹੈ ਕਿ ਸਭ ਨੂੰ ਜੋੜਕੇ ਹੀ ਰੱਖਿਆ ਜਾਵੇਗਾ, ਅਜਿਹੀ ਭਰਸਕ ਕੋਸ਼ਿਸ਼ ਕੀਤੀ ਜਾਵੇਗੀ। ਇਸ ਕੜੀ ਵਿਚ ਤਿੰਨ ਜਨਵਰੀ ਨੂੰ ਅਸੀ ਸੰਗਰੂਰ ਬਸਪਾ ਦੇ ਸਤਿਕਾਰ ਯੋਗ ਲੀਡਰਸ਼ਿਪ ਡਾਕਟਰ ਮੱਖਣ ਸਿੰਘ ਜੀ ਅਤੇ ਸ਼੍ਰੀ ਚਮਕੌਰ ਸਿੰਘ ਵੀਰ ਜੀ ਨਾਲ ਸੰਗਰੂਰ ਦੀ ਬਾਮਸੈਫ਼ ਦੀ ਅਗਵਾਈ ਵਿੱਚ ਚਾਹ ਦਾ ਕੱਪ ਡਾਕਟਰ ਮੱਖਣ ਸਿੰਘ ਜੀ ਦੇ ਘਰ ਸੰਗਰੂਰ ਵਿਖੇ ਸਾਂਝਾ ਕੀਤਾ, ਖੁਸ਼ਗਵਾਰ ਮਾਹੌਲ ਵਿਚ ਪਾਰਟੀ ਦੀ ਚੜਦੀਕਲਾ ਲਈ ਆਸ਼ਰੀਵਾਦ ਲਿਆ ਅਤੇ ਨਵੇਂ ਸਾਲ ਦੀਆ ਵਧਾਈਆ ਸਾਂਝੀਆਂ ਕੀਤੀਆਂ। ਸਾਰੇ ਸਤਿਕਾਰ ਯੋਗ ਸਾਥੀਆਂ ਨੂੰ ਬੇਨਤੀ ਹੈ ਕਿ ਪਾਰਟੀ ਦੇ ਅੰਦਰੂਨੀ ਮਾਮਲੇ ਸੋਸਲ ਮੀਡੀਆ ਉਪਰ ਪਾਕੇ ਰਾਈ ਦਾ ਪਾਹਾੜ ਨਾ ਬਣਾਇਆ ਜਾਵੇ।

### ਆਰਥਿਕ ਸਹਿਜੋਗ ਦਿਵਸ

ਬਹੁਜਨ ਸਮਾਜ ਪਾਰਟੀ ਸਾਲ ਵਿਚ ਗਿਆਰਾਂ ਮਹੀਨੇ ਸੰਗਠਨ ਤੇ ਸੰਗਰਸ਼ ਕਰਦੀ ਹੈ ਅਤੇ ਸਾਲ ਵਿਚ ਇਕ ਮਹੀਨਾ ਆਰਥਿਕ ਸਹਿਜੋਗ ਇਕੱਠਾ ਕਰਦੀ ਹੈ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਦੱਸੇ ਮਾਰਗ ਅਨੁਸਾਰ ਜਨਵਰੀ ਮਹੀਨੇ ਵਿੱਚ ਸਾਰੇ ਆਹੁਦੇਦਾਰ ਸਾਥੀਆ ਸਮੇਤ ਵਰਕਰਾਂ ਸਮਰਥਕਾਂ ਨੂੰ ਆਰਥਿਕ ਸਹਿਜੋਗ ਇਕੱਠਾ ਕਰਨ ਵਿਚ ਮਦਦ ਕਰਨੀ ਚਾਹੀਦੀ ਹੈ, ਤਾਂ ਹੀ ਅਸੀਂ ਬਸਪਾ ਦੇ ਸੱਚੇ ਤੇ ਅਸਲੀ ਯੋਧੇ ਕਹਾਉਣ ਦੇ ਹੱਕਦਾਰ ਹੈ। ਇਸ ਲਈ ਤੁਰੰਤ ਸਹਿਜੋਗ ਕੀਤਾ ਜਾਵੇ ਜੀ ਤਾਂ ਪਾਰਟੀ ਦੀ ਮਜਬੂਤੀ ਲਈ ਤੇਜ਼ੀ ਨਾਲ ਅੱਗੇ ਵਧਿਆ ਜਾ ਸਕੇ।

### ਭਵਿੱਖ ਪ੍ਰੋਗਰਾਮ

ਬਸਪਾ ਕੇਡਰ ਅਧਾਰਿਤ ਪਾਰਟੀ ਹੈ। ਜਿਸ ਤਰੀਕੇ ਦਾ ਸੰਗਠਨ ਬਸਪਾ ਨਿਰਮਾਣ ਕਰਨਾ ਚਾਹੁੰਦੀ ਹੈ, ਉਸ ਲਈ ਕੇਡਰ ਅਧਾਰਿਤ ਕੰਮ ਹੀ ਆਖਰੀ ਹਲ ਹੈ। ਇਸਦੀ ਸ਼ੁਰੂਆਤ ਜਨਵਰੀ ਤੋਂ ਹੀ ਕੀਤੀ ਜਾਵੇਗੀ। ਕੇਡਰ ਆਧਾਰਤ ਸੰਗਠਨ ਦੇ ਨਿਰਮਾਣ ਲਈ ਲੀਡਰਸ਼ਿਪ ਦੀ ਟ੍ਰੇਨਿੰਗ ਦਾ ਕੰਮ ਜਨਵਰੀ ਵਿਚ ਹੀ ਚਲਾਇਆ ਜਾਵੇਗਾ। ਇਸ ਲਈ ਪਾਰਟੀ ਵਿਚ ਹੀ ਮੌਜੂਦ ਵੱਖ ਵੱਖ ਮੁੱਦਿਆ ਦੇ ਜਾਣਕਾਰ ਵਿਦਵਾਨਾਂ ਦੀ ਸਹਾਇਤਾ ਨਾਲ ਇਹ ਕੰਮ ਕੀਤਾ ਜਾਵੇਗਾ।

ਆਓ ਸਾਡੀ ਆਵਾਜ਼ ਸਾਡੀ ਪਾਰਟੀ, ਬਹੁਜਨ ਸਮਾਜ ਪਾਰਟੀ ਦੀ ਮਜਬੂਤੀ ਹਿਤ 2020 ਦੇ ਸਾਲ ਵਿਚ ਚੇਤਨਾ ਭਰਪੂਰ ਹੋਕੇ ਇਕੱਠੇ ਹੋਈਏ ਅਤੇ ਇਕ ਟੀਮ ਰੂਪ ਵਿਚ ਬਣਕੇ ਪਾਰਟੀ ਪ੍ਰੋਗਰਾਮਾ ਨੂੰ ਨਪੇਰੇ ਚਾੜ੍ਹੀਏ।ਆਪ ਸਭ ਨੂੰ ਨਵੇਂ ਸਾਲ, ਕੋਰੇਗਾਂਵ ਦੇ ਸਹੀਦਾਂ ਨੂੰ ਸਮਰਪਿਤ ਬਹੁਜਨ ਵਿਜੈ ਦਿਵਸ, ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਜਨਮ ਦਿਵਸ ਅਤੇ 15 ਜਨਵਰੀ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਵਸ, 26 ਜਨਵਰੀ ਗਣਤੰਤਰ ਦਿਵਸ ਨੂੰ ਸਮਰਪਿਤ ਦੀਆ ਵਧਾਈਆਂ ਨਾਲ ਧੰਨਵਾਦ ਕਰਦੇ ਹਾਂ।

**ਸੂਬਾ ਦਫ਼ਤਰ**
**ਬਹੁਜਨ ਸਮਾਜ ਪਾਰਟੀ, ਪੰਜਾਬ**
**ਸਾਡੀ ਆਵਾਜ਼ ਸਾਡੀ ਪਾਰਟੀ**
**ਬਹੁਜਨ ਸਮਾਜ ਪਾਰਟੀ**

---

ਪਾਕਿਸਤਾਨ ਦੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਸਥਾਨ ਗੁਰੂਦਵਾਰਾ ਨਨਕਾਣਾ ਸਾਹਿਬ ਵਿਖੇ ਭੜਕੀ ਭੀੜ ਵੱਲੋ ਵੱਲੋ ਕੀਤੇ ਹਮਲੇ ਦੀ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਘੋਰ ਨਿੰਦਾ ਅਤੇ ਕੇਂਦਰ ਸਰਕਾਰ ਤੋਂ ਦਖਲ ਅੰਦਾਜੀ ਦੀ ਮੰਗ।

**ਸਿੱਖ ਸਮਾਜ ਦੇ ਸਨਮਾਨ ਵਿੱਚ**
**ਭੈਣ ਕੁਮਾਰੀ ਮਾਇਆਵਤੀ ਜੀ ਮੈਦਾਨ ਵਿਚ**
**ਸਿੱਖ ਸਮਾਜ ਦੇ ਸਨਮਾਨ ਮੇ**
**ਬਹੁਜਨ ਸਮਾਜ ਪਾਰਟੀ ਮੈਦਾਨ ਮੇ**
**ਸਿੱਖ ਸਮਾਜ ਦਾ ਹਿੱਤ, ਬਹੁਜਨ ਸਮਾਜ ਪਾਰਟੀ ਨਾਲ ਸੁਰੱਖਿਅਤ**



## ਗਦਰੀ ਆਗੂ ਅਤੇ ਆਦਿ ਧਰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼

# ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰੀ ਆਗੂ ਅਤੇ ਆਦਿ ਧਰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕਰਨੀ



ਕੁਲਦੀਪ ਚੰਦ
91-9417563054

ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਇਸ ਦੇਸ਼ ਦੀ ਸਮਾਜਿਕ ਬਣਤਰ ਕਾਰਨ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੋਰ ਤੇ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਵੀ ਸ਼ਿਕਾਰ ਹੋਣਾ ਪਿਆ ਹੈ। ਭਾਰਤੀ ਸਮਾਜ ਵਿੱਚ ਫੈਲੀ ਜਾਤ ਪਾਤ ਦੀ ਪ੍ਰਥਾ ਨੂੰ ਖਤਮ ਕਰਨ ਅਤੇ ਸਭ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਇਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜ੍ਹਿਆ ਹੋਇਆ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਬਾਬੂ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜਣਾ ਪੈਂਦਾ ਸੀ। ਇੱਕ ਦਿਨ ਜਦੋਂ ਭਾਰੀ ਬਾਰਸ਼ ਕਾਰਨ ਬਾਬੂ ਜੀ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਉੱਚ ਜਾਤਿ ਅਧਿਆਪਕ ਨੇ ਬਾਬੂ ਜੀ ਦੀ ਬੇਰਹਿਮੀ ਨਾਲ ਕੁਟਾਈ ਕੀਤੇ ਅਤੇ ਕਲਾਸ ਦਾ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਭਾਰਤ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੌਣ ਵਿਵਸਥਾ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਦੀਵੀ ਵਿਛੋੜਾ ਦੇ ਗਿਆ। ਸਰਕਾਰ ਵਲੋਂ ਹੋਰ ਕਈ ਅਜ਼ਾਦੀ ਘੁਲਾਟੀਆਂ ਵਾਂਗ ਹੀ ਇਸ ਆਗੂ ਨੂੰ ਵੀ ਭੁਲਾ ਦਿਤਾ ਗਿਆ ਹੈ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਗਦਰੀ ਆਗੂ ਅਤੇ ਆਦਿ ਧਰਮ ਦੇ ਮੋਢੀ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



BABU MANGU RAM JI
14-01-1886 - 22-04-1980
FOUNDER: AD-Dharam Mandal, Punjab







# ਲੋਹੜੀ



ਬਲਜਿੰਦਰ ਕੌਰ ਸ਼ੇਰਗਿੱਲ
91-98785-19278

ਲੋਹੜੀ ਦਾ ਤਿਉਹਾਰ ਪੰਜਾਬ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਨੂੰ ਹਿੰਦੂ ਸਿੱਖ ਸਾਰੇ ਧਰਮ ਦੇ ਲੋਕ ਬੜੇ ਚਾਅ ਨਾਲ ਮਨਾਉਂਦੇ ਹਨ। ਇਹ ਤਿਉਹਾਰ ਸਰਦ ਰੁੱਤ ਵਿੱਚ ਕੜਾਕੇ ਦੀ ਠੰਢ ਵਿੱਚ ਆਉਂਦਾ ਹੈ। ਇਹ ਦੇਸੀ ਮਹੀਨੇ ਪੋਹ ਦੇ ਅਖੀਰਲੇ ਦਿਨ ਮਨਾਇਆ ਜਾਂਦਾ ਹੈ ਉਸ ਤੋਂ ਦੂਜੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ ।ਜਿਸ ਨੂੰ ਮਕਰ ਸੰਕ੍ਰਾਂਤੀ ਵੀ ਆਖਿਆ ਜਾਂਦਾ ਹੈ ।

ਲੋਹੜੀ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਇਹ ਤਿਉਹਾਰ ਦਹਾਕੇ ਪਹਿਲਾਂ ਜਦੋਂ ਜ਼ਿਮੀਦਾਰਾਂ ਜਾਂ (ਮੁਗਲਾਂ) ਦਾ ਰਾਜ ਹੋਇਆ ਕਰਦਾ ਸੀ ਉਦੋਂ ਜ਼ਿਮੀਂਦਾਰ ਆਪਣੀ ਹੈਸੀਅਤ ਅਤੇ ਰੁੱਤਵੇ ਕਰਕੇ ਆਮ ਲੋਕਾਂ ਦਾ ਸ਼ੋਸ਼ਣ ਕਰਦੇ ਅਤੇ ਉਨ੍ਹਾਂ ਉੱਤੇ ਨਾਜਾਇਜ਼ ਅੱਤਿਆਚਾਰ ਕਰਦੇ ਹੁੰਦੇ ਸੀ। ਇਸੇ ਤਰ੍ਹਾਂ ਹੀ ਸੁੰਦਰੀ ਤੇ ਮੁੰਦਰੀ ਦੋ ਸਕੀਆਂ ਭੈਣਾਂ ਨੇ ਇੱਕ ਹਿੰਦੂ ਪਰਿਵਾਰ ਵਿੱਚ ਜਨਮ ਲਿਆ। ਜੋ ਕਿ ਬਹੁਤ ਸੋਹਣੀਆਂ ਸਨ । ਇੱਕ ਦਿਨ ਸੁੰਦਰੀ ਤੇ ਮੁੰਦਰੀ ਦੀ ਸੁੰਦਰਤਾ ਨੂੰ ਦੇਖ ਕੇ ਉੱਥੇ ਦੇ ਜ਼ਿੰਮੀਦਾਰ ਉਨ੍ਹਾਂ ਉੱਤੇ ਮੋਹਿਤ ਹੋ ਗਏ ਅਤੇ ਉਨ੍ਹਾਂ ਨੂੰ ਜਬਰੀ ਚੁੱਕ ਕੇ ਲਿਜਾਣ ਦੀ ਗੱਲ ਸਾਰੇ ਨਗਰ ਵਾਸੀਆਂ ਸਾਹਮਣੇ ਆਖ ਕੇ ਚਲੇ ਗਏ। ਇਹ ਗੱਲ ਸੁਣ ਸੁੰਦਰੀ ਤੇ ਮੁੰਦਰੀ ਦਾ ਚਾਚਾ ਬਹੁਤ ਘਬਰਾ ਗਿਆ।

ਆਖਿਰਕਾਰ ਉਹ ਭੱਟੀ ਪਿੰਡ ਦੁੱਲੇ ਸਰਦਾਰ ਕੋਲ ਪੁੱਜਦਾ ਹੈ ਜਿੱਥੇ ਉਹ ਆਪਣੀ ਧੀਆਂ ਦੀ ਰਖਵਾਲੀ ਲਈ ਉਸ ਤੋਂ ਮਦਦ ਮੰਗਦਾ ਹੈ। ਦੁੱਲੇ ਸਰਦਾਰ ਕੋਲੋਂ ਜਿਮੀਦਾਰ ਡਰਦੇ ਸੀ ਕਿਉਂਕਿ ਦੁੱਲਾ ਗਰੀਬਾਂ ਦਾ ਮਸੀਹਾ ਸੀ।ਸੁੰਦਰੀ ਤੇ ਮੁੰਦਰੀ ਦੇ ਚਾਚੇ ਨੇ ਦੁੱਲ੍ਹੇ ਸਰਦਾਰ ਕੋਲ ਉਸ ਨੇ ਜ਼ਿਮੀਂਦਾਰਾਂ ਦੀ ਕਹੀਆਂ ਗੱਲਾਂ ਦੱਸੀਆਂ। ਦੁੱਲੇ ਅੱਗੇ ਗੁਹਾਰ ਲਗਾਈ ਕਿ ਉਹ ਉਸ ਦੀ ਧੀਆਂ ਦੀ ਲਾਜ ਰੱਖ ਲਵੇ ਕਿਉਂਕਿ ਉਹ ਬਹੁਤ ਗਰੀਬ ਹੈ। ਉਸ ਕੋਲ ਧੀਆਂ ਦਾ ਵਿਆਹ ਕਰਨ ਦੀ ਸਮਰੱਥਾ ਵੀ ਨਹੀਂ ਹੈ। ਦੁੱਲਾ ਸਰਦਾਰ ਉਸ ਹਿੰਦੂ ਪਰਿਵਾਰ ਦੀ ਸਾਰੀ ਗੱਲ ਸੁਣ ਉਸ ਦੀ ਮਦਦ ਕਰਨ ਲਈ ਤੱਤਪਰ ਉਨ੍ਹਾਂ ਦੇ ਪਿੰਡ ਤੁਰ ਪਿਆ ਉਸ ਨੇ ਪਿੰਡ ਵਾਸੀਆਂ ਦੀ ਮੱਦਦ ਨਾਲ ਰਾਤ ਨੂੰ ਚੁਰਾਹੇ ਵਿੱਚ ਲੱਕੜਾਂ ਬਾਲੀਆਂ ਅਤੇ ਸੁੰਦਰੀ ਤੇ ਮੁੰਦਰੀ ਦੀ ਜੋ ਕਿ ਪਹਿਲਾਂ ਹੀ ਮੰਗੀਆਂ ਹੋਈਆਂ ਸਨ ਉਨ੍ਹਾਂ ਦੇ ਵਰ੍ਹਾਂ ਨਾਲ ਫੇਰੇ ਕਰਵਾ ਦਿੱਤੇ। ਫਿਰ ਜਦੋਂ ਉਨ੍ਹਾਂ ਦੋਹਾਂ ਧੀਆਂ ਦਾ ਕੰਨਿਆਦਾਨ ਕਰ ਦਿੱਤਾ ਤਾਂ ਦੁੱਲੇ ਕੋਲ ਦੇਣ ਲਈ ਭਾਵੇਂ ਕੁਝ ਨਹੀਂ ਸੀ ਪਰ ਫਿਰ ਵੀ ਉਸ ਨੇ ਉਨ੍ਹਾਂ ਧੀਆਂ ਦੇ ਹੱਥਾਂ ਉੱਤੇ ਸੇਰ ਸ਼ੱਕਰ ਰੱਖੀ ਤੇ ਉਨ੍ਹਾਂ ਨੂੰ ਖੁਸ਼ੀ -ਖੁਸ਼ੀ ਉਨ੍ਹਾਂ ਦੇ ਸਹੁਰੇ ਘਰ ਭੇਜ ਦਿੱਤਾ ਉਸ ਸਮੇਂ ਦਾ ਇੱਕ ਲੋਕ ਗੀਤ ਵੀ ਪ੍ਰਸਿੱਧ ਹੋਇਆ

......
ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ
ਦੁੱਲੇ ਧੀ ਵਿਆਹੀ ਹੋ
ਸੇਰ ਸ਼ੱਕਰ ਪਾਈ ਹੋ
ਕੁੜੀ ਦੇ ਬੋਝੇ ਪਾਈ ਹੋ ..

...ਇਸ ਤਰ੍ਹਾਂ ਇਹ ਲੋਕ ਗੀਤ ਵੀ ਸਮੇਂ ਦਾ ਪ੍ਰਸਿੱਧ ਹੋਇਆ ਹੈ ।

ਇਹ ਤਿਉਹਾਰ ਵਿਆਹੇ ਜੋੜਿਆਂ ਨਾਲ ਵੀ ਸੰਬੰਧਿਤ ਹੈ । ਨਵੇਂ ਵਿਆਹੇ ਜੋੜਿਆਂ ਦੀ ਲੋਹੜੀ ਪਾਈ ਜਾਂਦੀ ਹੈ। ਜੇਕਰ ਕਿਸੇ ਘਰ ਮੁੰਡਾ ਜਾਂ ਕੁੜੀ ਹੋਵੇ ਤਾਂ ਵੀ ਲੋਹੜੀ ਦੀ ਖੁਸ਼ੀ ਮਨਾਈ ਜਾਂਦੀ ਹੈ। ਅੱਜ ਸਮਾਜ ਵਿੱਚ ਬਹੁਤ ਬਦਲਾਅ ਆਉਣ ਕਰਕੇ ਲੋਕਾਂ ਨੇ ਕੁੜੀ ਮੁੰਡੇ ਦਾ ਅੰਤਰ ਖਤਮ ਕਰ ਦਿੱਤਾ ਹੈ। ਇਹ ਲੋਹੜੀ ਧੀਆਂ ਦੀ ਲੋਹੜੀ ਵਜੋਂ ਵੀ ਮਨਾਈ ਜਾਂਦੀ।

ਲੋਹੜੀ ਦਾ ਤਿਉਹਾਰ ਪਾਥੀਆਂ (ਲੱਕੜਾਂ )ਦਾ ਗੁਹਾਰਾ ਬਣਾ ਕੇ ਵਾਲੀ ਜਾਂਦੀ ਹੈ ਇਸ ਮੌਕੇ ਜਿਵੇਂ ਕਿ ਦੁੱਲ੍ਹੇ ਸਰਦਾਰ ਨੇ ਸੁੰਦਰੀ ਤੇ ਮੁੰਦਰੀ ਦੀ ਝੋਲੀ ਸੇਰ ਸ਼ੱਕਰ ਪਾ ਤੋਰਿਆ ਸੀ ਉਸੇ ਤਰ੍ਹਾਂ ਲੋਹੜੀ ਦੇ ਤਿਉਹਾਰ ਉੱਤੇ ਗੁੜ, ਗੱਚਕ, ਮੂੰਗਫਲੀ,ਤਿਲ, ਰੇਵੜੀਆਂ, ਮੱਕੀ ਦੇ ਦਾਣੇ ਦੀਆਂ ਫੁੱਲੀਆਂ ਨਾਲ ਮੱਥਾ ਟੇਕਿਆ ਜਾਂਦਾ ਹੈ। ਅੱਗ ਅੱਗੇ ਮੱਥਾ ਟੇਕਦੇ ਸਮੇਂ ਇਸ ਤਰ੍ਹਾਂ ਉਚਾਰਨ ਵੀ ਕੀਤਾ ਜਾਂਦਾ ਹੈ ....

ਈਸ਼ਰ ਆਏ ਦਲਿੱਦਰ ਜਾਏ
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ

ਬੋਲਿਆ ਜਾਂਦਾ ਹੈ ਈਸ਼ਰ ਤੋਂ ਭਾਵ ਹੈ ਖੁਸ਼ਹਾਲੀ ਤੋਂ ਹੁੰਦਾ ਹੈ ਦਲਿੱਦਰ ਤੋਂ ਭਾਵ ਮੰਦਹਾਲੀ ਜਾਂ ਗ਼ਰੀਬੀ ਤੋਂ ਹੁੰਦਾ ਹੈ। ਲੋਹੜੀ ਦਾ ਤਿਉਹਾਰ ਆਪਸੀ ਪਿਆਰ ਸਨੇਹ ਦਾ ਸੁਨੇਹਾ ਹੁੰਦਾ ਹੈ ਇਸ ਤਿਉਹਾਰ ਰਾਹੀਂ ਆਪਸੀ ਪਿਆਰ ਵਧਦਾ ਹੈ ਇਹ ਤਿਉਹਾਰ ਪੁਰਾਤਨ ਸਮੇਂ ਦੀ ਦੇਣ ਹੈ।

ਇਸ ਤਿਉਹਾਰ ਤੋਂ ਦੂਜੇ ਦਿਨ ਮਾਘ ਮਹੀਨਾ ਸ਼ੁਰੂ ਹੋ ਜਾਂਦਾ ਹੈ ਆਮ ਹੀ ਪ੍ਰਚੱਲਿਤ ਹੈ ਕਿ ਪੋਹ ਰੰਨਿਆ ਮਾਘ ਖਾਧਾ ਇਸ ਮਹੀਨੇ ਮਾਘੀ ਦੇ ਮੇਲੇ ਵੀ ਭਰਦੇ ਹਨ ਸ੍ਰੀ ਮੁਕਤਸਰ ਸਾਹਿਬ ਮਾਘੀ ਮੌਕੇ ਵੱਡਾ ਮੇਲਾ ਭਰਦਾ ਹੈ।

ਆਓ ਇਸ ਤਿਉਹਾਰ ਦੀ ਮਹੱਤਤਾ ਨੂੰ ਜਾਣਦੇ ਹੋਏ ਇਸ ਤਿਉਹਾਰ ਨੂੰ ਆਪਸ ਵਿੱਚ ਰਲ ਮਿਲ ਕੇ ਮਨਾਈਏ।

# ਪੱਛਮੀ ਏਸ਼ੀਆ ’ਚ ਤਣਾਅ ਦਾ ਅਸਰ



ਵਿਵੇਕ ਕਾਟਜੂ

ਤਿੰਨ ਜਨਵਰੀ ਦੀ ਸਵੇਰ ਨੂੰ ਬਗਦਾਦ ਹਵਾਈ ਅੱਡੇ ’ਤੇ ਈਰਾਨ ਦੇ ਮੇਜਰ ਜਨਰਲ ਕਾਸਿਮ ਸੁਲੇਮਾਨੀ ਦੀ ਹੱਤਿਆ ਕਰ ਦਿੱਤੀ ਗਈ। ਡਰੋਨ ਹਮਲੇ ਜ਼ਰੀਏ ਹੋਈ ਇਹ ਹੱਤਿਆ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮ ’ਤੇ ਹੋਈ। ਇਸ ਕਾਰਨ ਈਰਾਨ ਵਿਚ ਗੁੱਸੇ ਦੀ ਲਹਿਰ ਦੌੜ ਗਈ। ਇੰਨਾ ਹੀ ਨਹੀਂ, ਦੁਨੀਆ ਭਰ ਵਿਚ ਖ਼ਾਸ ਤੌਰ ’ਤੇ ਸ਼ੀਆ ਭਾਈਚਾਰਾ ਇਸ ਘਟਨਾ ਤੋਂ ਭੜਕ ਗਿਆ। ਆਖ਼ਰ ਇਸ ਪੂਰੇ ਘਟਨਾਚੱਕਰ ਦੇ ਕੀ ਮਕਸਦ ਹੋ ਸਕਦੇ ਹਨ ਅਤੇ ਇਹ ਦੁਨੀਆ ਦੇ ਮੁਹਾਂਦਰੇ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ।

ਇਸ ਦੀ ਪੜਤਾਲ ਲਈ ਸਾਨੂੰ ਸਭ ਤੋਂ ਪਹਿਲਾਂ ਈਰਾਨ ਦੇ ਕੌਮੀ ਅਤੇ ਫ਼ੌਜੀ ਜੀਵਨ ਵਿਚ ਸੁਲੇਮਾਨੀ ਦੀ ਹੈਸੀਅਤ ਨੂੰ ਸਮਝਣਾ ਹੋਵੇਗਾ। ਸੁਲੇਮਾਨੀ ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਦੀ ਅਲ ਕੁਦਸ ਯੂਨਿਟ ਦੇ ਮੁਖੀ ਸਨ। ਇਸ ਅਹੁਦੇ ’ਤੇ ਉਨ੍ਹਾਂ ਨੂੰ ਵੀਹ ਸਾਲ ਤੋਂ ਵੱਧ ਹੋ ਗਏ ਸਨ। ਰੈਵੋਲਿਊਸ਼ਨਰੀ ਗਾਰਡਜ਼ ਦਾ ਮੁੱਖ ਮਕਸਦ 1979 ਵਿਚ ਅਯਾਤੁੱਲਾ ਖੁਮੈਨੀ ਦੀ ਅਗਵਾਈ ਹੇਠ ਹੋਈ ਇਸਲਾਮਿਕ ਕ੍ਰਾਂਤੀ ਦੀਆਂ ਕਦਰਾਂ-ਕੀਮਤਾਂ ਅਤੇ ਮਕਸਦਾਂ ਦੀ ਹਿਫ਼ਾਜ਼ਤ ਕਰਨਾ ਹੈ। ਇਸ ਦੇ ਅੰਦਰੂਨੀ ਦਸਤੇ ਇਸਲਾਮਿਕ ਕ੍ਰਾਂਤੀ ਦੇ ਅੰਦਰੂਨੀ ਦੁਸ਼ਮਣਾਂ ਦਾ ਸਫ਼ਾਇਆ ਕਰਦੇ ਆਏ ਹਨ। ਓਥੇ ਹੀ ਬਾਹਰੀ ਦਸਤੇ ਵਿਦੇਸ਼ੀ ਦੁਸ਼ਮਣਾਂ ਨਾਲ ਨਿਪਟਦੇ ਹਨ। ਸੁਲੇਮਾਨੀ ਦੀ ਅਗਵਾਈ ਵਾਲਾ ਅਲ ਕੁਦਸ ਬਾਹਰੀ ਦਸਤਾ ਹੈ। ਉਹ ਬੀਤੇ ਦੋ ਦਹਾਕਿਆਂ ਤੋਂ ਇਸਲਾਮਿਕ ਕ੍ਰਾਂਤੀ ਦੇ ਢਾਂਚੇ ਨੂੰ ਤਬਾਹ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਨੂੰ ਮਜ਼ਬੂਤੀ ਨਾਲ ਰੋਕ ਰਹੇ ਸਨ। ਇਸੇ ਤਰ੍ਹਾਂ ਸ਼ੀਆ ਈਰਾਨ ’ਤੇ ਦਬਦਬਾ ਕਾਇਮ ਕਰਨ ਦੀ ਸੁੰਨੀ ਅਰਬ ਦੇਸ਼ਾਂ ਦੇ ਦਬਾਅ ਦਾ ਵੀ ਉਨ੍ਹਾਂ ਨੇ ਪੁਰਜ਼ੋਰ ਤਰੀਕੇ ਨਾਲ ਮੁਕਾਬਲਾ ਕੀਤਾ। ਸੁਲੇਮਾਨੀ ਨੇ ਪੱਛਮੀ ਏਸ਼ੀਆ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਸ਼ੀਆ ਭਾਈਚਾਰੇ ਨੂੰ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵਿਚ ਈਰਾਨ ਪ੍ਰਤੀ ਹਮਦਰਦੀ ਦਾ ਭਾਵ ਬਣਾਈ ਰੱਖਣ ਅਤੇ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ। ਇੱਥੇ ਇਹ ਵੀ ਯਾਦ ਦਿਵਾਉਣਾ ਹੋਵੇਗਾ ਕਿ ਈਰਾਨ ਵਿਚ ਚੁਣੀ ਹੋਈ ਸਰਕਾਰ ਤਾਂ ਹੈ ਜਿਸ ਦੀ ਅਗਵਾਈ ਚੁਣੇ ਹੋਏ ਰਾਸ਼ਟਰਪਤੀ ਕਰਦੇ ਹਨ ਪਰ ਫ਼ੈਸਲਾਕੁੰਨ ਸ਼ਕਤੀ ਸੁਪਰੀਮ ਲੀਡਰ ਦੇ ਹੱਥ ਵਿਚ ਹੁੰਦੀ ਹੈ। ਸੰਨ 1989 ਵਿਚ ਆਪਣੀ ਮੌਤ ਤਕ ਅਯਾਤੁੱਲਾ ਖੁਮੈਨੀ ਇਸ ਅਹੁਦੇ ’ਤੇ ਕਾਬਜ਼ ਰਹੇ। ਉਨ੍ਹਾਂ ਮਗਰੋਂ ਈਰਾਨ ਦੇ ਚੋਟੀ ਦੇ ਸ਼ੀਆ ਧਰਮ ਗੁਰੂਆਂ ਨੇ ਅਯਾਤੁੱਲਾ ਅਲੀ ਖੁਮੈਨੀ ਨੂੰ ਇਸ ਗੱਦੀ ’ਤੇ ਬਿਠਾਇਆ। ਰੈਵੋਲਿਊਸ਼ਨਰੀ ਗਾਰਡਜ਼ ਸੁਪਰੀਮ ਲੀਡਰ ਪ੍ਰਤੀ ਜਵਾਬਦੇਹ ਹਨ ਅਤੇ ਉਨ੍ਹਾਂ ਦੇ ਇਸ਼ਾਰੇ ’ਤੇ ਹੀ ਕੰਮ ਕਰਦੇ ਹਨ। ਇਸ ਲਿਹਾਜ਼ ਨਾਲ ਸੁਲੇਮਾਨੀ ਖੁਮੈਨੀ ਦੇ ਬਹੁਤ ਕਰੀਬੀ ਤਾਂ ਸਨ ਹੀ, ਓਥੇ ਹੀ ਉਨ੍ਹਾਂ ਨੇ ਆਪਣੇ ਜਜ਼ਬੇ, ਕਾਬਲੀਅਤ ਅਤੇ ਦਲੇਰੀ ਨਾਲ ਈਰਾਨੀ ਸ਼ੀਆ ਲੋਕਾਂ ਦੇ ਨਾਲ-ਨਾਲ ਸਾਰੀ ਦੁਨੀਆ ਦੇ ਸ਼ੀਆ ਭਾਈਚਾਰੇ ਵਿਚ ਚੰਗੀ ਪੈਂਠ ਬਣਾਈ। ਇਸ ਲਈ ਉਨ੍ਹਾਂ ਦੀ ਹੱਤਿਆ ’ਤੇ ਇੰਨਾ ਤਿੱਖਾ ਪ੍ਰਤੀਕਰਮ ਦੇਖਣ ਨੂੰ ਮਿਲ ਰਿਹਾ ਹੈ। ਸੁਲੇਮਾਨੀ ਸ਼ੀਆ ਦੁਨੀਆ ਦੇ ਨਾਇਕ ਸਨ ਤਾਂ ਅਮਰੀਕਾ ਅਤੇ ਸੁੰਨੀ ਅਰਬ ਦੇਸ਼ਾਂ ਦੀਆਂ ਅੱਖਾਂ ਵਿਚ ਉਹ ਹਮੇਸ਼ਾ ਰੜਕਦੇ ਰਹੇ। ਇਸ ਦਾ ਇਹ ਅਰਥ ਨਹੀਂ ਕਿ ਸੁਲੇਮਾਨੀ ਦੀ ਅਲ ਕੁਦਸ ਅਤੇ ਅਮਰੀਕੀ ਖ਼ੁਫ਼ੀਆ ਏਜੰਸੀਆਂ ਵਿਚ ਕਦੇ ਸਹਿਯੋਗ ਨਹੀਂ ਰਿਹਾ। ਉਨ੍ਹਾਂ ਨੇ ਇਰਾਕ ਵਿਚ ਆਈਐੱਸ ਵਰਗੇ ਸਾਂਝੇ ਦੁਸ਼ਮਣ ਵਿਰੁੱਧ ਸਾਂਝੀ ਮੁਹਿੰਮ ਵੀ ਚਲਾਈ ਪਰ ਕਦੇ ਵੀ ਦੋਵਾਂ ਧਿਰਾਂ ਨੇ ਇਸ ਨੂੰ ਜਨਤਕ ਤੌਰ ’ਤੇ ਸਵੀਕਾਰ ਨਹੀਂ ਕੀਤਾ। ਇਹ ਆਪਾ-ਵਿਰੋਧੀ ਸਥਿਤੀ ਤੁਹਾਨੂੰ ਫ਼ੌਜੀ ਸਬੰਧਾਂ ਦੀਆਂ ਜਟਿਲਤਾਵਾਂ ਦਾ ਅਹਿਸਾਸ ਕਰਵਾ



ਸਕਦੀ ਹੈ। ਕਿਉਂਕਿ ਇਹ ਮਾਮਲਾ ਹੀ ਅਮਰੀਕੀ ਰਾਸ਼ਟਰਪਤੀ ਦੇ ਇਸ਼ਾਰੇ ’ਤੇ ਹੋਇਆ ਹੈ ਤਾਂ ਅਮਰੀਕਾ ਨਾਲ ਇਸ ਦਾ ਸਰੋਕਾਰ ਹੋਣਾ ਸੁਭਾਵਿਕ ਹੈ। ਅਮਰੀਕਾ ਦੀ ਕਮਾਨ ਸੰਭਾਲਣ ਤੋਂ ਬਾਅਦ ਹੀ ਰਾਸ਼ਟਰਪਤੀ ਟਰੰਪ ਨੇ ਆਪਣੇ ਤੋਂ ਪਹਿਲਾਂ ਵਾਲੇ ਹਮਰੁਤਬਾ ਬਰਾਕ ਓਬਾਮਾ ਦੀ ਈਰਾਨ ਨੀਤੀ ਨੂੰ ਸਿਰੇ ਤੋਂ ਪਲਟ ਦਿੱਤਾ। ਪਹਿਲਾਂ ਤਾਂ ਉਹ ਪਰਮਾਣੂ ਕਰਾਰ ਤੋਂ ਪਿੱਛੇ ਹਟੇ ਅਤੇ ਫਿਰ ਉਸ ’ਤੇ ਤਮਾਮ ਪਾਬੰਦੀਆਂ ਲਗਾਈਆਂ ਅਤੇ ਸੁੰਨੀ ਅਰਬ ਦੇਸ਼ਾਂ ਦਾ ਸਾਥ ਦਿੱਤਾ। ਉਨ੍ਹਾਂ ਨੇ ਆਪਣਾ ਇਹ ਇਰਾਦਾ ਕਦੇ ਨਹੀਂ ਲੁਕਾਇਆ ਕਿ ਉਹ ਪੱਛਮੀ ਏਸ਼ੀਆ ਵਿਚ ਈਰਾਨ ਦਾ ਕੱਦ ਘਟਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਐਲਾਨੀਆ ਤੌਰ ’ਤੇ ਕਿਹਾ ਕਿ ਉਹ ਈਰਾਨ ਦੀਆਂ ਮੁਸ਼ਕਲਾਂ ਵਧਾਉਣਗੇ ਖ਼ਾਸ ਤੌਰ ’ਤੇ ਉਸ ਨੂੰ ਆਰਥਿਕ ਤੌਰ ’ਤੇ ਕਮਜ਼ੋਰ ਕਰਨਗੇ। ਇੱਥੋਂ ਤਕ ਕਿ ਈਰਾਨ ਦੇ ਕ੍ਰਾਂਤੀਕਾਰੀ ਢਾਂਚੇ ਅਤੇ ਧਾਰਮਿਕ ਗੁਰੂਆਂ ਦੀ ਅਗਵਾਈ ਵਾਲੀ ਪ੍ਰਣਾਲੀ ਨੂੰ ਖ਼ਤਮ ਕਰਨ ਦੀ ਆਪਣੀ ਇੱਛਾ ਵੀ ਉਨ੍ਹਾਂ ਨੇ ਨਹੀਂ ਲੁਕਾਈ। ਉਨ੍ਹਾਂ ਨੇ ਈਰਾਨ ਦੀ ਜਨਤਾ ਨੂੰ ਵੀ ਇਕ ਤਰ੍ਹਾਂ ਨਾਲ ਇਸ ਵਾਸਤੇ ਉਕਸਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਅਮਰੀਕੀ ਜਨਤਾ ਨੂੰ ਵੀ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਜਿੱਥੇ ਓਬਾਮਾ ਦੀ ਈਰਾਨ ਨੀਤੀ ਕਮਜ਼ੋਰ ਸੀ, ਓਥੇ ਹੀ ਉਨ੍ਹਾਂ ਦੀ ਅਗਵਾਈ ਹੇਠ ਪੱਛਮੀ ਏਸ਼ੀਆ ਵਿਚ ਅਮਰੀਕੀ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹਨ। ਸੁਲੇਮਾਨੀ ਸਬੰਧੀ ਲਿਆ ਗਿਆ ਟਰੰਪ ਦਾ ਫ਼ੈਸਲਾ ਇਸ ਦੀ ਵੱਡੀ ਮਿਸਾਲ ਹੈ। ਇੱਥੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਘਰੇਲੂ ਪੱਧਰ ’ਤੇ ਟਰੰਪ ਵਿਰੋਧੀ ਡੈਮੋਕ੍ਰੈਟਿਕ ਪਾਰਟੀ ਦੇ ਭਾਰੀ ਵਿਰੋਧ ਦਾ ਸਾਹਮਣਾ ਕਰ ਰਹੇ ਹਨ ਜਿਸ ਨੇ ਹਾਲ ਹੀ ਵਿਚ ਆਪਣੇ ਬਹੁਮਤ ਵਾਲੀ ਅਮਰੀਕੀ ਪ੍ਰਤੀਨਿਧ ਸਭਾ ਵਿਚ ਉਨ੍ਹਾਂ ਖ਼ਿਲਾਫ਼ ਮਹਾਦੋਸ਼ ਦੀ ਪ੍ਰਕਿਰਿਆ ਅੱਗੇ ਵਧਾਈ। ਇਸ ਸਾਲ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਕਾਰਵਾਈ ਨਾਲ ਟਰੰਪ ਅਮਰੀਕੀ ਜਨਤਾ ਨੂੰ ਇਹ ਗੱਲ ਚੇਤੇ ਕਰਵਾਉਣੀ ਚਾਹੁੰਦੇ ਹਨ ਕਿ ਉਹ ਡੈਮੋਕ੍ਰੈਟ ਰਾਸ਼ਟਰਪਤੀ ਜਿਮੀ ਕਾਰਟਰ ਦੀ ਤਰ੍ਹਾਂ ਕਮਜ਼ੋਰ ਨਹੀਂ ਹਨ। ਦੱਸਣਯੋਗ ਹੈ ਕਿ ਚਾਲੀ ਸਾਲ ਪਹਿਲਾਂ ਕਾਰਟਰ ਦੇ ਕਾਰਜਕਾਲ ਵਿਚ ਹੀ ਤਹਿਰਾਨ ਸਥਿਤ ਅਮਰੀਕੀ ਦੂਤਘਰ ਨੂੰ ਈਰਾਨੀਆਂ ਨੇ ਤਬਾਹ ਕਰ ਦਿੱਤਾ ਸੀ। ਇੰਨਾ ਹੀ ਨਹੀਂ, ਉਨ੍ਹਾਂ ਨੇ 52 ਅਮਰੀਕੀ ਡਿਪਲੋਮੈਟਾਂ ਨੂੰ 400 ਦਿਨਾਂ ਤਕ ਬੰਧਕ ਬਣਾਈ ਰੱਖਿਆ ਸੀ। ਇਸ ਪੂਰੇ ਘਟਨਾਚੱਕਰ ਦੌਰਾਨ ਕਾਰਟਰ ਲਾਚਾਰ ਹੀ ਬਣੇ ਰਹੇ। ਇਸ ਦੇ ਉਲਟ ਟਰੰਪ ਨੇ ਆਪਣੇ ਦਬੰਗ ਤੇਵਰ ਅਮਰੀਕੀ ਜਨਤਾ ਨੂੰ ਦਿਖਾ ਦਿੱਤੇ ਕਿ ਬਗਦਾਦ ਸਥਿਤ ਅਮਰੀਕੀ ਦੂਤਘਰ ’ਤੇ ਹਮਲੇ ਦੇ ਕਥਿਤ ਦੋਸ਼ੀ ਸੁਲੇਮਾਨੀ ਨੂੰ ਟਿਕਾਣੇ ਲਗਾਉਣ ਵਿਚ ਜ਼ਰਾ ਜਿੰਨਾ ਵੀ ਵਕਤ ਜ਼ਾਇਆ ਨਹੀਂ ਕੀਤਾ ਗਿਆ। ਟਰੰਪ ਦੀ ਸੋਚ ਦੀ ਪੁਸ਼ਟੀ ਉਨ੍ਹਾਂ ਦੇ ਟਵੀਟ ਤੋਂ ਜ਼ਾਹਰ ਹੈ ਕਿ ਸੁਲੇਮਾਨੀ ਦੀ ਹੱਤਿਆ ਦੇ ਖ਼ਿਲਾਫ਼ ਜੇ ਈਰਾਨ ਨੇ ਕੋਈ ਹਿਮਾਕਤ ਕੀਤੀ ਤਾਂ ਉਹ ਈਰਾਨ ਦੇ 52 ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਨਹੀਂ ਕਰਨਗੇ। ਇੱਥੇ 52 ਦਾ ਪ੍ਰਤੀਕ ਇਸ ਲਈ ਮਹੱਤਵਪੂਰਨ ਹੈ ਕਿ ਈਰਾਨੀਆਂ ਨੇ 52 ਅਮਰੀਕੀ ਡਿਪਲੋਮੈਟਾਂ ਨੂੰ 400 ਦਿਨਾਂ ਤਕ ਬੰਧਕ ਬਣਾ ਕੇ ਰੱਖਿਆ ਸੀ।

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਈਰਾਨ ਅਤੇ ਵ੍ਰਸ਼ਵ ਦੇ ਸ਼ੀਆ ਭਾਈਚਾਰੇ ਦੇ ਕਈ ਵਰਗ ਹੁਣ ਦਬਾਅ ਪਾ ਰਹੇ ਹਨ ਕਿ ਈਰਾਨ ਸੁਲੇਮਾਨੀ ਦੀ ਹੱਤਿਆ ਦਾ ਬਦਲਾ ਲਵੇ। ਸਵਾਲ ਇਹ ਹੈ ਕਿ ਈਰਾਨ ਦੇ ਸਾਹਮਣੇ ਬਦਲ ਕੀ ਹਨ? ਪਾਬੰਦੀਆਂ ਕਾਰਨ ਉਸ ਦੀ ਆਰਥਿਕ ਸਥਿਤੀ ਡਾਵਾਂਡੋਲ ਹੈ। ਈਰਾਨੀ ਨੇਤਾ ਇਹ ਵੀ ਜਾਣਦੇ ਹਨ ਕਿ ਟਰੰਪ ਕਈ ਪਹਿਲੂਆਂ ਦੀ ਪਰਵਾਹ ਨਹੀਂ ਕਰਨਗੇ। ਜੇ ਘਰੇਲੂ ਰਾਜਨੀਤਕ ਹਿੱਤਾਂ ਅਤੇ ਪੱਛਮੀ ਏਸ਼ੀਆਈ ਸੁੰਨੀ ਦੇਸ਼ਾਂ ਵਿਚ ਅਮਰੀਕੀ ਸਾਖ਼ ਨੂੰ ਕਾਇਮ ਰੱਖਣ ਲਈ ਈਰਾਨ ’ਤੇ ਵੱਡਾ ਹਮਲਾ ਕਰਨਾ ਪਿਆ ਤਾਂ ਵੀ ਉਹ ਗੁਰੇਜ਼ ਨਹੀਂ ਕਰਨਗੇ। ਇਸ ਲਈ ਸੰਭਵ ਤੌਰ ’ਤੇ ਈਰਾਨ ਦੇ ਨੇਤਾ ਕੁਝ ਨਾ ਕੁਝ ਕਾਰਵਾਈ ਤਾਂ ਕਰਨਗੇ ਪਰ ਉਹ ਸੀਮਤ ਦਾਇਰੇ ਵਿਚ ਹੀ ਰਹੇਗੀ। ਹਾਂ, ਇਹ ਜ਼ਰੂਰ ਹੈ ਕਿ ਇਸ ਨਾਲ ਦੁਨੀਆ ਵਿਚ ਬੇਚੈਨੀ ਵਧੇਗੀ ਅਤੇ ਤੇਲ ਬਾਜ਼ਾਰ ’ਤੇ ਕੁਝ ਅਸਰ ਪੈ ਸਕਦਾ ਹੈ ਪਰ ਇਸ ਤੋਂ ਜ਼ਿਆਦਾ ਅਸਰ ਦਾ ਅਨੁਮਾਨ ਬੇਮਾਅਨਾ ਹੀ ਹੋਵੇਗਾ।

ਟਰੰਪ ਨੇ ਭਾਰਤ ਨੂੰ ਵੀ ਇਸ ਵਿਚ ਘੜੀਸਣ ਦੀ ਕੋਸ਼ਿਸ਼ ਕੀਤੀ ਕਿ ਸੁਲੇਮਾਨੀ ਦਿੱਲੀ ਤੋਂ ਲੈ ਕੇ ਲੰਡਨ ਤਕ ਅੱਤਵਾਦੀ ਘਟਨਾਵਾਂ ਦੇ ਪਿੱਛੇ ਸੀ। ਭਾਰਤ ਸਰਕਾਰ ਨੇ ਇਸ ’ਤੇ ਕੋਈ ਪ੍ਰਤੀਕਰਮ ਨਾ ਦੇ ਕੇ ਇਕਦਮ ਸਹੀ ਕੀਤਾ। ਭਾਰਤ ਦੇ ਪੱਛਮੀ ਏਸ਼ੀਆ ਵਿਚ ਵਿਆਪਕ ਹਿੱਤ ਜੁੜੇ ਹੋਏ ਹਨ। ਲੱਖਾਂ ਭਾਰਤੀ ਕੰਮਕਾਜ ਦੇ ਸਿਲਸਿਲੇ ਵਿਚ ਇਨ੍ਹਾਂ ਦੇਸ਼ਾਂ ਵਿਚ ਰਹਿੰਦੇ ਹਨ। ਭਾਰਤ ਦੀ ਊਰਜਾ ਜ਼ਰੂਰਤ ਵੀ ਇਨ੍ਹਾਂ ਦੇਸ਼ਾਂ ’ਤੇ ਨਿਰਭਰ ਹੈ। ਅਜਿਹੇ ਵਿਚ ਭਾਰਤ ਲਈ ਇਸ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਬਹੁਤ ਜ਼ਰੂਰੀ ਹੈ।

ਭਾਰਤ ਨੇ ਦੋਵਾਂ ਦੇਸ਼ਾਂ ਨੂੰ ਸੰਜਮ ਤੋਂ ਕੰਮ ਲੈਣ ਦੀ ਅਪੀਲ ਕੀਤੀ ਹੈ ਜੋ ਬਿਲਕੁਲ ਸਹੀ ਹੈ ਪਰ ਭਾਰਤ ਸਰਕਾਰ ਇਹ ਜਾਣਦੀ ਹੈ ਕਿ ਅਮਰੀਕਾ ਅਤੇ ਸੁੰਨੀ ਅਰਬ ਦੇਸ਼ਾਂ ਵਿਚ ਉਸ ਦੇ ਖ਼ਾਸ ਹਿੱਤ ਹਨ ਜਿਨ੍ਹਾਂ ਦੀ ਰੱਖਿਆ ਕਰਨੀ ਬਹੁਤ ਜ਼ਰੂਰੀ ਹੈ। ਇਸ ਲਈ ਭਾਰਤੀ ਕੂਟਨੀਤੀ ਨੂੰ ਬਹੁਤ ਸੰਭਲ ਕੇ ਕਦਮ ਚੁੱਕਣੇ ਪੈਣਗੇ। ਨਾਲ ਹੀ ਰਵਾਇਤੀ ਨੀਤੀ ’ਤੇ ਵੀ ਕਾਇਮ ਰਹਿਣਾ ਹੋਵੇਗਾ ਕਿ ਪੱਛਮੀ ਏਸ਼ੀਆ ਦੇ ਅੰਦਰੂਨੀ ਮਸਲਿਆਂ ਤੋਂ ਭਾਰਤ ਦੂਰ ਰਹੇ ਅਤੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ’ਤੇ ਜ਼ੋਰ ਦੇਵੇ।

# ਪਾਕਿਸਤਾਨ ਨਾਗਰਿਕਾਂ ਨੇ ਪਾਕਿ ਸੈਨਾ ਅਤੇ ਅੱਤਵਾਦੀਆਂ ਸੰਗਠਨਾਂ ਦੇ ਕੁਨੈਕਸ਼ਨ ਬਾਰੇ ਇਮਰਾਨ ਨੂੰ ਦਿਖਾਇਆ ਸ਼ੀਸ਼ਾ

**ਵਾਸ਼ਿੰਗਟਨ :** ਅਮਰੀਕਾ ਵਿਚ ਰਹਿ ਰਹੇ ਪਾਕਿਸਤਾਨੀ ਨਾਗਰਿਕਾਂ ਦੇ ਇਕ ਸਮੂਹ ਨੇ ਪਾਕਿ ਸੈਨਾ ਅਤੇ ਅੱਤਵਾਦੀਆਂ ਸੰਗਠਨਾਂ ਦੇ ਕੁਨੈਕਸ਼ਨ ਦੀ ਪੁਰਜ਼ੋਰ ਨਿੰਦਾ ਕੀਤੀ ਹੈ। ਸਮੂਹ ਨੇ ਕਿਹਾ ਕਿ ਪਾਕਿ ਫੌਜ ਵੱਲੋਂ ਅੱਤਵਾਦੀ ਸੰਗਠਨਾਂ ਨਾਲ ਕਿਸੇ ਤਰ੍ਹਾਂ ਦੀ ਮਦਦ ਦੇਣਾ ਅਤੇ ਲੈਣਾ ਨਿੰਦਣਯੋਗ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਪਾਕਿਸਤਾਨ ਫੌਜ ਨੂੰ ਇਨ੍ਹਾਂ ਅੱਤਵਾਦੀ ਸੰਗਠਨਾਂ ਦੀ ਘਰੇਲੂ ਜਾਂ ਵਿਦੇਸ਼ੀ ਮੋਰਚਿਆਂ ’ਤੇ ਵਰਤਣਾ ਬੰਦ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਇਸ ਸਮੂਹ ਨੇ ਪਾਕਿ ਵਿਚ ਲਗਾਤਾਰ ਲੋਕਤੰਤਰਿਕ ਆਜ਼ਾਦੀ ਦੇ ਖਾਤਮੇ ’ਤੇ ਵੀ ਚਿੰਤਾ ਪ੍ਰਗਟਾਈ ਹੈ। ਅਸ-ਤੁਸ਼ਟ ਮੈਂਬਰਾਂ ਨੇ ਇਥੇ ਓਓਠ੍ਹ ਸੰਮੇਲਨ ਦੇ ਚੌਥੇ ਸੰਸਕਰਣ ਵਿਚ ਭਾਗ ਲੈਂਦਿਆਂ ਉਪਰੋਕਤ ਗੱਲਾਂ ਕਹੀਆਂ।

ਏਨਾ ਹੀ ਨਹੀਂ ਇਸ ਸਮੂਹ ਨੇ



ਪਾਕਿਸਤਾਨ ਦੇ ਬਲੂਚਿਸਤਾਨ ਪ੍ਰਾਂਤ ਵਿਚ ਸੈਨਾ ਉਤਪੀੜਨ ਨੂੰ ਤਤਕਾਲੀ ਸਮਾਪਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਏਜੰਸੀਆਂ ਨੂੰ ਹਜ਼ਾਰਾਂ ਗਾਇਬ ਅਤੇ ਲਾਪਤਾ ਵਿਅਕਤੀਆਂ ਨੂੰ ਲੇਖਾ ਜੋਖਾ ਰੱਖਣਾ ਚਾਹੀਦਾ ਹੈ। ਸਮੂਹ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਇਸ ਲਈ ਬਕਾਇਦਾ ਇਕ ਕਮਿਸ਼ਨ ਦਾ ਗਠਨ ਕਰਨਾ ਚਾਹੀਦਾ ਹੈ। ਇਸ ਸਾਰੇ ਮਾਮਲੇ ਨੂੰ ਸੁਲਝਾ ਸਕਣ।

ਉਨ੍ਹਾਂ ਨੇ ਪਾਕਿ ਹਕੂਮਤ ਅਤੇ ਫੌਜ ਦੋਵਾਂ ਦੀ ਨਿੰਦਾ ਕੀਤੀ ਹੈ। ਸਮੂਹ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਲਗਾਤਾਰ ਫੌਜ ਦੀ ਦਖਲਅੰਦਾਜ਼ੀ ਨਾਲ ਨਾਗਰਿਕਾਂ ਦੀ ਲੋਕਤੰਤਰਿਕ ਆਜ਼ਾਦੀ ਦਾ ਹਨਨ ਹੋ ਰਿਹਾ ਹੈ। ਇਸ ਲਈ ਪਾਕਿਸਤਾਨ ਦੇ ਨਾਗਰਿਕਾਂ ਅਤੇ ਰਾਜਨੀਤਿਕ ਦਲਾਂ ਨੂੰ ਸੰਵਿਧਾਨਿਕ ਸ਼ਾਸਨ ਅਤੇ ਕਾਨੂੰਨ ਦੇ ਸ਼ਾਸਨ ਲਈ ਅਪੀਲ ਕੀਤੀ ਹੈ।

## ਸ੍ਰੀ ਨਨਕਾਣਾ ਸਾਹਿਬ

ਰਾਏ ਭੋਇੰ ਦੀ ਤਲਵੰਡੀ ਜਿੰਨਾ ਬਦਲਿਆ ਨਾਂ ਨਨਕਾਣਾ
ਉਹੀ ਦੁਸ਼ਮਣ ਬਣ ਗਏ ਤੇ ਕੱਲ੍ਹ ਵਰਤ ਗਿਆ ਫਿਰ ਭਾਣਾ
ਦੁੱਖ ਤਾਂ ਸਭ ਨੂੰ ਹੋਇਆ ਹੁਣ ਕੀ ਕਹੀਏ ਲਾਣੇ ਨੂੰ
ਬਾਬਾ ਫੇਰ ਪੈ ਗਿਆ ਘੇਰਾ ਤੇ ਤੇਰੇ ਨਨਕਾਣੇ ਨੂੰ।

ਪੈ ਗਿਆ ਘੇਰਾ ਚਾਰੇ ਪਾਸੇ ਇੱਟਾਂ ਪੱਥਰ ਮਾਰੇ
ਫੈਲ ਗਈ ਗੱਲ ਚਾਰੇ ਪਾਸੇ ਰੋਏ ਤਾਂ ਸਿੱਖ ਸਾਰੇ
ਨਾ ਕੋਈ ਸਿੱਖ ਨਾਂ ਘਰ ਛੱਡਣਾ ਜਾ ਕੇ ਕਹਿੰਦਾ ਠਾਣੇ ਨੂੰ
ਬਾਬਾ ਫੇਰ ਪੈ ਗਿਆ ਘੇਰਾ ਤੇ ਤੇਰੇ .....

ਰੋਕਣ ਵਾਲੇ ਰੋਕ ਦਿੰਦੇ ਪਰ ਢਿੱਲ ਮਿਲ ਉਨ੍ਹਾਂ ਕਰਤੀ
ਸਿੱਖ ਕੌਮ ਲਈ ਮੱਕਾ, ਮਦੀਨਾ ਨਨਕਾਣੇ ਦੀ ਹੀ ਧਰਤੀ
ਨਾ ਕੋਈ ਟਿਕ ਕੇ ਬਹਿ ਸਕਦਾ ਦੁੱਖ ਨਿਆਣੇ ਸਿਆਣੇ ਨੂੰ
ਬਾਬਾ ਫੇਰ ਪੈ ਗਿਆ ਘੇਰਾ ਤੇ ਤੇਰੇ ......

ਧਰਮ ਕਿਸੇ ਦਾ ਕਿਉਂ ਫਿਰ ਬਦਲੇ ਅੱਤ ਉਨ੍ਹਾਂ ਨੇ ਚੱਕੀ
ਲਾਹਨਤ ਹੈ ਸਰਕਾਰ ਸਾਡੀ ਨੂੰ ਚੁੱਪ ਤਾਂ ਜੀਹਨੇ ਵੱਟੀ
ਹੁਣ ਤੋੜ ਦੇਣਗੇ ਹੱਦਾਂ ਉਥੇ ਫਿਰਦੇ ਜਾਣੇ ਨੂੰ
ਬਾਬਾ ਫੇਰ ਪੈ ਗਿਆ ਘੇਰਾ ਤੇ ਤੇਰੇ ......

ਸੰਨ ਸੰਤਾਲੀ ਕਾਹਦਾ ਆਇਆ ਜਾਨ ਦੁੱਖਾਂ ਵਿਚ ਪਾਈ
ਦੱਸੇ 'ਦੇਵ ਘੋਲੀਏ' ਵਾਲਾ ਹਰ ਸਾਲ ਲੈਂਦੇ ਮੁੱਲ ਲੜਾਈ
ਤਰਸ ਗਏ ਅਸੀਂ ਦੇਖਣ ਨੂੰ ਉਹੀ ਅਸਲ ਟਿਕਾਣੇ ਨੂੰ
ਬਾਬਾ ਫੇਰ ਪੈ ਗਿਆ ਘੇਰਾ ਤੇ ਤੇਰੇ ਨਨਕਾਣੇ ਨੂੰ।



-ਦੇਵ ਘੋਲੀਆ
(ਕੈਲੇਫੋਰਨੀਆ)
559-232-7764

# Ishwar Das Pawar's book "My Struggle in Life" is a philosophical, in-depth autobiography that delves into the ideas of poverty, success and courage.


## Recent release "My Struggle in Life" from Page Publishing author Ishwar Das Pawar is both captivating and cultural; this work details a life injustice, discrimination and inequality.

Ishwar Das Pawar, an educated writer and author, gracefully shared in his book "My Struggle in Life": a gripping and potent story of a career bedeviled by social injustice, official apathy and political victimization. It is the story of an honest man, imbued with the spirit of love and equal rights for all sections of society.

"Autobiographical writing is generally an exercise in self-glorification. Even when an egoist traces his humble beginnings, some elements of self-aggrandizement are bound to enter the scheme of things. Mr. I.D. Pawar's reminiscences, however, are a category apart. Born an untouchable, he rose from a village urchin, shunned, belabored and looked down upon by other boys to retire as a District and Sessions Judge. A simple account of a long-drawn-out battle, a labor-some ascent punctuated by ups and downs, upheavals and turbulences, "My Struggle in Life" is a heroic saga. I.D. Pawar has a plain and unadorned style, a rational and detached narrative technique, a kind of realism which borders on reportage rather than on literature," said Satyapal Anand, Director of Correspondence Courses at Punjab University.

Published by New York City-based Page Publishing, Ishwar Das Pawar's poignant tale will enlighten and provoke the reader's emotions.

"My Struggle in Life" is set in Revolutionary India, the narrative of Ishwar Das Pawar connects readers to his life as an untouchable, his station in life and how he managed to rise above with tenacity and hope. From Pawars impoverished family seeking out Christian missionaries for Pawar's education to Pawar's reflecting on the corruption in India as a District and Sessions Judge, the book strikes a thoughtful but urgent tone for anyone facing oppression. His call to arms, as Pawar referenced Vivekananda, "Arise, awake and stop not till the goal is achieved!", is for anyone facing struggles in his/her life and his book a beautiful lesson in how to bring change when it seems so little can be done.




Readers who wish to experience this inspiring work can purchase "My Struggle in Life" at bookstores everywhere, or online at the Apple iTunes store, Amazon, Google Play or Barnes and Noble.

For additional information or media inquiries, contact Page Publishing at 866-315-2708. About Page Publishing Page Publishing is a traditional New York based full-service publishing house that handles all of the intricacies involved in publishing its authors' books, including distribution in the world's largest retail outlets and royalty generation.

Page Publishing knows that authors need to be free to create - not bogged down with complicated business issues like eBook conversion, establishing wholesale accounts, insurance, shipping, taxes and the like. Its roster of authors can leave behind these tedious, complex and time consuming issues, and focus on their passion: writing and creating. Learn more at www.pagepublishing.com.

## ਗੂੰਗਾ ਅਤੇ ਗੂੰਗੇ ਕੀ ਮਠਿਆਈ

ਗੂੰਗਾ-ਫਾਰਸੀ ਵਿਸ਼ੇਸ਼ਣ ਗੁੰਗ ਜੋ ਬੋਲ ਨਾ ਸੱਕੇ। ਸਰੀਰ ਕਰਕੇ ਜੋ ਬੋਲ ਨਾ ਸੱਕੇ ਉਸ ਨੂੰ ਗੂੰਗਾ ਕਿਹਾ ਜਾਂਦਾ ਹੈ। ਉਹ ਇਸ਼ਾਰਿਆਂ ਨਾਲ ਹੀ ਦੱਸ ਸਕਦਾ ਹੈ। ਇਵੇਂ ਹੀ ਮਨ ਕਰਕੇ ਗੂੰਗੇ ਮਨੁੱਖ ਬਾਰੇ ਭਾਈ ਗੁਰਦਾਸ ਜੀ ਫੁਰਮਾਂਦੇ ਹਨ ਕਿ ਜਿਸ ਨੂੰ ਸੱਚੇ ਗੁਰਦੇਵ ਦੀ ਸੋਝੀ ਨਹੀਂ ਅੱਗੋਂ ਦੂਜਾ ਜਿਸ ਨੂੰ ਇਹ ਨਹੀਂ ਪਤਾ ਕਿ ਮੈ ਜਾਨਣਾ ਕੀ ਹੈ? ਆਪੂੰ ਬਣੇ ਦੰਬੀ ਗੁਰੂ ਨੂੰ ਵੀ ਸਮਝ ਨਹੀਂ ਕਿ ਜੀਵਨ ਬੁਝਾਰਤ ਮਨ ਦੀ ਘੁੰਡੀ ਖੋਲਣਾ ਕਿਵੇਂ ਹੈ-ਜੈਸੇ ਗੁੰਗ ਗੁੰਗ ਪਹਿ ਬਚਨ ਬਿਬੇਕ ਪੂਛਿਓ ਚਾਹੇ, ਬੋਲਿ ਨ ਸਕਤ ਕੈਸੇ ਸ਼ਬਦ ਸੁਣਾਵਈ॥ ਬਿਨ ਸਤਿਗੁਰ, ਖੋਜੈ ਬ੍ਰਹਮ ਗਿਆਨ ਧਿਆਨ, ਅਨਿਥਾ ਅਗਿਆਨ ਮਤ ਆਨ ਪੈ ਨ ਪਾਵਈ॥੪੭੪॥ ਆਨ ਦੇਵ ਸੇਵਕ, ਨ ਜਾਨੈ ਗੁਰਦੇਵ ਸੇਵ, ਗੂੰਗੇ ਬਹਿਰੇ ਨ ਕਹਿ ਸੁਨਿ ਮਨ ਮਾਨਈ॥੪੭੦॥ ਗੂੰਗਾ ਪੈ ਪੜ੍ਹਨ ਜਾਇ ਜੋਤਕ ਬਿਦਿਆ, ਬਹਿਰਾ ਪੈ ਰਾਮ ਨਾਦ ਅਨਿਥਾ ਅਭੂਲ ਕੋ, ਤੈਸੇ ਆਨ ਦੇਵ ਸੇਵ ਦੇਖ ਮੇਦਿ ਮੋਖ ਚਾਹੇ,ਬਿਨ ਸਤਿਗੁਰ ਸੁਖ ਸਹੈ ਜਮ ਸੂਲ ਕੋ॥੪੭੫॥

ਗੂੰਗੇ ਕੀ ਮਠਿਆਈ-ਜੋ ਬੋਲਣ ਤੋਂ ਅਸਮਰਥ ਭਾਵ ਅਕਹਿ ਨੂੰ ਕਥਨ ਨਾਂ ਕਰੇ ਬਾਰੇ ਇਹ ਫੁਰਮਾਨ ਵਰਤਿਆ ਜਾਂਦੈ ਅਤੇ ਜਦ ਰੱਬੀ ਪਿਆਰੇ ਅੰਦਰ ਖਾਲਕ ਤੇ ਖਲਕਤ ਦੇ ਅਗੰਮੀ ਪਿਆਰ ਦੀ ਝਲਕ ਫੁੱਟ ਪੈਂਦੀਐ ਨੂੰ ਦੁਨਿਆਵੀ ਕਿਸੇ ਵੀ ਭਾਸ਼ਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਇਸ ਬਾਰੇ ਬਾਣੀ 'ਚ ਦਰਸਾਂਦੇ ਹਨ ਕਿ ਜਿਵੇਂ ਕਿਸੇ ਗੂੰਗੇ ਨੂੰ ਸ਼ੱਕਰ, ਗੁੜ ਜਾਂ ਮਠਿਆਈ ਖੁਵਾ ਕੇ ਪੁੱਛੀਏ ਭਾਈ ਇਸ ਦਾ ਸੁਵਾਦ ਦੱਸ ਤਾਂ ਉਹ ਮੁਸਕਰਾਉਂਦਾ ਹੋਇਆ ਰਸ ਮਣਦਾ ਅੱਖਾਂ ਬੰਦ ਕਰਕੇ ਸਿਰ ਹੀ ਹਿਲਾ ਸਕਦੈ ਪਰ ਬੋਲ ਕੇ ਸਵਾਦ ਨਹੀਂ ਦੱਸ ਸਕਦਾ-ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਠਿਆਈ(ਮ:੪-੬੦੭) ਹਰਿ ਗੁਨ ਕਹਿਤੇ ਕਹਨੁ ਨ ਜਾਈ॥ ਜੈਸੇ ਗੂੰਗੇ ਕੀ ਮਠਿਆਈ॥( ਭੀਖਨ-੬੫੯) ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਈ ਹੋ॥ ਗੂੰਗੈ ਮਹਾਂ ਅੰਮ੍ਰਿਤ ਰਸੁ ਚਾਖਿਆ ਪੂਛੈ ਕਹਨੁ ਨ ਜਾਈ ਹੋ॥ (ਨਾਮਦੇਵ-੬੫੭) ਜਿਨਿ ਰਾਮ ਜਾਨਿਆ ਤਿਨਹਿ ਪਛਾਨਿਆ ਜਿਉ ਗੂੰਗੇ ਸਾਕਰ ਮਨੁ ਮਾਨਿਆ॥ (ਕਬੀਰ-੩੨੭) ਜਿਨ ਚਾਖਿਆ ਸੇਈ ਸਾਦ ਜਣਨਿ ਜਿਉ ਗੂੰਗੇ ਮਿਠਿਆਈ॥ ਅਕਥੇ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜ਼ਾਈ॥(ਮ:੧-੬੩੫)

ਹੇ ਕਬੀਰ! ਜਿਸ ਨੂੰ ਪੂਰਾ ਗੁਰੂ ਮਿਪਦਾ ਹੈ ਸ੧ਚ ਜਾਣੋ ਉਸ ਦਾ ਸਾਰਾ ਜੀਵਨ ਹੀ ਬਦਲ ਜਾਂਦਾ ਹੈ। ਉਹ ਦੁਨੀਆਂ ਦੇ ਭਾਣੇ, ਗੂੰਗਾ, ਕਮਲਾ, ਬੋਲਾ ਹੋ ਜਾਂਦੈ ਕਿਉਂਕਿ ਉਹ ਮਨੁੱਖ ਮੂੰਹੋਂ ਮੰਦੇ ਬੋਲ ਨਹੀਂ ਬੋਲਦਾ, ਕਿਸੇ ਦਾ ਮੁਥਾਜੀ ਨਹੀ ਕਰਦਾ ਅਤੇ ਕੰਨਾਂ ਨਾਲ ਨਿੰਦਾ ਨਹੀਂ ਸੁਣਦਾ। ਜਿਸ ਮਨੁੱਖ ਦੇ ਹਿਰਦੇ 'ਚ ਸਤਿਗੁਰੂ ਗਿਆਨ ਦੇ ਤੀਰ ਮਾਰਦੈ ਉਹ ਦੁਨੀਆਂ ਭਾਣੇ ਲੂਲਾ ਹੋ ਜਾਂਦੈ ਕਿਉਂਕਿ ਉਹ ਪੈਰਾਂ ਨਾਲ ਮੰਦੇ ਪਾਸੇ ਨਹੀਂ ਜਾਂਦਾ-ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥ ਪਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥੧੯੩॥(੧੩੭੪) ਭਾਵ ਜਿਵੇਂ ਸਰੀਰਕ ਗੂੰਗਾ ਕੁਝ ਬੋਲ ਕੇ ਖਾਧੇ ਦਾ ਸੁਆਦ ਤੇ ਮਨ 'ਚ ਸੋਚੇ ਦਾ ਭਾਵ ਨਹੀਂ ਦੱਸ ਸਕਦਾ ਇਵੇਂ ਹੀ ਮਨ ਕਰਕੇ ਗੂੰਗਾ ਅੰਦਰੂਨੀ ਅਵੱਸਥਾ ਬਿਆਨ ਨਹੀ ਕਰ ਸਕਦਾ ਸਿਰਫ ਉਸ ਨੂੰ ਮਾਣ ਹੀ ਸਕਦਾ ਹੈ। ਇਵੇਂ ਵੀ ਕਿਹਾ ਜਾ ਸਕਦਾ ਹੈ ਜਿਵੇਂ-ਜਿਸ ਤਨ ਲਾਗੈ ਸੋਈ ਜਾਣੈ ਕਉਨ ਜਾਣੈ ਪੀਰ ਪਰਾਈ॥

- ਅਵਤਾਰ ਸਿੰਘ ਮਿਸ਼ਨਰੀ 510-432-5827

# ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਸ. ਗੁਰਭੇਜ ਸਿੰਘ ਗੁਰਾਇਆ

ਸ . ਗੁਰਭੇਜ ਸਿੰਘ ਗੁਰਾਇਆ ਇਕ ਬਹੁਪੱਖੀ ਅਤੇ ਬਹੁ-ਪ੍ਰਤਿਭਾਸ਼ਾਲੀ ਸ਼ਖਸੀਅਤ ਦਾ ਨਾਮ ਹੈ ਪੂਰੀ ਤਰਾਂ ਅਪਣੇ ਫਰਜ਼ਾਂ ਪ੍ਰਤੀ ਸਮੱਰਪਿਤ ਰਹਿਣ ਵਾਲੀ ਸਖਸ਼ੀਅਤ। ਗੁਰਭੇਜ ਸਿੰਘ ਗੁਰਾਇਆ ਦਿੱਲੀ ਦੇ ਸਾਹਿਤਕ, ਸਮਾਜਕ ਅਤੇ ਸਰਕਾਰੀ ਹਲਕਿਆਂ ਵਿੱਚ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਉਹ ਬਹੁਤ ਹੀ ਮਿੱਠੇ-ਬੋਲੜੇ ਅਤੇ ਮਿਲਣਸਾਰ ਸੁਭਾਅ ਦੇ ਮਾਲਕ ਹਨ। ਲੋਹੜੀ ਦੇ ਮੁਬਾਰਕ ਮੌਕੇ ਤੇ' ਪਿਤਾ ਸ. ਬੱਲੀ ਸਿੰਘ ਗੁਰਾਇਆ ਮਾਤਾ (ਸਵ.)ਗੁਰਮੀਤ ਕੌਰ ਦੇ ਘਰ ਜਿਲਾ ਸਿਰਸਾ ਹਰਿਆਣਾ ਚ' ਜਨਮੇ ਗੁਰਭੇਜ ਸਿੰਘ ਗੁਰਾਇਆ ਨੇ ਮੁੱਢਲੀ ਸਕੂਲੀ ਸਿੱਖਿਆ ਪਿੰਡ ਚ' ਹਾਸਲ ਕਰਨ ਤੋਂ ਬਾਅਦ ਗੈਜੂਏਸ਼ਨ, ਐਲਐਲ .ਬੀ .ਅਤੇ ਐਮ ਏ ਪੰਜਾਬੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੂਰੀ ਕੀਤੀ ।ਗੁਰਭੇਜ ਸਿੰਘ ਗੁਰਾਇਆ ਨੇ ਅਪਣਾ ਵਕਾਲਤ ਦਾ ਸ਼ਫਰ 1990 ਵਿੱਚ ਸਿਰਸਾ (ਹਰਿਆਣਾ) ਦੀ ਜ਼ਿਲ੍ਹਾ ਕਚਹਿਰੀ ਤੋਂ ਸੁਰੂ ਕੀਤਾ ਅਤੇ ਜਿਲਾ ਬਾਰ ਅਸੋਸੀਏਸ਼ਨ ਸਿਰਸਾ ਦੇ ਸਕਤੱਰ ਵੀ ਰਹੇ ।1996 ਵਿੱਚ ਉਨ੍ਹਾਂ ਦੀ ਚੋਣ ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਵਿੱਚ ਬਤੌਰ ਸਰਕਾਰੀ ਵਕੀਲ ਹੋਈ। ਉਹਨਾਂ ਕਈ ਅਹਿਮ ਕੇਸਾਂ ਚ ਸਰਕਾਰ ਦਾ ਪੱਖ ਬਹੁਤ ਹੀ ਨਿਡਰਤਾ ਨਾਲ ਪੇਸ਼ ਕੀਤਾ, ਭਾਵੇ ਉਹ ਅਣਖ ਖਾਤਰ ਕਤਲ ਕੇਸ ਹੋਣ ਜਾਂ ਚੁਰਾਸੀ ਦੰਗਿਆਂ ਦੇ। ਪੰਜਾਬੀ ਅਕਾਦਮੀ ਦੇ ਸਕੱਤਰ ਨਿਯੁਕਤ ਹੋਣ ਤਕ ਉਨ੍ਹਾਂ ਇਸ ਅਹੁਦੇ ਦੀ ਮਾਣ ਮਰਿਆਦਾ ਨੂੰ ਬਰਕਰਾਰ ਰੱਖਦਿਆਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ । ਗੁਰਭੇਜ ਸਿੰਘ ਗੁਰਾਇਆ ਨੂੰ ਸਹਿਤ ਪੜਨ ਅਤੇ ਲਿਖਣ ਦੀ ਚੇਟਕ ਘਰੋਂ ਹੀ ਲੱਗੀ ਹੈ। ਉਨ੍ਹਾਂ ਦੇ



ਦਾਦਾ ਜੀ ਸ.ਤਰਨ ਸਿੰਘ ਵਹਿਮੀ ਨੇ ਅਨੇਕ ਇਤਿਹਾਸਕ ਪੁਸਤਕਾਂ ਪੰਜਾਬੀ ਸਹਿਤ ਦੀ ਝੋਲੀ ਪਾਈਆਂ ਹਨ।

ਅਪਣੇ ਦਾਦਾ ਸ੍ਰ ਤਰਨ ਸਿੰਘ ਵਹਿਮੀ ਦੀਆਂ ਲਿਖਤਾਂ ਅਤੇ ਕਈ ਹੋਰ ਪੁਸਤਕਾਂ ਦੀ ਸੰਪਾਦਨਾਂ ਬੜੀ ਖ਼ੂਬਸੂਰਤੀ ਅਤੇ ਇੱਕ ਪਰਪੱਕ ਸੰਪਾਦਕ ਵਜੋਂ ਕਰਕੇ ਸਹਿਤ ਦੇ ਖੇਤਰ ਵਿੱਚ ਆਪਣਾ ਨਾਮ ਬਣਾਇਆ।

ਕਿਸਾਨੀ ਪਰਿਵਾਰ ਨਾਲ ਸਬੰਧਤ ਗੁਰਭੇਜ ਸਿੰਘ ਗੁਰਾਇਆ ਨੇ ਕਾਨੂੰਨ ਦੀਆਂ ਬਾਰੀਕੀਆਂ ਨਾਲ ਦਸਤਪੰਜਾ ਲੈਂਦਿਆ ਸਹਿਤ ਨਾਲ ਵੀ ਨਿਰੰਤਰ ਨਾਤਾ ਜੋੜੀ ਰੱਖਿਆ ।ਸਮੇਂ ਸਮੇਂ ਤੇ ਉਨ੍ਹਾਂ ਦੇ ਲੇਖ ਮਾਸਿਕ ਰਸਾਲੇ "ਵਰਿਆਮ" ਅਤੇ "ਸਤਿਜੁਗ" ਵਿੱਚ ਛਪਦੇ ਰਹਿੰਦੇ ਹਨ।ਉਹ 1990 ਤੋਂ ਪੰਜਾਬੀ ਸਹਿਤ ਸਭਾ ਸਿਰਸਾ ਦੇ ਮੈਂਬਰ ਚਲੇ ਆ ਰਹੇ ਹਨ। ਉਹਨਾਂ ਦੀਆਂ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਵਜੋ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਵੀ ਜਿਕਰਯੋਗ ਪਰਾਪਤੀਆਂ ਹਨ। ਉਹਨਾਂ ਨੇ ਜਿੱਥੇ ਦਿੱਲੀ ਤੋਂ ਇਲਾਵਾ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਜੰਮੂ ਕਸ਼ਮੀਰ ਅਤੇ ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਦੇ ਸਾਹਿਤਕਾਰਾਂ ਨੂੰ ਅਕਾਦਮੀ ਨਾਲ ਜੋੜਿਆ ਓਥੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ, ਧਾਰਮਿਕ ਅਤੇ ਸੱਭਿਆਚਾਰਿਕ ਖੇਤਰ ਵਿੱਚ ਵੀ ਅਜਿਹੇ ਮੀਲ ਪੱਥਰ ਗੱਡੇ ਜਿੰਨਾਂ ਨੂੰ ਹਮੇਸਾ ਯਾਦ ਰੱਖਿਆ ਜਾਵੇਗਾ।

ਉਹਨਾਂ ਵੱਲੋਂ ਕੀਤੇ ਕਾਰਜਾਂ ਦੀ ਹਰ ਪਾਸੇ ਤੋ ਸਰਾਹਨਾ ਹੋ ਰਹੀ ਹੈ। ਛੋਟੀ ਭੈਣ ਵਲੋਂ ਅੱਜ ਉਹਨਾਂ ਦੇ ਜਨਮ ਦਿਨ ਦੇ ਅਸੀਂ ਉਹਨਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ ਤਾਂ ਕਿ ਉਹ ਬਹੁਤ ਲੰਮਾ ਸਮਾਂ ਦੇਸ਼, ਕੌਮ ਅਤੇ ਧਰਮ ਦੀ ਤਨਦੇਹੀ ਨਾਲ ਸੇਵਾ ਕਰਦੇ ਰਹਿਣ।

ਅਰਵਿੰਦਰ ਕੌਰ ਸੰਧੂ (ਸਿਰਸਾ ਹਰਿਆਣਾ)

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ?

Your Honest and Experienced REALTOR



Buying or Selling a Home?
Work With an Agent You Can Trust!

John Singh Banga
(916) 271-5404
Banga.Realtor@gmail.com
Visit My Website:
www.banga.bhhser.com
7412 Elsie Ave.
Sacramento, CA 95828

BERKSHIRE HATHAWAY HomeServices
FOR OVER 15 YEARS A TOP PRODUCER
REALTOR
EQUAL HOUSING OPPORTUNITY

CALBRE #01397975

PURCHASE OR REFINANCE

Low rates and special California loan programs may be able to help you purchase a new home or lower your rate on your existing home. Call me today to see how affordable it can be.



FIRST TIME BUYER? CALL ME TO GET STARTED ON THE PATH TO HOME OWNERSHIP.

| DOWN PAYMENT ASSISTANCE | FHA | REFINANCE | CONV | & MORE |
|---|---|---|---|---|

AKASH BANGA
Loan Originator - NMLS #1868842
(916) 705-7837 | abanga@rhloans.com

TOP 25 MORTGAGE LENDER IN SACRAMENTO - 2018 REPORT
SACRAMENTO BUSINESS JOURNAL
EQUAL HOUSING LENDER

Residential Home Loans, a division of Cherry Creek Mortgage Company is not endorsed by, nor acting on behalf of, or at the direction of, the U.S. Department of Housing and Urban Development, Federal Housing Administration, the Veterans Administration, the U.S. Department of Agriculture, Fannie Mae, Freddie Mac or the federal government or any state housing agency. This material is informational only. This is not an advertisement to extend credit as defined by Regulation Z, nor an application for credit as defined by RESPA/Regulation X. All applications are subject to underwriting guidelines and approval based upon the credit, assets, value of subject property and borrower's ability to repay. Not all applicants are eligible for or qualify for all loan products offered. All loan programs, terms, and conditions are subject to change without notice. Effective date 8/23/2018. Cherry Creek Mortgage Co., Inc. NMLS #3001 dba Residential Home Loans. Licensed by the Department of Business Oversight under the California Residential Mortgage Lending Act. License #4130289. 5751 Sunrise Blvd., Citrus Heights CA 95610

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ 13 ਜਨਵਰੀ ਨੂੰ ਲੋਹੜੀ ਸਮਾਗਮ




## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.

ਹਰ ਸਾਲ ਦੀ ਤਰਾਂ, ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਲੋਂ ਲੜਕੇ ਅਤੇ ਲੜਕੀਆ ਦੀ ਬਰਾਬਰਤਾ ਨੂੰ ਮੁੱਖ ਰੱਖਦਿਆ ਜਨਵਰੀ 13 ਲੋਹੜੀ ਵਾਲੇ ਦਿਨ ਸਾਲ 2019 ਵਿੱਚ ਜਿਨ੍ਹਾਂ ਲੜਕੇ ਅਤੇ ਲੜਕੀਆਂ ਨੇ ਜਨਮ ਲਿਆ, ਨੂੰ ਗੁਰੂ ਘਰ ਵਲੋਂ ਵਿਸ਼ੇਸ਼ ਸਨਮਾਨਿਤ ਕੀਤਾ ਜਾਵੇਗਾ। ਗੁਰਦੁਆਰਾ ਸਾਹਿਬ ਵਲੋਂ ਇੱਕ ਗਿਫਟ ਪੈਕਟ ਬਣਾ ਕੇ ਦਿੱਤਾ ਜਾਂਦਾ ਹੈ ਜਿਸ ਵਿਚ 5 ਚੀਜਾਂ: ਗੁਟਕਾ, ਕੜਾ, ਰੁਮਾਲਾ, ਮੂੰਗਫਲੀ ਰਿਓੜੀਆ ਦਾ ਬੈਗ ਅਤੇ ਲੋਹੜੀ ਦਾ ਸਰਟੀਫੀਕੇਟ ਪਾਇਆ ਜਾਂਦਾ ਹੈ।

ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਸਾਲ 2019 ਵਿੱਚ ਅਕਾਲ ਪੁਰਖ ਦੀ ਮਿਹਰ ਸਦਕਾ ਜੇ ਤੁਹਾਡੇ ਘਰ ਲੜਕੀ ਜਾਂ ਲੜਕੇ ਨੇ ਜਨਮ ਲਿਆ ਹੈ ਤਾਂ ਤੁਸੀ ਜਨਵਰੀ 13 ਸ਼ਾਮ ਨੂੰ ਬੱਚੇ ਬੱਚੀ ਨੂੰ ਜਰੂਰ ਗੁਰੂ ਘਰ ਲੈਕੇ ਆਓ, ਗੁਰਦੁਆਰਾ ਸਾਹਿਬ ਵਲੋਂ ਸਨਮਾਨਿਤ ਪ੍ਰਾਪਤ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।







